# ਪਰਦੇਸ ਟਾਈਮਜ਼

ਮਾਂ-ਬੋਲੀ ਨੂੰ ਸਮਰਪਿਤ

ਬਲਬੀਰ ਸਿੰਘ ਐਮ.ਏ. ਮੁੱਖ ਸੰਪਾਦਕ

**Pardes Times** Bi-weekly

VOL. 3 No. 62 March 18, 2009 www.pardestimes.com E-mail : info@pardestimes.com Ph : 510-938-7771


# ਕਾਂਗਰਸ 20 ਮਾਰਚ ਨੂੰ ਕਰੇਗੀ ਪੰਜਾਬ ਤੋਂ ਉਮੀਦਵਾਰਾਂ ਦਾ ਐਲਾਨ

ਚੰਡੀਗੜ੍ਹ– ਕਾਂਗਰਸ ਹਾਈਕਮਾਂਡ ਨੇ ਪੰਜਾਬ ਦੇ ਲੀਡਰਾਂ ਦੇ ਸਬਰ ਦਾ ਇਮਤਿਹਾਨ ਲੈਂਦੇ ਹੋਏ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ 20 ਮਾਰਚ ਨੂੰ ਕਰਨ ਦਾ ਫੈਸਲਾ ਕੀਤਾ ਹੈ। ਉਮੀਦਵਾਰਾਂ ਦੀ ਸਿਲੈਕਸ਼ਨ ਸਬੰਧੀ ਸੂਚੀ ਤਿਆਰ ਕਰ ਲਈ ਗਈ ਹੈ ਅਤੇ ਇਸ ਸਬੰਧੀ ਪਾਰਟੀ ਦੇ ਸੀਨੀਅਰ ਆਗੂਆਂ ਦੀ ਸਹਿਮਤੀ ਵੀ ਲਈ ਜਾ ਚੁੱਕੀ ਹੈ। ਹਾਈਕਮਾਂਡ ਦੇ ਉਚ ਪੱਧਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ ਪਤਾ ਲੱਗਿਆ ਹੈ ਕਿ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਪੰਜਾਬ ਦੇ ਪਿਛਲੇ ਕਈ ਦਿਨਾਂ ਤੋਂ ਦਿੱਲੀ ਡੇਰਾ ਜਮਾਈ ਬੈਠੇ ਕਾਂਗਰਸੀ ਲੀਡਰਾਂ ਨੂੰ ਕਿਹਾ ਕਿ ਉਮੀਦਵਾਰਾਂ ਦੀ ਸੂਚੀ 20 ਮਾਰਚ ਨੂੰ ਜਾਰੀ ਕਰ ਦਿੱਤੀ ਜਾਵੇਗੀ ਅਤੇ ਉਹ ਹੁਣ ਜਾ ਕੇ ਆਪਣੇ ਆਪਣੇ ਹਲਕਿਆਂ 'ਚ ਮੋਰਚੇ ਸੰਭਾਲਣ। ਦਿੱਲੀ ਤੋਂ ਪਰਤੇ ਪਾਰਟੀ ਦੇ ਇੱਕ ਸੀਨੀਅਰ ਕਾਂਗਰਸੀ ਆਗੂ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਾਈਕਮਾਂਡ ਵੱਲੋਂ ਉਮੀਦਵਾਰਾਂ ਬਾਰੇ ਪੰਜਾਬ ਤੋਂ ਗਏ ਸਾਰੇ ਨੁਮਾਇੰਦਿਆਂ ਅਤੇ ਸਕ੍ਰੀਨਿੰਗ ਕਮੇਟੀ 'ਚ ਸ਼ਾਮਲ ਮੈਂਬਰਾਂ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ। ਭਾਵੇਂ ਇੱਕ ਦੋ ਸੀਟਾਂ 'ਤੇ ਇੱਕ ਧੜੇ ਦੀ ਵੱਖਰੀ ਰਾਇ ਸੀ ਪ੍ਰੰਤੂ ਫਿਰ ਵੀ ਹਾਈਕਮਾਂਡ ਨੇ ਦੂਜੇ ਧੜੇ ਦਾ ਪੱਲੜਾ ਭਾਰੀ ਹੋਣ ਕਰਕੇ ਅਤੇ ਗਰਾਊਂਡ ਲੈਵਲ ਦੀ ਸਥਿਤੀ ਨੂੰ ਦੇਖਦਿਆਂ ਇਨ੍ਹਾਂ ਸੀਟਾਂ ਲਈ ਮਜ਼ਬੂਤ ਦਾਅਵੇਦਾਰਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਮੀਦਵਾਰਾਂ ਦਾ ਐਲਾਨ 20 ਮਾਰਚ ਨੂੰ ਬਾਅਦ ਦੁਪਹਿਰ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵੱਲੋਂ ਪਾਰਟੀ ਦੇ ਮੁੱਖ ਦਫਤਰ 'ਚ ਕੀਤਾ ਜਾਵੇਗਾ। ਪੰਜਾਬ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਕਿਹਾ ਕਿ ਪੰਜਾਬ ਦੇ ਉਮੀਦਵਾਰਾਂ ਦੀ ਸੂਚੀ ਹਾਈਕਮਾਂਡ ਨੇ ਲਗਭਗ ਤੈਅ ਕਰ ਰੱਖੀ ਅਤੇ ਸਿਰਫ ਆਖ਼ਰੀ ਮੋਹਰ ਲੱਗਣੀ ਬਾਕੀ ਹੈ। ਹਾਈਕਮਾਂਡ ਨੇ ਕਿਹਾ ਹੈ ਕਿ 20 ਮਾਰਚ ਤੱਕ ਪੰਜਾਬ ਦੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ।

## ਰਣਇੰਦਰ ਲਈ ਬਠਿੰਡਾ ਦੀ ਸੀਟ ਦਾ ਰਾਹ ਪੱਧਰਾ, ਜੱਸੀ ਨੂੰ ਮਿਲੇਗੀ ਹਰਿਆਣੇ ਤੋਂ ਰਾਜ ਸਭਾ ਦੀ ਮੈਂਬਰੀ



ਬਠਿੰਡਾ– ਕਾਂਗਰਸ ਹਾਈ ਕਮਾਨ ਨੇ ਆਖਿਰਕਾਰ ਡੇਰਾ ਸੌਦਾ ਦੇ ਵੋਟ ਬੈਂਕ ਨੂੰ ਬਰਕਰਾਰ ਰੱਖਣ ਦੇ ਲਈ ਰਾਜਨੀਤਿਕ ਪੈਂਤੜਾ ਖੇਡਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਤਹਿਤ ਬਠਿੰਡਾ ਸੀਟ ਤੋਂ ਲੋਕ ਸਭਾ ਟਿਕਟ ਦੀ ਦਾਅਵੇਦਾਰੀ ਜਾਹਿਰ ਕਰ ਰਹੇ ਵਿਧਾਇਕ ਹਰਮਿੰਦਰ ਸਿੰਘ ਜੱਸੀ ਨੂੰ ਹੁਣ ਸਾਂਸਦ ਬਣਾਇਆ ਜਾਵੇਗਾ, ਪਰ ਇਸ ਵਿਚ ਰਸਤਾ ਲੋਕ ਸਭਾ ਤੋਂ ਨਾ ਹੋ ਕੇ ਰਾਜ ਸਭਾ ਤੋਂ ਕੱਢਿਆ ਜਾਵੇਗਾ। ਹਰਮਿੰਦਰ ਸਿੰਘ ਜੱਸੀ ਨੂੰ ਹਰਿਆਣਾ ਤੋਂ ਰਾਜ ਸਭਾ ਦਾ ਮੈਂਬਰ ਬਣਾਉਣ ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਨਵੀਂ ਰਣਨੀਤੀ ਦੇ ਤਹਿਤ ਫਿਲਹਾਲ ਬਠਿੰਡਾ ਸੀਟ ਤੋਂ ਵਿਧਾਇਕ ਜੱਸੀ ਦੀ ਦਾਅਵੇਦਾਰੀ ਖਤਮ ਹੋ ਜਾਵੇਗੀ ਅਤੇ ਯੁਵਰਾਜ ਰਣਇੰਦਰ ਸਿੰਘ ਦੇ ਲਈ ਰਾਹ ਖੁੱਲ੍ਹ ਜਾਵੇਗਾ। ਸੂਤਰਾਂ ਨੇ ਖੁਲਾਸਾ ਕੀਤਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਬਠਿੰਡਾ ਸੀਟ ਬਾਰੇ ਪੈਦਾ ਹੋਏ ਵਿਵਾਦ ਦਾ ਹੱਲ ਕੱਢਣ ਦੇ ਲਈ ਹਾਈਕਮਾਨ ਨੇ ਵਿਧਾਇਕ ਹਰਮਿੰਦਰ ਸਿੰਘ ਜੱਸੀ ਨੂੰ ਦਿੱਲੀ ਦਰਬਾਰ ਤਲਬ ਕੀਤਾ ਸੀ। ਇਸ ਵਿਚ ਜੱਸੀ ਦੇ ਕਾਰਨ ਮਾਲਵਾ ਵਿਚ ਡੇਰਾ ਪ੍ਰੇਮੀਆਂ ਦੇ ਸਮਰਥਨ 'ਤੇ ਵੀ ਵਿਚਾਰ ਕੀਤਾ ਗਿਆ।

## ਸੁਖਦੇਵ ਸਿੰਘ ਲਿਬੜਾ ਲਈ ਕਾਂਗਰਸੀ ਟਿਕਟ ਪੱਕੀ !

ਪਟਿਆਲਾ– ਨਵੀਂ ਹੱਦਬੰਦੀ ਵਿਚ ਖਤਮ ਹੋ ਗਈ ਰੋਪੜ ਲੋਕ ਸਭਾ ਸੀਟ ਤੋਂ ਅਕਾਲੀ ਸਾਂਸਦ ਸੁਖਦੇਵ ਸਿੰਘ ਲਿਬੜਾ ਸੋਮਵਾਰ ਨੂੰ ਕਾਂਗਰਸ ਵਿਚ ਸ਼ਾਮਲ ਨਹੀਂ ਹੋ ਸਕੇ। ਕਾਂਗਰਸ ਦੇ ਇਕ ਪ੍ਰਮੁੱਖ ਲੀਡਰ ਨੇ ਆਫ ਦਾ ਰਿਕਾਰਡ ਦੱਸਿਆ ਕਿ ਲਿਬੜਾ ਦਾ ਪਾਰਟੀ ਵਿਚ ਸ਼ਾਮਲ ਹੋਣਾ ਅਤੇ ਉਹਨਾਂ ਨੂੰ ਟਿਕਟ ਮਿਲਣਾ ਤੈਅ ਹੈ। ਕੇਵਲ ਸਮੇਂ ਦਾ ਇੰਤਜ਼ਾਰ ਹੋ ਰਿਹਾ ਹੈ। ਮੈਡਮ ਸੋਨੀਆ ਨੇ ਪਹਿਲਾਂ ਹੀ ਲਿਬੜਾ ਨੂੰ ਟਿਕਟ ਦੇਣ ਦਾ ਭਰੋਸਾ ਦਿੱਤਾ ਹੈ। ਲਿਬੜਾ ਨਵੀਂ ਦਿੱਲੀ ਵਿਚ ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ. ਪੀ. ਅਤੇ ਪ੍ਰਮੁੱਖ ਕਾਂਗਰਸੀ ਲੀਡਰ ਅਸ਼ਵਨੀ ਸੇਖੜੀ ਨਾਲ ਮੁਲਾਕਾਤ ਕਰ ਆਏ ਹਨ। ਰੋਪੜ ਲੋਕ ਸਭਾ ਸੀਟ ਨੂੰ ਖਤਮ ਕਰਕੇ ਨਵੀਂ ਫਤਿਹਗੜ੍ਹ ਸਾਹਿਬ ਸੀਟ ਤੋਂ ਟਿਕਟ ਦੀ ਗਰੰਟੀ ਤੇ ਉਹ ਕਾਂਗਰਸ ਦਾ ਹੱਥ ਪਕੜਨ ਜਾ ਰਹੇ ਹਨ। ਮਹਿੰਦਰ ਸਿੰਘ ਕੇ. ਪੀ. ਨੇ ਵੀ ਇਸਦੀ ਪੁਸ਼ਟੀ ਕੀਤੀ ਲਿਬੜਾ ਦੇ ਕਾਂਗਰਸ ਵਿਚ ਸ਼ਾਮਲ ਹੋਣ ਜਾ ਰਹੇ ਹਨ।


$1500 off
On Any Implant
First 50 patients only
Implant Denture
•Tired of loose, ill fitting dentures?
•Two implants will make the difference of night and a day.
•The same denture will be tight, fit and snug at a very affordable cost
•No denture adhesive ever!!!
•Eating & smiling can be wonderful again.
Free Exam by Implant Specialist
Free Full set of X-rays
Free Whitening Kit
Sleep Dentistry, Advance Smile Makeovers, Implants, Full Braces & Invisalign
Dr. Sambhav Jain, DMD
Dr. Arpana Gupta, DDS, MDS
Dr. Shivani Gupta, DDS
Dr. Heeso Oh, MS, PhD, Orthodontist
Prestige Dental Group
Open 7 Days a Week
Center for Implant Dentistry
510.574.0496
3381 Walnut Ave., Fremont, CA
(Next to Smart and Final)
www.prestigedentalgroup..com

VIDEO CREATIONS
Video & Professional Photography
ਵਿਆਹ, ਗਰੈਜੂਏਸ਼ਨ, ਜਨਮ ਦਿਨ ਜਾਂ ਕਿਸੇ ਵੀ ਖੁਸ਼ੀ ਦੇ ਮੌਕੇ ਲਈ ਫੋਟੋਗ੍ਰਾਫੀ ਕਰਵਾਉਣ ਲਈ ਸੰਪਰਕ ਕਰੋ
Cell- 650-814-1394
Ph. 510-498-8200
WWW.VIDEOCREATIONSONLINE.COM
44846 S. Grimmer, Fremont, CA 94538

American Realty & Business Corp.
Real Estate, Loans & Business Sales
Avtar Singh "Tari"
Realtor/Loan Officer
42820 Albrae Street
Fremont, California 94538
Office : 510-651-7111
Fax : 510-651-7272
www.amrbiz.com
Cell : 510-750-5152
Avtar@amrbiz.com
License No. 01366600

ALL STAR TRAVEL
International & Domestic
Lowest Fares, All Airline,
All Destinations, Friendly Service
Email : amrikdhami@aol.com
CONTACT : AMRIK S. DHAMI
Tel : (707) 552-7955, Cell : (707) 280-6936
Fax : (707) 552-3896, Toll Free : (866) 373-9646
1620 Springs Road, Vallejo, CA 94591

INCOME TAX IS ONLY OUR BUSINESS
YEAR ROUND SERVICE
Liberty Tax Service
20 Year Experience
MANJIT HEER
KAL HEER
( INDIVIDUAL TAXES, BUSINESS TAXES)
( PARTNERSHIP TAXES, CORPORATE TAXES, ESTATE TAXES)
219, Jackson St. (Across DMV), Hayward, CA, 94544
510-885-1040

Sahib Insurance Agency, Inc
Auto, Home, Life, Business & Workman Com. Ins
We Specialize in Commercial Auto (Truck) Insurance
JOGINDER SINGH SRA
Insurance Broker
Office (510) 413-0067, Fax : 510-413-0068
44836 Grimmer Blvd Fremont, CA 94538

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ
44790 S.Grimmer blvd. # 204
Fremont, CA 94538
510-657-6444
ਨਿਊਯਾਰਕ ਦਫਤਰ
37-18-73rd ST, Ste401
Jackson Height, NY 11372
718-533-8444
ਸੈਕਰਾਮੈਂਟੋ ਦਫਤਰ
2945 W.Capitol Ave. West
Sacramento CA 95691
916-372-4448

STAR INVESTMENT REALTY
Commercial/ Business/ Residential/ Sales & Loans
46560 Fremont Blvd # 413
Fremont, CA 94538
License#01784161
Phone : 510-656-8272
Fax : 510-656-6062
Tara Saagar
510-453-5779
Rajinder Singh
(RAJU)
510-938-0677
Now Hiring Real Estate Agents and Loan Officer

A-1 INTERIOR DECORATION INC.
Remodeling Homes
Custom Made Kitchens
New Kitchen Cabinets
Bathrooms
Any Type of Floor: Hardwood/Ceramic Tiles
Hardwood Floor, Remodeling
Bhupinder.S. Padam 510-565-6667
Ph.: 510-732-1555, Fax: 510-732-0555
1244- W. Winton Ave. Hayward, CA 94541

AAA ਲਿਮੋਜ਼ੀਨ ਅਤੇ ਏਅਰਪੋਰਟ ਟਰਾਂਸਪੋਰਟੇਸ਼ਨ
ਹਰ ਪ੍ਰਕਾਰ ਦੀਆਂ ਪਾਰਟੀਆਂ ਲਈ ਲਿਮੋਜ਼ੀਨ ਕਿਰਾਏ 'ਤੇ ਲੈਣ ਲਈ ਸੰਪਰਕ ਕਰੋ
Sadhu Singh Sandhu
CELL: 925-600-9999
(866) 558-0222 info@aaa-trans.com

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
PANNUN THE LAW FIRM
ATTORNEYS & COUNSELLORS
ਇੰਮੀਗ੍ਰੇਸ਼ਨ ਲਾਅ
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
ਡੀਪੋਰਟੇਸ਼ਨ ਪਟੀਸ਼ਨਜ
- ਬੋਨਾਫਾਇਡ ਅਸਾਇਲਮ ਪਟੀਸ਼ਨਜ਼
- ਸਿਟੀਜ਼ਨਸ਼ਿਪ ਅਪੀਲ
CALIFORNIA T 510.796.9000
39300 CIVIC CENTER DR. SUITE 170
FREMONT. CA 94538

**HOUSEHOLD WORKER/CHILD**

CARE,GENERAL HOUSEHOLD WORK,COOK,CLEAN,BUY GROCERIES,LAUNDRY,TAKE CARE OF CHILD. 40 HOURS REQUIRED, 3 MTH EXP. MAIL RESUME TO NARINDER, 1053 NEZPERCE CT, FREMONT, CA 94539.

## ਵਰ ਦੀ ਲੋੜ

ਇਕ ਚੰਗੇ ਪਰਿਵਾਰ ਦੀ 36 ਸਾਲਾ ਮੈਹਰਾ ਕਾਸਟ ਸੰਘਾ ਗੋਤਰ ਦੀ ਲੜਕੀ, ਕੱਦ 5 ਫੁੱਟ 3 ਇੰਚ, ਜੋ ਕਿ ਅਮਰੀਕਾ ਵਿਚ ਪਿਛਲੇ 10 ਕੁ ਸਾਲਾਂ ਤੋਂ ਰਹਿ ਰਹੀ ਹੈ, ਜਿਸ ਲਈ ਗਰੀਨ ਕਾਰਡ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ, ਲੜਕੀ ਕੰਮਕਾਰ ਵਿਚ ਬਹੁਤ ਹੀ ਸੁਸ਼ੀਲ ਹੈ। **ਹੋਰ ਜਾਣਕਾਰੀ ਲਈ ਗੱਲਬਾਤ ਕਰੋ** : 510-676-8752

## ਗੁਰਸਿੱਖ ਲੜਕੀ ਦੀ ਲੋੜ

ਗੁਰਸਿੱਖ ਰਾਮਗੜ੍ਹੀਆ ਲੜਕਾ 26 ਸਾਲ ਕੱਦ 6 ਫੁੱਟ 'ਢਿੱਲੋਂ ਪਰਿਵਾਰ ਚੋਂ' ਐਮ.ਏ. ਮਿਊਜ਼ਿਕ ਗਤਕੇ ਦਾ ਮਾਹਰ ਲਈ ਗੁਰਸਿੱਖ ਲੜਕੀ ਸਿਟੀਜ਼ਨ ਜਾਂ ਗਰੀਨ ਕਾਰਨ ਹੋਲਡਰ ਦੀ ਲੋੜ ਹੈ। ਫੋਨ ਕਰੋ : 209-670-6663

## Store for Sale

Gas Station/Mini Mart 3000SQ 1.5 Acre Land. Good Location/No Competition Near Boise-Idaho-Sate

***Call for More info ; Paul***

**916-412-7490**

**208-398-7761**

# ਸ. ਨਰਿੰਦਰ ਸਿੰਘ ਅਤੇ ਹਰਭਜਨ ਸਿੰਘ ਦੁਸਾਂਝ ਦੇ ਵੱਡੇ ਭੈਣ ਜੀ ਸਵਰਗਵਾਸ



ਫਰੀਮਾਂਟ- ਬੜੇ ਹੀ ਦੁਖੀ ਹਿਰਦੇ ਨਾਲ ਇਹ ਖ਼ਬਰ ਪੜ੍ਹੀ ਜਾਵੇਗੀ ਕਿ ਸ. ਅਮਰ ਸਿੰਘ ਦੁਸਾਂਝ (ਸਵਰਗੀ) ਜੋ ਕਿ ਅਕਾਲੀ ਪੱਤ੍ਰਿਕਾ ਅਖ਼ਬਾਰ ਜਲੰਧਰ ਦੇ ਐਡੀਟਰ ਤੇ ਪੰਜਾਬ ਦੇ ਨਾਮਵਰ ਅਕਾਲੀ ਲੀਡਰ ਸਨ, ਉਹਨਾਂ ਦੀ ਵੱਡੀ ਬੇਟੀ ਬੀਬੀ ਮਨਜੀਤ ਕੌਰ ਢਿੱਲੋਂ ਕੁਝ ਬਿਮਾਰੀ ਮਗਰੋਂ ਸਵਰਗਵਾਸ ਹੋ ਗਏ ਹਨ। ਉਹ ਪੰਜਾਬ ਵਿਚ ਜਲੰਧਰ ਸ਼ਹਿਰ ਵਿਚ ਮੋਤਾ ਸਿੰਘ ਨਗਰ ਵਿਚ ਰਹਿੰਦੇ ਸਨ। ਮੌਤ ਦੇ ਵਕਤ ਸ. ਨਰਿੰਦਰ ਸਿੰਘ ਦੁਸਾਂਝ ਤੇ ਉਹਨਾਂ ਦੀ ਪਤਨੀ ਬੀਬੀ ਬਲਬੀਰ ਕੌਰ ਦੁਸਾਂਝ ਵੀ ਪੰਜਾਬ ਗਏ ਹੋਏ ਸਨ। ਬੀਬੀ ਮਨਜੀਤ ਕੌਰ ਢਿੱਲੋਂਆਪਣੇ ਪਿੱਛੇ ਪਤੀ ਸ. ਸ਼ਿਵਚਰਨ ਸਿੰਘ ਢਿੱਲੋਂ ਤੇ ਸਪੁੱਤਰ ਰਮੀ ਢਿੱਲੋਂ ਤੇ ਸਪੁੱਤਰੀ ਬੀਬੀ ਕਿਰਨ ਢਿੱਲੋਂ ਛੱਡ ਗਏ ਹਨ। ਬੀਬੀ ਮਨਜੀਤ ਕੌਰ ਢਿੱਲੋਂ ਦੇ ਮਾਤਾ ਜੀ ਬੀਬੀ ਗੁਰਚਰਨ ਕੌਰ ਦੁਸਾਂਝ ਇੱਥੇ ਫਰੀਮਾਂਟ ਵਿਚ ਹੀ ਆਪਣੇ ਪੁੱਤਰਾਂ ਕੋਲ ਰਹਿ ਰਹੇ ਹਨ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਹਰਭਜਨ ਸਿੰਘ ਦੁਸਾਂਝ (ਭਰਾ) ਸਾਬਕਾ ਗੁਰੂ ਘਰ ਫਰੀਮਾਂਟ ਖਜਾਨਚੀ ਹੁਰਾਂ ਨੂੰ 510-471-0506 ਜਾਂ ਸੈਲ ਫੋਨ 510-209-9614 ਤੇ ਦੁੱਖ ਦਾ ਪ੍ਰਗਟਾਵਾ ਕਰ ਸਕਦੇ ਹੋ ਤੇ ਛੋਟੇ ਭਰਾ ਸ. ਨਰਿੰਦਰ ਸਿੰਘ ਦੁਸਾਂਝ ਹੋਰਾਂ ਨੂੰ ਉਹਨਾਂ ਦੇ ਸੈਲਫੋਨ 510-791-8763 ਜਾਂ 510-579-9984 ਤੇ ਫੋਨ ਕਰ ਸਕਦੇ ਹੋ। ਪਰਦੇਸ ਟਾਇਮਜ਼ ਵੱਲੋਂ ਦੁੱਖ ਦੀ ਘੜੀ ਵਿਚ ਅਸੀਂ ਉਹਨਾਂ ਦੇ ਨਾਲ ਦੁੱਖ ਦਾ ਇਜ਼ਹਾਰ ਕਰਦੇ ਹਾਂ।

# ਓਬਾਮਾ ਨੇ ਏ. ਆਈ. ਜੀ. ਵਿਰੁੱਧ ਸਖ਼ਤੀ ਦਿਖਾਈ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਐਲਾਨ ਕੀਤਾ ਹੈ ਕਿ ਆਪਣੇ ਕਰਮਚਾਰੀਆਂ ਨੂੰ ਮੰਦੀ ਅਤੇ ਸਰਕਾਰੀ ਮਦਦ ਦੇਣ ਦੀ ਮੰਗ ਕਰਨ ਦੇ ਬਾਵਜੂਦ ਅਮਰੀਕਨ ਇੰਟਰਨੈਸ਼ਨਲ ਕੰਪਨੀ ਬੌਨਸ ਵੰਡ ਰਹੀ ਹੈ, ਜਿਸ ਕਾਰਨ ਸਰਕਾਰੀ ਰਿਆਇਤਾਂ ਅਤੇ ਫੰਡਾਂ ਦੀ ਵਿਵਸਥਾ ਤਹਿਤ ਉਸ ਨੂੰ ਮਿਲ ਰਹੀ ਰਾਸ਼ੀ ਨਹੀਂ ਦਿੱਤੀ ਜਾਵੇਗੀ। ਏ. ਆਈ. ਜੀ. ਗਰੁੱਪ ਅਮਰੀਕਾ ਵਿਚ ਕਠਿਨ ਆਰਥਿਕ ਮੰਦੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਸਰਕਾਰ ਦੁਆਰਾ ਇਸ ਮੁਸ਼ਕਿਲ ਸਮੇਂ ਵਿਚ ਦਿੱਤੀ ਜਾ ਰਹੀ ਵਿੱਤੀ ਮਦਦ ਸਿਰਫ਼ ਉਹਨਾਂ ਕੰਪਨੀਆਂ ਨੂੰ ਹੀ ਦੇਣ ਦਾ ਵਾਅਦਾ ਕੀਤਾ ਗਿਆ ਹੈ, ਜਿਹੜੀਆਂ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਮੰਦੀ ਵਿਚੋਂ ਨਿਕਲਣ ਲਈ ਯਤਨਸ਼ੀਲ ਹਨ।

ਸ੍ਰੀ ਓਬਾਮਾ ਨੇ ਏ. ਆਈ. ਜੀ. ਦੀਆਂ ਸਹੂਲਤਾਂ ਰੋਕਦਿਆਂ ਕਿਹਾ ਕਿ ਕੰਪਨੀ ਵਿੱਤੀ ਦੁਸ਼ਵਾਰੀਆਂ ਵਿਚ ਘਿਰੀ ਹੋਣ ਦਾ ਪ੍ਰਗਟਾਵਾ ਕਰਕੇ ਵੀ ਆਪਣੇ ਕਰਮਚਾਰੀਆਂ ਨੂੰ 165 ਮਿਲੀਅਨ ਡਾਲਰ ਜ਼ਿਆਦਾ ਦੇ ਰਹੀ ਹੈ, ਜਿਸ ਕਰਕੇ ਉਹ ਅਮਰੀਕਨ ਟੈਕਸ ਦੇਣ ਵਾਲਿਆਂ ਦੇ ਧਨ ਨੂੰ ਅਜਿਹੀ ਕੰਪਨੀ ਉੱਤੇ ਨਹੀਂ ਲੁਟਾ ਸਕਦੇ।

ਕੰਪਨੀ ਨੂੰ ਅਮਰੀਕੀ ਸਰਕਾਰ ਤੋਂ ਮਿਲਣ ਵਾਲੀ ਮਦਦ ਵਿਚ 170 ਬਿਲੀਅਨ ਡਾਲਰ ਦੀ ਰਾਸ਼ੀ ਮਿਲਣੀ ਹੈ, ਜਦਕਿ ਕੰਪਨੀ ਨੇ ਬੀਤੇ ਸਾਲ ਦੀ ਚੌਥੀ ਤਿਮਾਹੀ ਵਿਚ ਆਪਣਾ ਘਾਟਾ 61.7 ਬਿਲੀਅਨ ਡਾਲਰ ਦਾ ਗਰਦਾਨਿਆ ਹੈ।

ਇਸ ਦੇ ਮੱਦੇਨਜ਼ਰ ਓਬਾਮਾ ਨੇ ਖਜ਼ਾਨਾ ਸਕੱਤਰ ਟਿਮੋਥੀ ਗੇਥਨਰ ਨੂੰ ਕਹਿ ਦਿੱਤਾ ਹੈ ਕਿ ਉਹ ਬੌਨਸ ਅਤੇ ਹੋਰ ਸਹੂਲਤਾਂ ਦੇਣ ਵਾਲੀਆਂ ਕੰਪਨੀਆਂ ਉੱਤੇ ਫੈਡਰਲ ਸਰਕਾਰ ਦੀ ਮਦਦ ਨਾ ਲੁਟਾਉਣ।

# ਪ੍ਰਸਿਧ ਵਕੀਲ ਜਸਪ੍ਰੀਤ ਸਿੰਘ ਨੇ ਦੋ ਹੋਰ ਵਿਅਕਤੀਆਂ ਨੂੰ ਰਾਜਸੀ ਸ਼ਰਨ ਦਿਵਾਈ

ਕੈਲੀਫੋਰਨੀਆ- ਅਮਰੀਕਾ ਦੇ ਇੰਮੀਗ੍ਰੇਸ਼ਨ ਮਾਮਲਿਆਂ ਦੇ ਪ੍ਰਸਿੱਧ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਦੋ ਹੋਰ ਵਿਅਕਤੀਆਂ ਨੂੰ ਰਾਜਸੀ ਸ਼ਰਨ ਦਿਵਾਈ ਹੈ ਅਤੇ ਇਕ ਵਿਅਕਤੀ ਉਤੇ ਲੱਗੀ ਡੀਪੋਰਟੇਸ਼ਨ ਤੁੜਵਾ ਕੇ ਉਸ ਦੇ ਕੇਸ ਨੂੰ ਮੁੜ ਤੋਂ ਰੀਓਪਨ ਕਰਵਾਇਆ ਹੈ। ਜਿਹੜੇ ਦੋ ਵਿਅਕਤੀਆਂ ਨੂੰ ਰਾਜਸੀ ਸ਼ਰਨ ਦਿਵਾਈ ਗਈ ਹੈ ਉਹਨਾਂ ਦੇ ਨਾਂ ਹਨ ਇੰਦਰਜੀਤ ਕੌਰ ਅਤੇ ਅਮਰਜੀਤ ਸਿੰਘ। ਇੰਦਰਜੀਤ ਨੂੰ ਨਿਊਯਾਰਕ ਵਿਖੇ ਰਾਜਸੀ ਸ਼ਰਨ ਮਿਲੀ ਅਤੇ ਅਮਰਜੀਤ ਸਿੰਘ ਨੂੰ ਵੀ ਕੈਲੀਫੋਰਨੀਆ ਵਿਚ ਰਾਜਸੀ ਸ਼ਰਨ ਮਿਲ ਗਈ। ਸ. ਜਸਪ੍ਰੀਤ ਸਿੰਘ ਹੁਣ ਤੱਕ ਇਕ ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਰਾਜਸੀ ਸ਼ਰਨ ਦਿਵਾ ਚੁੱਕੇ ਹਨ ਅਤੇ ਕਈਆਂ ਦੇ ਬੰਦ ਪਏ ਕੇਸ ਮੁੜ ਖੁੱਲ੍ਹਵਾ ਚੁੱਕੇ ਹਨ। ਜਿਸ ਵਿਅਕਤੀ ਦਾ ਕੇਸ ਮੁੜ ਰੀਓਪਨ ਕਰਵਾਇਆ ਗਿਆ ਹੈ, ਉਸ ਦਾ ਨਾਂ ਰਣਜੀਤ ਸਿੰਘ ਹੈ, ਇਸ ਵਿਅਕਤੀ ਦਾ ਕੇਸ ਅਟਲਾਂਟਾ, ਜੌਰਜੀਆ ਸਟੇਟ ਤੋਂ ਇਮੀਗ੍ਰੇਸਨ ਜੱਜ ਨੇ ਡਿਨਾਈ ਕਰ ਦਿੱਤਾ ਸੀ ਅਤੇ ਅਤੇ ਰਣਜੀਤ ਸਿੰਘ ਨੂੰ ਅਮਰੀਕਾ ਤੋਂ ਡੀਪੋਰਟ ਕਰਨ ਦੇ ਆਦੇਸ਼ ਕਰ ਦਿੱਤੇ ਸਨ।

# ਫਰਿਜ਼ਨੋ ਵਿਖੇ ਸ਼ਾਕਰ ਅਤੇ ਵਾਲੀਵਾਲ ਦੇ ਟੂਰਨਾਮੈਂਟਾਂ ਦੀ ਤਿਆਰੀ ਸ਼ੁਰੂ

ਫਰਿਜ਼ਨੋ- ਸਪੋਰਟਸ ਕਲੱਬ ਫਰਿਜ਼ਨੋ ਵੱਲੋਂ ਫਰਿਜ਼ਨੋ ਵਿਖੇ ਹਰ ਸਾਲ ਦੀ ਤਰ੍ਹਾਂ ਸਾਕਰ ਅਤੇ ਵਾਲੀਵਾਲ ਦਾ ਅਪ੍ਰੈਲ 4 ਅਤੇ 5 ਨੂੰ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿਚ ਤਕਰੀਬਨ 20 ਦੇ ਕਰੀਬ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਟੂਰਨਾਮੈਂਟ ਵਿਚ ਪਹੁੰਚ ਕੇ ਰੌਣਕ ਨੂੰ ਵਧਾਓ।

ਸਾਕਰ ਵਾਸਤੇ ਜਾਣਕਾਰੀ ਲਈ 559-217-1903, ਲਖਵਿੰਦਰ ਸਿੰਘ ਔਲਖ ਨਾਲ ਅਤੇ ਵਾਲੀਵਾਲ ਵਾਸਤੇ 559-930-7572 ਤੇ ਕਰਮਜੀਤ ਸਿੰਘ ਚਾਹਲ ਨਾਲ ਗੱਲਕਰ ਸਕਦੇ ਹੋ।

*We believe in quality and good relations*

**A. Jain** *Jewellers*

Serving to the community since 1905

**22 ਕੈਰਟ ਦੇ ਗਹਿਣੇ ਜਾਂ ਡਾਇਮੰਡ ਦੀ ਜਿਊਲਰੀ ਲੈਣੀ ਹੋਵੇ ਤੁਹਾਨੂੰ ਗਾਰੰਟੀ ਅਤੇ ਤਸਲੀਬਖ਼ਸ਼ ਸੇਵਾ ਮਿਲੇਗੀ।**



ਹੁਣ ਜਦੋਂ ਵੀ ਤੁਸੀਂ ਇੰਡੀਆ ਜਾਵੋ ਤਾਂ ਇਕ ਵਾਰ

**ਏ.ਜੈਨ ਜਿਊਲਰਜ਼**

ਤੇ ਜ਼ਰੂਰ ਪਧਾਰੋ

**Anil Jain**

**Sanjeev Jain** **Amit Jain**

E-MAIL : AJAINEXPORTS@HOTMAIL.COM

**TEL : 01823-220104, 01823-508200**

Railway Road, NAWANSHAHR DOABA-144514 Pb. (INDIA)

ਇੱਕ ਔਰਤ ਦਾ ਦੁੱਖ ਔਰਤ ਹੀ ਸਮਝ ਸਕਦੀ ਹੈ



**ਬੇਗਮ ਫਾਤਿਮਾ ਮਖਤੂਮ ਜੀ**

ਵਸ਼ੀਕਰਨ ਦੀ ਸੁਪਰ ਸਪੈਸ਼ਲਿਸਟ

ਸਾਰੇ ਇਲਮਾਂ ਉਪਰ ਨਹਿਲਾ ਪੇ ਦਹਿਲਾ ਤਿਲਸਮੀ ਰੂਹਾਨੀ ਤਾਕਤਾਂ ਦੀ ਮਾਲਿਕ



ਸਾਵਧਾਨ! ਦੇਸੀ ਵਿਦੇਸ਼ੀ ਤਾਂਤ੍ਰਿਕਾਂ ਤੋਂ ਜੋ ਵਿਗਿਆਨ ਦਾ ਸਹਾਰਾ ਲੈ ਮਟਕੀ ਹਿਲਾ ਅੱਗ ਵਿਖਾ ਤੁਹਾਨੂੰ ਡਰਾ ਕੇ ਮੋਟੀ ਰਕਮ ਦੀ ਮੰਗ ਕਰਦੇ ਹਨ

ਮੈ ਚਮਤਕਾਰ ਕਰਕੇ ਵਿਖਾਵਾਗੀ ਦੁੱਖੀ ਭੈਣਾਂ ਜ਼ਰੂਰ ਫੋਨ ਕਰਨ, ਸਾਡੇ ਕੀਤੇ ਇਲਮ ਦੀ ਕਾਟ ਕੋਈ ਨਹੀਂ

**0091-97798-75877,94653-53453**

ਸਾਡੇ ਕੋਲ ਭੂਤ-ਪ੍ਰੇਤ, ਚੁੜੈਲ, ਬੇਤਾਲ, ਜਿਨ ਹਰ ਵੇਲੇ ਸਾਡੀ ਰੂਹਾਨੀ ਤਾਕਤ ਨਾਲ ਹਰ ਹੁਕਮ ਪੂਰਾ ਕਰ ਦਿੰਦੇ ਹਨ

ਅਦਾਲਤੀ ਝਗੜੇ ਦਾ ਹੱਲ 12 ਘੰਟੇ ਵਿਚ, ਵਸ਼ੀਕਰਨ 24 ਘੰਟੇ ਵਿਚ, ਦੁਸ਼ਮਣ ਨੂੰ ਮਜ਼ਾ ਚੁਖਾਉਣਾ 10 ਘੰਟੇ ਵਿਚ

ਕੀ ਤੁਸੀਂ ਆਪਣੇ ਪ੍ਰੇਮੀ ਪ੍ਰੇਮਿਕਾ, ਪਤੀ ਪਤਨੀ ਨੂੰ ਵੱਸ ਵਿਚ ਕਰਨਾ ਚਾਹੁੰਦੇ ਹੋ ਜਾਂ ਪਿੱਛਾ ਛਡਾਉਣਾ ਚਾਹੁੰਦੇ ਹੋ, ਬੀਮਾਰੀ ਦੌਰਾਨ ਦਵਾਈ ਨਹੀਂ ਲੱਗਦੀ, ਬੀਮੇ ਦਾ ਪੈਸਾ ਫਸਿਆ ਹੈ, ਲਾਟਰੀ ਦਾ ਲੱਕੀ ਨੰਬਰ ਚਾਹੀਦਾ ਹੈ, ਜਾਦੂ-ਟੋਨਾ, ਕਾਰੋਬਾਰ, ਗ੍ਰੀਨ ਕਾਰਡ ਹਾਸਲ ਕਰਨਾ ਆਦਿ ਦੇ ਹੱਲ ਲਈ ਸੰਪਰਕ ਕਰੋ। ਬੱਸ ਨਾਮ ਹੀ ਕਾਫ਼ੀ ਹੈ। ਜੇਕਰ ਸਮੱਸਿਆ ਹੈ ਤਾਂ ਹੱਲ ਵੀ ਹੈ। ਹੱਲ ਸਿਰਫ਼ ਬੇਗਮ ਫਾਤਿਮਾ ਮਖਤੂਮ ਕੋਲ

ਬੇਗਮ ਜੀ ਸਮਰਾਟ ਫ਼ਰੀ ਸੇਵਾ ਲੀਅਰ ਵੈਲੀ, ਕਸ਼ਮੀਰ (ਭਾਰਤ)

ਆਪਕੀ ਹਰ ਪੇਸ਼ਾਨੀ ਕਾ ਹੱਲ ਮੇਰੇ ਕੋਲ



11 ਘੰਟਿਆਂ ਵਿਚ 101% ਵਸ਼ੀਕਰਨ ਅਤੇ ਹਰ ਸਮੱਸਿਆ ਦਾ ਸਮਾਧਾਨ

**ਮੀਆ ਕਮਾਲ ਖਾਨ ਜੀ**

ਇਮੀਗ੍ਰੇਸ਼ਨ,ਸਿਟੀਜਨਸ਼ਿਪ ਦਾ ਹੱਲ (ਬੰਗਾਲੀ ਤਾਂਤਰਿਕ)



ਪਿਆਰ ਵਿਚ ਧੋਖਾ ਖਾ ਚੁੱਕੇ ਪ੍ਰੇਮੀ-ਪ੍ਰੇਮਿਕਾ ਜਰੂਰ ਸੰਪਰਕ ਕਰਨ, ਮੈਂ ਤੁਹਾਡਾ ਪਿਆਰ ਟੁੱਟਣ ਨਹੀਂ ਦੇਵਾਂਗਾ ਇਹ ਮੇਰਾ ਵਾਅਦਾ ਹੈ।

★ ਅਜਮੇਰ ਸ਼ਰੀਫ ਵਾਲੇ ਭਾਰਤ ਦੇ ਪ੍ਰਧਾਨ ਮੰਤਰੀ ਤੋਂ ਗੋਲਡ ਮੈਡਲ ਨਾਲ ਸਨਮਾਨਿਤ

ਸੱਤਾਂ ਇਲਮਾਂ ਦੇ ਬਾਦਸ਼ਾਹ, ਪਹਿਲਾਂ ਸੰਪਰਕ ਕਰੋਗੇ ਤਾਂ ਭਟਕਣ ਤੋਂ ਬਚੋਗੇ

ਨੋਟ ਆਪਕੇ ਦੁਸ਼ਮਣ ਦਾ ਖਾਤਮਾ ਗਰੰਟੀ ਨਾਲ

ਹਰ ਤਰ੍ਹਾਂ ਦਾ ਵਸ਼ੀਕਰਨ ਕਰਨ ਦੇ ਬੇਤਾਜ਼ ਬਾਦਸ਼ਾਹ ਨੂੰ ਤੁਰੰਤ ਫੋਨ ਕਰੋ ਅਤੇ ਸਾਡੀ ਕੋਈ ਫੀਸ ਨਹੀਂ

★ ਵਿਦੇਸ਼ ਵਿਚ ਪੱਕੇ ਹੋਣ ਅਤੇ ਗਰੀਨ ਕਾਰਡ ਹਾਸਿਲ ਕਰਨ ਦੇ ਚਾਹਵਾਨ ਜਰੂਰ ਸੰਪਰਕ ਕਰਨ। ★ਜੇਲ ਵਿੱਚੋ ਰਿਹਾਈ ਗਰੰਟੀ ਨਾਲ

ਫੋਨ ਘੁਮਾਓ ਸਮਾਧਾਨ ਪਾਓ **0091-99889-06076**


ਕੀ ਤੁਸੀਂ ਕਿਸੇ ਨੂੰ ਆਪਣੇ ਵਸ਼ ਵਿਚ ਕਰਨਾ ਚਾਹੁੰਦੇ ਹੋ, ਵਿਆਹ ਸ਼ਾਦੀ, ਪ੍ਰੇਮ ਵਿਆਹ ਕਰਨਾ ਚਾਹੁੰਦੇ ਹੋ, ਕੋਰਟ ਕਚਹਿਰੀ, ਸੌਤਨ ਤੋਂ ਛੁਟਕਾਰਾ, ਕਿਸੇ ਦਾ ਕੀਤਾ ਕਰਾਇਆ, ਬੱਚਿਆਂ ਉਪਰ ਭੂਤ ਪ੍ਰੇਤ ਦਾ ਸਾਇਆ, ਸੰਤਾਨ ਹੀਣਤਾ, ਜਾਦੂ ਟੂਣਾ, ਖੂਨ ਦੇ ਛਿੱਟੇ ਆਉਣਾ, ਰਾਤ ਨੂੰ ਭੈੜੇ-ਭੈੜੇ ਸਪਨੇ ਆਉਣੇ ਆਦਿ ਦੇ ਹੱਲ ਲਈ ਤੁਰੰਤ ਸੰਪਰਕ ਕਰੋ।

ਦੁਖੀ ਭੈਣਾਂ ਧਿਆਨ ਦੇਣ : ਕੀ ਤੁਹਾਡੇ ਪਤੀ ਜਾਂ ਪ੍ਰੇਮੀ ਨੂੰ ਕਿਸੇ ਆਪਣੇ ਵਸ਼ ਵਿਚ ਕੀਤਾ ਹੋਇਆ ਹੈ ਜਾਂ ਔਲਾਦ ਨਹੀਂ ਹੁੰਦੀ, ਫਿਕਰ ਨਾ ਕਰੋ, ਤੁਰੰਤ ਫੋਨ ਕਰੋ, ਹੱਲ ਲਵੋ, ਚਮਤਕਾਰ ਵੇਖੋ ਪਤੀ ਜਾਂ ਪ੍ਰੇਮੀ ਵਾਪਿਸ ਆ ਜਾਵੇਗਾ, ਔਲਾਦ ਦੀ ਦਾਤ 100% ਗਰੰਟੀ ਨਾਲ ਪ੍ਰਾਪਤ ਕਰੋ।

ਅਦਾਲਤੀ ਮਸਲੇ ਵਿੱਚ ਗਵਾਹ ਜਾ ਜੱਜ ਦਾ ਮਨ ਬਦਲਣ ਦੇ ਮਾਹਿਰ ★ਸ਼ਮਕਦਾਰ ਰੋਡ ਜੰਮੂ★

### ਪਾਕਿਸਤਾਨ ਸਰਕਾਰ ਝੁਕੀ

# ਬਰਖਾਸਤ ਮੁੱਖ ਜੱਜ ਬਹਾਲ ਹੋਣਗੇ





ਇਸਲਾਮਾਬਾਦ– ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਸੋਮਵਾਰ ਸਵੇਰੇ ਦੇਸ਼ ਨੂੰ ਸੰਬੋਧਿਤ ਕਰਦਿਆਂ ਬਰਖ਼ਾਸਤ ਮੁੱਖ ਜੱਜ ਇਫਤਿਖ਼ਾਰ ਚੌਧਰੀ ਨੂੰ ਬਹਾਲ ਕਰਨ ਦਾ ਐਲਾਨ ਕੀਤਾ ਹੈ। ਨਾਲ ਹੀ ਉਹਨਾਂ ਨੇ ਬਰਖ਼ਾਸਤ ਸਾਰੇ ਜੱਜਾਂ ਨੂੰ ਵੀ ਬਹਾਲ ਕਰਨ ਦਾ ਐਲਾਨ ਕੀਤਾ ਹੈ।

ਗਿਲਾਨੀ ਨੇ ਕਿਹਾ ਕਿ ਮੌਜੂਦਾ ਮੁੱਖ ਜੱਜ ਅਬਦੁਲ ਹਮੀਦ ਡੋਗਰ 21 ਮਾਰਚ ਨੂੰ ਰਿਟਾਇਰ ਹੋ ਰਹੇ ਹਨ ਅਤੇ ਉਹਨਾਂ ਦੀ ਥਾਂ ਬਰਖ਼ਾਸਤ ਮੁੱਖ ਜੱਜ ਇਫਤਿਖ਼ਾਰ ਚੌਧਰੀ ਸੰਭਾਲ ਲੈਣਗੇ।

ਉਹਨਾਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਵਾਅਦਾ ਕੀਤਾ ਸੀ ਕਿ ਕਿਸੇ ਵੀ ਜੱਜ ਨੂੰ ਉਸਦੇ ਅਹੁਦੇ ਤੋਂ ਨਹੀਂ ਹਟਾਇਆ ਜਾਵੇਗਾ, ਇਸ ਕਾਰਨ ਇਫਤਿਖ਼ਾਰ ਚੌਧਰੀ ਨੂੰ ਬਹਾਲ ਕਰਨ ਵਿਚ ਮੁਸ਼ਕਿਲ ਆ ਰਹੀ ਸੀ।

ਗਿਲਾਨੀ ਦਾ ਕਹਿਣਾ ਸੀ ਕਿ ਹੁਣ ਜਦਕਿ ਮੁੱਖ ਜੱਜ ਅਬਦੁਲ ਹਮੀਦ ਡੋਗਰ ਰਿਟਾਇਰ ਹੋ ਰਹੇ ਹਨ, ਹੁਣ ਵਾਅਦਾ ਪੂਰਾ ਕਰਨ ਦਾ ਸਮਾਂ ਆ ਗਿਆ ਹੈ। ਉਹਨਾਂ ਕਿਹਾ ਕਿ ਇਸ ਸਬੰਧ ਵਿਚ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਰਿਹਾ ਹੈ। ਉਹਨਾਂ ਨੇ ਲਾਂਗ ਮਾਰਚ ਦਰਮਿਆਨ ਗ੍ਰਿਫ਼ਤਾਰ ਲੋਕਾਂ ਨੂੰ ਵੀ ਰਿਹਾਅ ਕਰਨ ਦਾ ਐਲਾਨ ਕੀਤਾ। ਪਾਕਿਸਤਾਨ ਦੀ ਸਰਕਾਰ ਨੂੰ ਉਸ ਵਕਤ ਹੱਥਾਂ ਪੈਰਾਂ ਦੀ ਪੈਰ ਗਈ ਜਦੋਂ ਨਵਾਜ਼ ਸ਼ਰੀਫ ਦੀ ਨਜ਼ਰਬੰਦੀ ਦੀ ਖ਼ਬਰ ਫੈਲਦੇ ਹੀ ਉਹਨਾਂ ਦੇ ਸਮਰਥਕ ਸੜਕਾਂ ਉੱਤੇ ਉਤਾਰ ਆਏ, ਪਾਕਿਸਤਾਨ ਵਿਚ ਵਿਆਪਕ ਸਾੜ ਫੂਕ ਸ਼ੁਰੂ ਹੋ ਗਈ ਅਤੇ ਲਾਹੌਰ ਸਮੇਤ ਮੁਲਕ ਦੇ ਸਾਰੇ ਸੂਬਿਆਂ ਵਿਚ ਸੜਕਾਂ ਸੀਲ ਕਰ ਦਿੱਤੀਆਂ ਗਈਆਂ। ਅੱਜ ਮੁਲਕ ਦੇ ਕਈ ਹਿੱਸਿਆਂ ਤੋਂ ਲੋਕੀ ਇਸਲਾਮਾਬਾਦ ਪਹੁੰਚ ਰਹੇ ਹਨ ਅਤੇ ਅੱਜ ਸੰਸਦ ਭਵਨ ਦੇ ਬਾਹਰ ਧਰਨਾ ਦਿੱਤਾ ਜਾਵੇਗਾ। ਇਸ ਫੈਸਲਾ ਤੋਂ ਬਾਅਦ ਸਰਕਾਰ ਇੰਨੇ ਜ਼ਿਆਦਾ ਦਬਾਅ ਵਿਚ ਹੈ ਕਿ ਇਕ ਵਾਰ ਤਾਂ ਪਾਕਿਸਤਾਨ ਵਿਚ ਤਖਤਾ ਪਲਟ ਦੇ ਆਸਾਰ ਵੀ ਨਜ਼ਰ ਆਉਣ ਲੱਗ ਪਏ ਹਨ। ਦੂਜੇ ਪਾਸੇ ਰਾਸ਼ਟਰਪਤੀ ਜ਼ਰਦਾਰੀ ਹਾਲੇ ਵੀ ਰੂਪੋਸ਼ ਹਨ ਅਤੇ ਜਨਤਕ ਰੋਹ ਦਾ ਸਾਹਮਣਾ ਕਰਨ ਲਈ ਮੂਹਰੇ ਨਹੀਂ ਆ ਰਹੇ ਹਨ। ਨਵਾਜ਼ ਸ਼ਰੀਫ ਨੇ ਕੱਲ੍ਹ ਸ਼ਾਮੀ ਲਾਹੌਰ ਤੋਂ ਨਿਕਲਦਿਆਂ ਕਿਹਾ ਕਿ ਇਸਲਾਮਾਬਾਦ ਸਾਡਾ ਟੀਚਾ ਹੈ ਅਤੇ ਅਸੀਂ ਇਸਲਾਮਾਬਾਦ ਲਈ ਨਿਕਲ ਪਏ ਹਾਂ। ਉਹਨਾਂ ਕਿਹਾ ਕਿ ਹੈਰਾਨੀਜਨਕ ਤਰੀਕੇ ਨਾਲ ਸਾਨੂੰ ਪਾਕਿਸਤਾਨੀ ਅਵਾਮ ਦਾ ਸਮਰਥਨ ਮਿਲਿਆ ਹੈ ਅਤੇ ਪਾਕਿਸਤਾਨ ਦੇ ਇਤਿਹਾਸ ਵਿਚ ਇਹ ਸੁਨਹਿਰੀ ਯੁੱਗ ਹੈ। ਲਾਹੌਰ ਵਿਚ ਕੱਲ੍ਹ ਸ਼ਾਮੀ ਨਿਕਲਦਿਆਂ ਉਹਨਾਂ ਦੇ ਸਮਰਥਕਾਂ ਅਤੇ ਸੁਰੱਖਿਆ ਜਵਾਨਾਂ ਵਿਚਕਾਰ ਝੜੱਪਾਂ ਹੋਈਆਂ। ਪੁਲਿਸ ਨੇ ਉਗਰ ਭੀੜ ਉੱਤੇ ਅੱਥਰੂ ਗੈਸ ਦੇ ਗੋਲੇ ਦਾਗੇ ਅਤੇ ਲੋਕਾਂ ਉੱਤੇ ਰੱਜ ਕੇ ਲਾਠੀ ਚਾਰਜ ਕੀਤਾ, ਪਰ ਭੀੜਾਂ ਵਧਦੀਆਂ ਚਲੀਆਂ ਗਈਆਂ। ਦੂਜੇ ਪਾਸੇ ਰਾਜਧਾਨੀ ਇਸਲਾਮਾਬਾਦ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਇੱਥੇ ਆਉਣ ਵਾਲੇ ਹਰੇਕ ਵਿਅਕਤੀ ਉੱਤੇ ਨਜ਼ਰ ਰੱਖੀ ਜਾ ਰਹੀ ਹੈ। ਰਾਜਧਾਨੀ ਵਿਚ ਵੱਡੀ ਗਿਣਤੀ 'ਚ ਸੁਰੱਖਿਆ ਜਵਾਨ ਤਾਇਨਾਤ ਕੀਤੇ ਗਏ ਹਨ।

## ਨਾਸਾ ਨੇ ਸਪੇਸ ਸ਼ਟਲ ਲਾਂਚ ਕੀਤਾ



ਵਾਸ਼ਿੰਗਟਨ– ਨਾਸਾ ਨੇ ਸਪੇਸ ਸ਼ਟਲ ਡਿਸਕਵਰੀ ਫਲੋਰੀਡਾ ਤੋਂ 13 ਦਿਨ ਦੀ ਮੁਹਿੰਮ ਦੇ ਲਈ ਦਾਗ ਦਿੱਤਾ ਹੈ। ਇਸ ਮੁਹਿੰਮ ਦਲ ਦੇ ਲੋਕ ਪੁਲਾੜ ਕੇਂਦਰ ਵਿਚ ਸੌਰ ਊਰਜਾ ਦਾ ਚੌਥਾ ਅਤੇ ਆਖਰੀ ਸੈਟ ਸਥਾਪਤ ਕਰਨਗੇ। ਇਸ ਤੋਂ ਪੁਲਾੜ ਕੇਂਦਰ ਨੂੰ ਬਿਜਲੀ ਮਿਲ ਸਕੇਗੀ, ਜਿਸ ਤੋਂ ਛੇ ਯਾਤਰੀ ਪੁਲਾੜ ਕੇਂਦਰ ਵਿਚ ਰਹਿ ਸਕਣਗੇ। ਨਾਲ ਹੀ ਅੰਤ ਰਾਸ਼ਟਰੀ ਪੁਲਾੜ ਕੇਂਦਰ ਨਾਲ ਜੁੜੀ ਵਿਗਿਆਨਕ ਪ੍ਰਯੋਗਸ਼ਾਲਾ ਨੂੰ ਵੀ ਬਿਜਲੀ ਮਿਲ ਸਕੇਗੀ। ਅੰਤਰ ਰਾਸ਼ਟਰੀ ਪੁਲਾੜ ਕੇਂਦਰ ਦੇ ਸਹਿਯੋਗੀ ਦੇਸ਼ ਇਸ ਕੇਂਦਰ ਵਿਚ ਰਹਿਣ ਵਾਲੇ ਯਾਤਰੀਆਂ ਦੀ ਗਿਣਤੀ ਦੁੱਗਣੀ ਕਰਨਾ ਚਾਹੁੰਦੇ ਹਨ।

## ਜ਼ਿਆਦਾ ਸ਼ਰਾਬ, ਯਾਨਿ ਕੈਂਸਰ ਨੂੰ ਸੱਦਾ

ਵਿਕਟੋਰੀਆ– ਜਿਹੜੇ ਲੋਕੀ ਹਰੇਕ ਹਫਤੇ 14 ਤੋਂ ਜ਼ਿਆਦਾ ਸ਼ਰਾਬ ਦੇ ਪੈਕ ਪ੍ਰਤੀ ਹਫਤੇ ਚਾੜ੍ਹਦੇ ਹਨ, ਉਹਨਾਂ ਨੂੰ ਪ੍ਰੋਟੈਸਟੈਟ ਕੈਂਸਰ ਹੋਣ ਦਾ ਖ਼ਤਰਾ 20 ਫੀਸਦੀ ਵੱਧ ਜਾਂਦਾ ਹੈ। ਹਾਲ ਹੀ ਵਿਚ ਯੂਨੀਵਰਸਿਟੀ ਆਫ ਵਿਕਟੋਰੀਆ ਦੇ ਖੋਜਕਾਰਾਂ ਨੇ ਇਕ ਕੌਮਾਂਤਰੀ ਪੱਧਰ ਦੇ ਸਰਵੇਖਣ ਤੋਂ ਮਿਲੇ ਨਤੀਜਿਆਂ ਵਿਚ ਇਹ ਗੱਲ ਦਾ ਖੁਲਾਸਾ ਕੀਤਾ ਗਿਆ ਹੈ।

ਮਾਹਿਰਾਂ ਮੁਤਾਬਕ ਇਸ ਗੱਲ ਦੇ ਪ੍ਰਤੱਖ ਸਬੂਤ ਹਨ ਕਿ ਸ਼ਰਾਬ ਪ੍ਰੋਟੈਸਟੈਟ ਕੈਂਸਰ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਹੁੰਦੀ ਹੈ।

ਯੂਨੀਵਰਸਿਟੀ ਆਫ ਵਿਕਟੋਰੀਆ ਦੇ ਡਾਇਰੈਕਟਰ ਟਿਮ ਸਟਾਕਵੈਲ ਨੇ ਦੱਸਿਆ ਕਿ ਸਾਡੇ ਤੋਂ ਇਲਾਵਾ ਬੀ. ਸੀ. ਦੇ ਖੋਜਕਾਰਾਂ ਨੇ ਵੀ ਇਸ ਮਾਮਲੇ ਉੱਤੇ ਪੜਤਾਲ ਕੀਤੀ ਹੈ, ਜਿਨ੍ਹਾਂ ਨੇ ਇਸ ਅੰਕੜੇ ਦੇ ਸ਼ੰਕੇ ਨੂੰ ਹੋਰ ਵੀ ਵਧਾ ਕੇ ਦੱਸਿਆ ਹੈ।

ਸਟਾਕਵੈਲ ਨੇ ਦੱਸਿਆ ਕਿ ਉਹਨਾਂ ਦੇ ਸਹਿ–ਕਰਮਚਾਰੀਆਂ ਨੇ ਅਧਿਐਨ ਦਰਮਿਆਨ ਇਹ ਨਤੀਜਾ ਕੱਢਿਆ ਹੈ ਕਿ ਸ਼ਰਾਬ ਪੀਣ ਨਾਲ ਅਤੇ ਇਸ ਦੀ ਜ਼ਿਆਦਾ ਮਾਤਰਾ ਨਾਲ ਪੇਟ ਦੇ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ।

FREE READING SAT SAHIB FREE READING

ਸ੍ਰੀਂ

OBSTACLES ! HURDLES !!
MAY BE IN FAMILY, BUSINESS OR MARRIAGE
FOR PEACE AND PROGRESS

ਦੁਪਹਿਰ 12 ਵਜੇ ਤੋਂ ਸ਼ਾਮੀ 8 ਵਜੇ ਤੱਕ

ਜੋਤਿਸ਼ ਸਮਰਾਟ ਭਵਿੱਖ ਦਰਸ਼ਨ

HOROSCOPE PREPARATION & FREE READING ANY TIME

ਪੰਡਤ ਬਾਬਿਆਂ ਤੋਂ ਕੰਮ ਕਿਉਂ ਨਹੀਂ ਹੋਇਆ। ਤੁਹਾਡੇ ਤੋਂ ਦਿੱਤਾ ਉਪਾਏ ਕਿੰਨਾ ਸਹੀ, ਕਿੰਨਾ ਗਲਤ ਸਾਡੇ ਤੋਂ ਪੁੱਛੋ। ਕੋਈ ਵੀ ਆਪਣੀ ਸਮੱਸਿਆ ਜਿਵੇਂ ਨੌਕਰੀ, ਕਾਰੋਬਾਰ, ਘਰ-ਕਲੇਸ਼, ਕਿਸੇ ਨਾਲ ਦੁਸ਼ਮਣੀ, ਪਿਆਰ 'ਚ ਧੋਖਾ, ਸ਼ਾਦੀ 'ਚ ਰੁਕਾਵਟ, ਪਤੀ-ਪਤਨੀ 'ਚ ਅਣਬਣ, ਸੰਤਾਨ ਤੋਂ ਪ੍ਰੇਸ਼ਾਨ, ਪੜ੍ਹਾਈ ਵਿਚ ਦਿਲ ਨਾ ਲੱਗਣਾ, ਕੋਰਟ ਕੇਸ, ਸ਼ਰੀਰਕ ਕਸ਼ਟ ਆਦਿ ਤੋਂ ਛੁਟਕਾਰਾ, ਸਾਰੀਆਂ ਸਮੱਸਿਆਵਾਂ ਦਾ ਹੱਲ ਸਾਡੇ ਕੋਲ ਹੈ। ਕਿਉਂਕਿ ਅਸੀਂ ਕਹਿੰਦੇ ਨਹੀਂ ਕਰਕੇ ਦਿਖਾਉਂਦੇ ਹਾਂ।

Call: Master Bir Ji
(732) 667-7797
Some Restrictions apply
E-mail : Rana1957@yahoo.com



Former Samorga Bob's Buffet Bldg.
India Garden®
RESTAURANT & BANQUET
910 Lincoln Rd. East, Vallejo, CA 94591
For more Info Call: Pradeep @ 510.325.8433
www.indiachaatandsweets.com
For Indoor & Outdoor Weddings and Family occasions.
Banquet Gathering upto 500 Guests

- RECEPTION, WEDDINGS, BIRTHDAYS, BABY SHOWERS
- CORPORATE MEETINGS
- QUINCEANERA OR SWEET 16 PARTIES
- PERSONALIZE & DECORATE TO YOUR OWN TASTE
- GUARANTEED BEST PRICE & SERVICE IN TOWN



Ph: 707.645.1700



India Chaat & Sweets® Fine Indian Cuisine
824 University Ave. Berkeley CA 94710
www.indiachaatandsweets.com
Wed-Mon ~ 11:30-9:30 • Fri-Sat ~ 11:30-10:00
Ph: 510.704.1200

Oakland Location
India Sweets & Catering®
Ph: 510.444.7252
Catering for all occasions upto 10,000 guests

# ਮੇਰੀ ਪੰਜਾਬ ਫੇਰੀ

ਮੈਂ ਹੁਣੇ ਹੁਣੇ ਪੰਜਾਬ ਦੀ ਭਾਗਾਂ ਭਰੀ ਧਰਤੀ ਦੀ ਛੋਹ ਪ੍ਰਾਪਤ ਕਰਕੇ ਆਇਆ ਹਾਂ। ਗੈਰ ਹਾਜ਼ਰੀ ਲਈ ਆਪਣੇ ਪਾਠਕਾਂ ਤੋਂ ਮੁਆਫ਼ੀ ਮੰਗਦਾ ਹਾਂ ਅਤੇ ਜਿਨ੍ਹਾਂ ਨੇ ਮੇਰੇ ਪੰਜਾਬ ਬੈਠੇ ਨਾਲ ਵੀ ਰਾਬਤਾ ਕਾਇਮ ਰੱਖਿਆ, ਉਹਨਾਂ ਦਾ ਬਹੁਤ ਬਹੁਤ ਧੰਨਵਾਦ। ਪੰਜਾਬ ਵਿਚ ਮੈਂ ਤਕਰੀਬਨ 22 ਕੁ ਮਹਾਨ ਹਸਤੀਆਂ ਦੀਆਂ ਇੰਟਰਵਿਊ ਕੀਤੀਆਂ, ਜਿਨ੍ਹਾਂ ਨੇ ਪੰਜਾਬੀ ਮਾਂ ਬੋਲੀ ਲਈ ਆਪਣੀ ਸਾਰੀ ਜ਼ਿੰਦਗੀ ਨੂੰ ਦਾਅ 'ਤੇ ਲਾਈ ਰੱਖਿਆ। ਕਈ ਤਾਂ ਬੜੀ ਮਾਣ ਮੱਤੀ ਜ਼ਿੰਦਗੀ ਬਤੀਤ ਕਰ ਰਹੇ ਹਨ ਅਤੇ ਕਈਆਂ ਨੂੰ ਸ਼ਾਮ ਦੀ ਰੋਟੀ ਦਾ ਵੀ ਫਿਕਰ ਹੁੰਦਾ ਹੈ, ਪਤਾ ਨਹੀਂ ਨਸੀਬ ਹੋਣੀ ਹੈ ਕਿ ਨਹੀਂ। ਜਿਨ੍ਹਾਂ ਨੂੰ ਚੜ੍ਹਾਈ ਦੇ ਦਿਨਾਂ ਵਿਚ ਸਲਾਮਾਂ ਹੁੰਦੀਆਂ ਸਨ, ਇਸ ਵੇਲੇ ਕੱਖੋਂ ਹੌਲੇ ਹੋਏ ਪਏ ਹਨ। ਬਹੁਤੇ ਤਾਂ ਸੰਸਾਰੀ ਜ਼ਿੰਦਗੀ ਮਾਣ ਕੇ ਅਖੀਰਲੀ ਗੱਡੀ ਦੀ ਇੰਤਜ਼ਾਰ ਵਿਚ ਹਨ। ਮੇਰੀ ਦੁਆ ਹੈ ਪਰਮਾਤਮਾ ਇਹਨਾਂ ਨੂੰ ਲੰਮੀ ਜ਼ਿੰਦਗੀ, ਸੁਖ ਅਤੇ ਸਕੂਨ ਬਖਸ਼ੇ। ਮੇਰੀ ਆਖਰੀ ਮੁਲਾਕਾਤ ਬਾਪੂ 'ਪਾਰਸ' ਕਰਨੈਲ ਸਿਉਂ ਕਵੀਸ਼ਰ ਨਾਲ ਫਰਵਰੀ 25 ਨੂੰ ਹੋਈ। ਕੋਈ ਬਹੁਤੀ ਲੰਬੀ ਚੌੜੀ ਗੱਲ ਨਾ ਹੋ ਸਕੀ। ਤਬੀਅਤ ਠੀਕ ਨਾ ਹੋਣ ਕਰਕੇ ਮੋਗਾ ਡਾਕਟਰ ਦੇ ਲੈ ਕੇ ਚੱਲੇ ਸਨ। ਫਿਰ ਮਿਲਣ ਦਾ ਵਾਅਦਾ ਕਰਕੇ ਮੈਂ ਵਾਪਸ ਆ ਗਿਆ। ਇਕ ਮਾਰਚ ਨੂੰ ਉਹ ਚਲੇ ਗਏ "ਵਾਂਗੂੰ ਇੱਲ ਭੁੱਖੀ ਦੇ ਲੈਂਦੀ ਫਿਰਦੀ ਮੌਤ ਕਲਾਵੇ

ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ।



ਜਗਤਾਰ ਗਿੱਲ ਫਰੀਮਾਂਟ
408-857-4455

ਪੰਜਾਬ ਨੂੰ ਮੈਂ ਬਹੁਤ ਨਜ਼ਦੀਕੋਂ ਆਪਣੇ ਨਜ਼ਰੀਏ ਨਾਲ ਵੇਖਿਆ ਹੈ। ਪੰਜਾਬ ਦੀ ਜਵਾਨੀ ਨੂੰ ਨਸ਼ੇ ਖਾ ਰਹੇ ਹਨ ਤੇ ਭੋਲੀ ਭਾਲੀ ਜਨਤਾ ਨੂੰ ਅਖੌਤੀ ਸਾਧ ਲੁੱਟੀਂ ਖਾਈ ਜਾ ਰਹੇ ਹਨ। ਇਸ ਦਾ ਜ਼ਿਕਰ ਮੈਂ ਅਗਲੇ ਦੋ ਲੇਖਾਂ ਵਿਚ ਕਰਕੇ ਫਿਰ ਆਪਣੀ ਲਾਈਨ 'ਗਾਇਕੀ' ਵੱਲ ਆਵਾਂਗਾ। ਆਪਣੇ ਪਾਠਕਾਂ ਨਾਲ ਵਾਅਦਾ ਕਰ ਰਿਹਾ ਹਾਂ ਕਿ ਮੈਂ ਬਹੁਤ ਖੋਜ ਕੀਤੀ ਹੈ ਤੇ ਹੈਰਾਨੀਜਨਕ ਲੇਖ ਤੁਹਾਡੇ ਲਈ ਹਾਜ਼ਰ ਕਰਾਂਗੇ। ਇਹਨਾਂ ਲੇਖਕਾਂ ਤੇ ਗਾਇਕਾਂ ਨੇ ਮੇਰੇ ਲਈ ਇਕ ਪ੍ਰੋਗਰਾਮ ਰੱਖਿਆ, ਜੋ ਚਾਰ ਘੰਟੇ ਦੇ ਕਰੀਬ ਗਾਇਕੀ ਦੀ ਆਪਣੀ ਆਪ 'ਚ ਮਿਸਾਲ ਬਣ ਗਿਆ। ਤਕਰੀਬਨ ਚੋਟੀ ਦੇ ਬਾਰਾਂ ਤੇਰਾ ਗਾਇਕਾਂ ਨੇ ਰੰਗ ਬੰਨ੍ਹੀ ਰੱਖਿਆ। ਅਖੀਰ ਵਿਚ ਇੰਦਰਜੀਤ ਹਸਨਪੁਰੀ, ਦੇਵ ਥਰੀਕੇ ਵਾਲਾ ਤੇ ਜਗਦੇਵ ਜੱਸੋਵਾਲ ਨੇ ਮੈਨੂੰ ਸਨਮਾਨ ਚਿੰਨ੍ਹ ਦੇ ਕੇ ਮਾਣ ਦਿੱਤਾ। ਇਹ ਯਾਦਾਂ ਤੇ ਫੋਟੋ ਮੈਂ ਆਪ ਨਾਲ ਸਾਂਝੇ ਕਰਦਾ ਰਹਾਂਗਾ। ਜਿਨ੍ਹਾਂ ਨੂੰ ਵੇਖਣ ਲਈ ਕਦੇ ਮੈਂ ਤਰਸਦਾ ਹੁੰਦਾ ਸੀ, ਅੱਜ ਉਹਨਾਂ ਦੀਆਂ ਇੰਟਰਵਿਊਆਂ ਕੀਤੀਆਂ, ਨਾਲ ਫੋਟੋ ਖਿਚਾਏ ਤੇ ਉਹਨਾਂ ਤੋਂ ਸਨਮਾਨ ਹਾਸਲ ਕੀਤੇ। ਦੂਰਦਰਸ਼ਨ ਵਾਲਿਆਂ ਨੇ ਮੇਰੀ 33 ਮਿੰਟ ਦੀ ਇੰਟਰਵਿਊ ਕੀਤੀ ਜੋ ਮਾਰਚ ਵਿਚ ਵਿਖਾਈ ਜਾਵੇਗੀ। ਇਹ ਸਾਰਾ ਕੁਝ ਪਰਮਾਤਮਾ ਦੀ ਮਿਹਰ, 'ਪਰਦੇਸ ਟਾਇਮਜ਼' ਅਤੇ ਪਾਠਕਾਂ ਦੇ ਆਸ਼ੀਰਵਾਦ ਸਦਕਾ ਹੈ। ਨਹੀਂ ਮੇਰੇ ਵਰਗੇ ਕਲਮ ਘਸਾਈ ਕਰਨ ਵਾਲੇ ਬਹੁਤ ਫਿਰਦੇ ਹਨ।


ਪੰਜਾਬ ਦੀ ਮਸ਼ਹੂਰ ਨਾਮਵਰ ਗਾਇਕਾ

**ਸੁਖਵੰਤ ਕੌਰ ਸੁੱਖੀ**

ਜੋ ਕਿ ਪਿਛਲੇ ਕਾਫੀ ਲੰਮੇ ਅਰਸੇ ਤੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੋ ਕੇ ਇੰਡੀਆ ਤੋਂ ਇਲਾਵਾ ਅਨੇਕਾਂ ਦੇਸ਼ਾਂ ਦਾ ਟੂਰ ਲਾ ਕੇ ਆਪਣੀ ਗਾਇਕੀ ਦਾ ਦੁਨੀਆ ਭਰ ਵਿਚ ਨਾਮ ਰੌਸ਼ਨ ਕਰ ਚੁੱਕੀ ਹੈ ਤੇ ਅੱਜਕਲ੍ਹ ਬੇ-ਏਰੀਆ ਕੈਲੇਫੋਰਨੀਆ 'ਚ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਤੇ ਰਿਲੀਜ਼ ਹੋਈ ਧਾਰਮਿਕ ਕੈਸਿਟ "ਕੰਡਿਆਂ ਤੇ ਸੌਣ ਵਾਲਿਆ" ਆਡੀਓ ਸੀ. ਡੀ. ਨਜ਼ਦੀਕੀ ਇੰਡੀਅਨ ਸਟੋਰਾਂ ਤੋਂ ਲਵੋ ਜਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।

**408-500-7483 or**
**408-807-4433**



"ਧੰਨਵਾਦ ਹੈ ਉਨ੍ਹਾਂ ਰੱਬ ਵਰਗੇ ਸਰੋਤਿਆਂ ਦਾ ਜਿਹਨਾਂ ਨੇ ਵਾਹਿਗੁਰੂ ਦੀ ਬਖਸ਼ੀ ਹੋਈ ਗਾਇਕੀ ਦੀ ਦਾਤ ਨੂੰ ਹਮੇਸ਼ਾ ਸਨਮਾਨਿਆ ਤੇ ਮੈਨੂੰ ਸਦਾ ਮਾਣ ਬਖ਼ਸ਼ਿਆ।
"ਸੁਖਵੰਤ ਸੁੱਖੀ"

ਕਿਸੇ ਵੀ ਧਾਰਮਿਕ, ਵਿਆਹ ਸ਼ਾਦੀ, ਬਰਥ-ਡੇ, ਜਾਗਰਣ ਤੇ ਸਟੇਜ ਪ੍ਰੋਗਰਾਮ ਅਤੇ ਜਲਦ ਹੀ ਨਵੀਂ ਐਲਬਮ ਦੀ ਸ਼ੂਟਿੰਗ ਲਈ ਗੀਤਕਾਰਾਂ ਤੇ ਮਾਡਲ ਲੜਕੇ ਲੜਕੀਆਂ ਦੀ ਜ਼ਰੂਰਤ ਹੈ। ਗੀਤਾਂ ਦੀ ਰਿਕਾਰਡਿੰਗ ਤੇ ਪ੍ਰੋਗਰਾਮ ਬੁੱਕ ਕਰਵਾਉਣ ਲਈ ਸੰਪਰਕ ਕਰੋ।

**Contace@: Loveinder Records SKS Entertainment**
**408-500-7483 or 408-807-4433**



**WALIA TAX SERVICES**

(CTEC registered and Bonded)



ਗੈਰੀ ਵਾਲੀਆ



- Individual Tax Return
- Partnership Tax Returns
- Corporation Tax Return

*Book-Keeping, Accounting & Pay Rolls (Computerized)*
*Out of State And Amend Previous Returns*
*For All Your Tax Business Accounting Services*

**Call Us Today GARY WALIA 510-432-3888**

**331 Gresel St., Hayward CA 94544**

Email : garywalia101@yahoo.com Fax : 510-675-0156


# ਫਾਟਕ ਕੋਟਕਪੂਰੇ ਦਾ

16 ਫਰਵਰੀ 2009 ਨੂੰ ਦੂਰਦਰਸ਼ਨ ਵਾਲਿਆਂ ਨੇ ਮੈਨੂੰ ਇੰਟਰਵਿਊ ਲਈ ਮੁਕਤਸਰ ਬੁਲਾਇਆ। ਮੈਂ ਸਮੇਤ ਪਰਿਵਾਰ ਮੁਕਤਸਰ ਜਾ ਕੇ ਗੁਰੂਆਂ ਦੀ ਧਰਤੀ ਦੇ ਦਰਸ਼ਨ ਕੀਤੇ ਤੇ ਅਸ਼ੀਰਵਾਦ ਲਿਆ। ਬਤਰਾ ਸਟੂਡੀਓ ਵਿਚ ਸ਼ਾਮ ਤਿੰਨ ਵਜੇ ਇੰਟਰਵਿਊ ਸੀ। ਵਾਪਸੀ ਸਮੇਂ ਇਕ ਅਜੀਬ ਘਟਨਾ ਵਾਪਰੀ ਜੋ ਮੈਂ ਆਪਣੇ ਪਾਠਕਾਂ ਨਾਲ ਸਾਂਝੀ ਕਰਾਂਗਾ। ਮੁਕਤਸਰ ਵੱਲੋਂ ਕੋਟਕਪੂਰੇ ਵੜਦਿਆਂ ਨੂੰ ਰੇਲਵੇ ਲਾਈਨਾਂ ਦੇ ਉਪਰ ਦੀ ਇਸ ਵਕਤ ਉੱਚਾ ਪੁਲ ਬਣ ਗਿਆ ਹੈ। ਪੰਜਾਬ ਦੇ ਕਈ ਥਾਈਂ ਇਹੋ ਜਿਹੇ ਓਵਰ ਪਾਸ ਬਣਾਏ ਜਾ ਰਹੇ ਹਨ।

ਮੌਸਮ ਖਰਾਬ ਸੀ ਤੇ ਮੀਂਹ ਪੈਣ ਲੱਗ ਗਿਆ ਸੀ, ਸਿਆਲਾਂ ਦੇ ਦਿਨ ਵੀ ਛੋਟੇ ਹੁੰਦੇ ਹਨ। ਜਲਦੀ ਹਨੇਰ ਘੁੱਪ ਹੋਣ ਕਰਕੇ ਮੈਥੋਂ ਮੇਰੀ ਗੱਡੀ ਪੁਲ ਚੜ੍ਹਨ ਦੀ ਬਜਾਏ ਥੱਲੇ ਪਹਿਲੀ ਸੜਕ 'ਤੇ ਪੈ ਗਈ। ਮੈਨੂੰ ਪਤਾ ਤਾਂ ਲੱਗ ਗਿਆ ਪਰ ਵਾਪਸ ਮੁੜਨਾ ਅਸੰਭਵ ਸੀ। ਜਕਦੇ-ਜਕਾਉਂਦੇ ਅਸੀਂ ਫਾਟਕ ਕੋਲ ਪਹੁੰਚ ਗਏ। ਉਥੇ ਇਕ ਢਾਬਾ ਟਾਈਪ ਹੋਟਲ ਵਾਲੇ ਨੂੰ ਕਿਹਾ ਇਹ ਦੁੱਧ ਗਰਮ ਕਰਦੇ, ਪੰਜ ਸੱਤ ਕੱਪ ਚਾਹ ਦੇ ਬਣਾਦੇ। ਦੋ ਗਿਲਾਸ ਤੇ ਪਾਣੀ ਭੇਜਦੇ। ਬੁੜੀਆਂ ਬੱਚੇ ਹੋਟਲ ਦੇ ਅੰਦਰ ਚਲੇ ਗਏ ਅਸੀਂ ਦੋਨੋਂ ਭਰਾ ਬਾਹਰ ਹੀ ਖੂੰਜੇ ਜਿਹੇ ਲੱਗ ਕੇ ਖੜ ਗਏ। ਮੈਂ ਦੋ ਗਿਲਾਸਾਂ 'ਚ ਪੈਗ ਬਣਾਏ ਤਾਂ ਉਹ ਆਦਮੀ ਜੋ ਗਿਲਾਸ ਤੇ ਪਾਣੀ ਲੈ ਕੇ ਆਇਆ ਸੀ, ਬੋਲਿਆ ਕੀ ਗੱਲ ਮੈਨੂੰ ਪੈਗ ਨਹੀਂ ਪਿਆਏਗਾ। ਉਹ ਏਨੀ ਅਪਣੱਤ ਨਾਲ ਬੋਲਿਆ, ਮੈਂ ਨਾਂਹ ਨਾ ਕਰ ਸਕਿਆ।

ਮੈਂ ਹੋਟਲ ਵਾਲੇ ਨਾਲ ਸਵਾਲੀਆ ਨਿਗਾਹ ਮਿਲਾਈ। ਕਹਿੰਦਾ "ਭਗਤ ਬੰਦਾ ਐ।" ਅਸੀਂ ਪੈਗ ਲਾਇਆ ਤੇ ਮੈਂ ਸੁਭਾਵਕ ਹੀ ਪੁੱਛਿਆ ਤੇਰਾ ਨਾਂ ਕੀ ਐ। ਕਹਿੰਦਾ ਬਾਈ ਤੂੰ ਮੈਨੂੰ ਸਿਆਣਿਆ ਨਹੀਂ। ਮੈਂ ਦੀਦਾਰ ਸੰਧੂ ਹਾਂ। ਇਹ ਫਾਟਕ ਮੇਰਾ ਹੈ। ਇਥੇ ਖੜੇ ਨੇ ਹੀ ਮੈਂ ਗਾਣਾ ਲਿਖਿਆ ਸੀ, ਕਦੇ ਬੰਦ ਪਿਆ ਦਰਵਾਜਾ ਨੀ ਜਿਉਂ ਫਾਟਕ ਕੋਟਕਪੂਰੇ ਦਾ। ਇਹ ਬਾਈ ਉਹੀ ਫਾਟਕ ਹੈ।

ਅਸੀਂ ਇਕ-ਇਕ ਪੈਗ ਹੋਰ ਲਾਇਆ। ਮੈਂ ਭਾਵੁਕ ਹੋ ਕੇ ਫਾਟਕ ਨੂੰ ਦੇਖਿਆ, ਵਾਕਿਆ ਹੀ ਉਹੀ ਫਾਟਕ ਸੀ। ਇੰਨੇ ਨੂੰ ਉਹ ਫੇਰ ਬੋਲ ਪਿਆ "ਬਾਈ ਗੌਰਮਿੰਟ ਨੇ ਫਾਟਕ ਬਣਾ ਕੇ ਚੰਗਾ ਨਹੀਂ ਕੀਤਾ। ਅੱਜ ਤੂੰ ਵੀ ਉਪਰ ਦੀ ਭੱਜਣ ਲੱਗਾ ਸੀ। ਮੈਂ ਹੀ ਤੈਨੂੰ ਇੱਧਰ ਖਿੱਚ ਕੇ ਲਿਆਇਆ ਸੀ। ਤੂੰ ਤਾਂ ਲੱਗਾ ਸੀ ਮੇਰੇ ਤੇ ਟਰੱਕ ਚੜ੍ਹਾਉਣ।" ਮੈਨੂੰ ਯਾਦ ਆਇਆ ਇਕ ਭੱਜੇ ਜਾਂਦੇ ਬੰਦੇ ਨੂੰ ਬਚਾਉਂਦੇ ਮੇਰਾ ਟਰੱਕ ਇਸ ਸੜਕ ਤੇ ਆ ਪਿਆ ਸੀ ਤੇ ਪੁਲ ਚੜ੍ਹਨੋਂ ਰਹਿ ਗਿਆ ਸੀ।

ਇੰਨੇ ਨੂੰ ਬੱਚੇ-ਬੁੜੀਆਂ ਟਰੱਕ 'ਚ ਬੈਠ ਕੇ ਛੇਤੀ ਕਰੋ ਦਾ ਰਾਗ ਅਲਾਪਣ ਲੱਗ ਪਏ ਸਨ। ਬਚਦੀ ਪਊਆ ਕੁ ਮੈਂ ਉਸ ਨੂੰ ਕਿਹਾ "ਰੱਖ ਲੈ ਬਾਅਦ 'ਚ ਲਾ ਲੀ" ਕਹਿੰਦਾ "ਪੱਲੇ ਰਿਜ਼ਕ ਨੀ ਬੰਨ੍ਹਦੇ ਪੰਛੀ ਤੇ ਦਰਵੇਸ਼" ਮੈਂ ਫੇਰ ਗਿਲਾਸ 'ਚ ਪਾ ਲਈ ਪਰ ਉਹ ਬੰਦਾ ਮੇਰੇ ਲਈ ਬੁਝਾਰਤ ਬਣ ਗਿਆ ਸੀ। ਮੇਰੇ ਭਤੀਜੇ ਨੂੰ ਕਹਿੰਦਾ ਤੁਸੀਂ ਅੱਗੇ ਵੱਲ ਨੂੰ ਜਾਣਾ ਹੈ ਤਾਂ ਆਪਣਾ ਟਰੱਕ ਫਾਟਕ ਤੋਂ ਅੱਗੇ ਕਰ ਲਵੋ, ਰੇਲ ਗੱਡੀ ਆਉਣ ਵਾਲੀ ਹੈ। ਭਤੀਜੇ ਨੇ ਟਰੱਕ ਫਾਟਕ ਤੋਂ ਪਾਰ ਕਰ ਲਿਆ। "ਆ ਜੋ ਆ ਜੋ ਲੇਟ ਹੋ ਰਹੇ ਹਾਂ" ਮੈਨੂੰ ਆਵਾਜ਼ਾਂ ਵੱਜ ਰਹੀਆਂ ਸਨ, ਉਹ ਫੇਰ ਬੋਲਿਆ "ਚੱਲ ਨਬੇੜ, ਫਿਰ ਕਿਤੇ ਆਈ ਰਾਮ ਨਾਲ ਬੈਠਾਂਗੇ।"

ਅਸੀਂ ਪੈਗ ਅੰਦਰ ਸੁੱਟੇ ਤਦ ਨੂੰ ਗੱਡੀ ਦੀ ਲਾਈਟ ਦਿਸੀ ਤੇ ਵਿਸਲ ਸੁਣੀ। ਮੈਨੂੰ ਕਹਿੰਦਾ ਚੱਲ ਤੈਨੂੰ ਲੰਘਾ ਆਵਾਂ ਨਹੀਂ ਤਾਂ ਲੇਟ ਹੋਜੇਗਾ। ਮੈਨੂੰ ਫਾਟਕ ਲੰਘਾ ਕੇ ਉਨੀ ਪੈਰੀ ਉਹ ਵਾਪਸ ਮੁੜਨ ਲੱਗਾ। ਮੈਨੂੰ ਕਹਿੰਦਾ ਲਿਖਦੀ "ਜਿੰਨਾ ਚਿਰ ਫਾਟਕ ਜਿਉਂਦਾ ਐ, ਉਨ੍ਹਾਂ ਚਿਰ ਦੀਦਾਰ ਸੰਧੂ ਨਹੀਂ ਮਰਦਾ" ਤੁਰੀ ਜਾਂਦੀ ਰੇਲ ਗੱਡੀ ਦੇ ਡੱਬਿਆਂ ਵਿਚੋਂ ਦੀ ਉਹ ਮੈਨੂੰ ਦੋ ਤਿੰਨ ਵਾਰੀ ਦਿਸਿਆ ਫਿਰ ਅਲੋਪ ਹੋ ਗਿਆ।

ਇਹ ਸਾਰਾ ਕੁਝ ਇਕ ਫਿਲਮ ਵਾਂਗ ਪੰਦਰਾਂ ਕੁ ਮਿੰਟਾਂ 'ਚ ਵਾਪਰ ਗਿਆ। ਅਖੀਰਲੀ ਆਵਾਜ਼ ਉਹਦੀ ਜਿਹੜੀ ਕੰਨੀ ਪਈ ਕਹਿੰਦਾ, "ਤੈਨੂੰ ਯਾਦ ਨਹੀਂ ਅੱਜ 16 ਫਰਵਰੀ ਐ ਮੇਰੀ ਬਰਸੀ ਐ" ਮੈਨੂੰ ਯਾਦ ਆਇਆ ਵਾਕਿਆ ਹੀ ਦੀਦਾਰ ਦੀ ਬਰਸੀ 16 ਫਰਵਰੀ ਨੂੰ ਹੁੰਦੀ ਐ। ਤੇ ਏਸੇ ਦਿਨ ਹੀ ਮੇਰੀ ਇੰਟਰਵਿਊ ਸੈਟ ਹੋਈ ਸੀ। ਉਹ ਵੀ ਮੁਕਤਸਰ ਦੀ ਤੇ ਮੈਂ ਏਸੇ ਦਿਨ ਹੀ ਏਸ ਫਾਟਕ ਤੋਂ ਲੰਘਣਾ ਸੀ, ਇਹ ਇਕ ਸਬੱਬ ਸੀ ਜਾਂ ਭਾਣਾ।

ਦੂਰਦਰਸ਼ਨ ਵਾਲਿਆਂ ਨੇ ਜਲੰਧਰ ਜਾਂ ਮੁਕਤਸਰ 'ਚੋਂ ਇਕ ਜਗ੍ਹਾ ਚੁਣਨ ਲਈ ਕਿਹਾ ਸੀ ਤੇ ਮੈਂ ਮੁਕਤਸਰ ਹੀ ਕਿਉਂ ਚੁਣਿਆ। ਇਹ ਗੱਲਾਂ ਮੇਰੇ ਲਈ ਬੁਝਾਰਤ ਬਣਦੀਆਂ ਜਾ ਰਹੀਆਂ ਸਨ। ਹਫ਼ਤੇ ਕੁ ਬਾਅਦ ਮੈਂ ਫੇਰ ਕੋਟਕਪੂਰੇ ਗਿਆ, ਹੋਟਲ ਵਾਲੇ ਨੂੰ ਉਸ ਭਗਤ ਬਾਰੇ ਪੁੱਛਿਆ। ਉਹ ਕਹਿੰਦਾ ਬਾਈ ਉਹ ਬੰਦਾ ਰੱਬ ਦਾ ਰੂਪ ਹੈ। ਆ ਜੇ ਤਾਂ ਆ ਜੇ ਨਹੀਂ ਤਾਂ ਦੋ ਦੋ ਮਹੀਨੇ ਨਹੀਂ ਮੁੜਦਾ। ਮੈਂ ਨਿਰਾਸ਼ ਜਿਹਾ ਹੋ ਕੇ ਵਾਪਸ ਘਰ ਆ ਗਿਆ ਤੇ ਫੇਰ ਇਥੇ ਆ ਗਿਆ। ਅੱਜ ਵੀ ਮੈਨੂੰ ਉਸ ਦੀ ਮੁਲਾਕਾਤ ਇਕ ਬੁਝਾਰਤ ਬਣੀ ਹੋਈ ਹੈ। ਖੈਰ ਕਿਤੇ ਮੇਲ ਹੋਣਗੇ ਜੇ ਨਾ ਜਾਈਏ ਮਰ ਨੀ।

*– ਜਗਤਾਰ ਸਿੰਘ ਗਿੱਲ*

## ਵਾਸ਼ਿੰਗਟਨ ਵਿਚ ਏਡਜ਼ ਮਹਾਂਮਾਰੀ ਦੇ ਪੱਧਰ ਤੇ ਪਹੁੰਚੀ

ਵਾਸ਼ਿੰਗਟਨ- ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਵਿਚ ਏਡਜ਼ ਅਤੇ ਐਚ. ਆਈ. ਵੀ. ਇਨਫੈਕਸ਼ਨ ਦਾ ਸੰਕਟ ਕਈ ਅਫਰੀਕੀ ਦੇਸ਼ਾਂ ਤੋਂ ਵੀ ਜ਼ਿਆਦਾ ਗੰਭੀਰ ਹੁੰਦਾ ਜਾ ਰਿਹਾ ਹੈ। ਵਾਸ਼ਿੰਗਟਨ ਦੇ ਸਿਹਤ ਵਿਭਾਗ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਾਸ਼ਿੰਗਟਨ ਡੀ. ਸੀ. ਵਿਚ 12 ਸਾਲ ਤੋਂ ਜ਼ਿਆਦਾ ਉਮਰ ਦੇ ਤਿੰਨ ਪ੍ਰਤੀਸ਼ਤ ਲੋਕ ਏਡਜ਼ ਤੋਂ ਪੀੜਤ ਹਨ। ਰਿਪੋਰਟ ਕਹਿੰਦੀ ਹੈ ਕਿ ਵਾਸ਼ਿੰਗਟਨ ਵਿਚ ਐਚ. ਆਈ. ਵੀ. ਅਤੇ ਏਡਜ਼ ਅਸਲ ਵਿਚ ਮਹਾਂਮਾਰੀ ਦੇ ਪੱਧਰ ਤੱਕ ਪਹੁੰਚ ਗਈ ਹੈ। ਰਿਪੋਰਟ ਦੇ ਮੁਤਾਬਕ ਇਨਫੈਕਸ਼ਨ ਦੀ ਸਭ ਤੋਂ ਜ਼ਿਆਦਾ ਦਰ ਅਫਰੀਕੀ-ਅਮਰੀਕੀ ਅਤੇ 40 ਤੋਂ 49 ਸਾਲ ਦੀ ਉਮਰ ਵਾਲੇ ਨਾਗਰਿਕਾਂ ਵਿਚ ਪਾਈ ਜਾਂਦੀ ਹੈ। ਇਸ ਹਿਸਾਬ ਨਾਲ ਵਾਸ਼ਿੰਗਟਨ ਡੀ. ਸੀ. ਦੀ ਸਥਿਤੀ ਅਫਰੀਕੀ ਦੇਸ਼ ਯੁਗਾਂਡਾ ਤੋਂ ਵੀ ਮਾੜੀ ਹੈ। ਰਿਪੋਰਟ ਦੱਸਦੀ ਹੈ ਕਿ ਸਭ ਤੋਂ ਜ਼ਿਆਦਾ ਇਨਫੈਕਸ਼ਨ ਪੁਰਸ਼ਾਂ ਦੇ ਸਮਲਿੰਗੀ ਸੰਬੰਧਾਂ ਦੇ ਕਾਰਨ ਹੋ ਰਹੀ ਹੈ।

## ਇਫਤਿਖਾਰ ਚੌਧਰੀ 22 ਮਾਰਚ ਨੂੰ ਸੰਭਾਲਣਗੇ ਕੁਰਸੀ

ਇਸਲਾਮਾਬਾਦ- ਪਾਕਿਸਤਾਨ ਵਿਚ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਪਰਵੇਜ਼ ਮੁਸ਼ੱਰਫ ਦੇ ਸ਼ਾਸਨ ਕਾਲ ਦੇ ਦੌਰਾਨ ਹਟਾਏ ਗਏ ਜੱਜਾਂ ਨੂੰ ਬਹਾਲ ਕਰਨ ਦਾ ਆਦੇਸ਼ ਦਿੱਤਾ ਹੈ।

ਬਹਾਲ ਕੀਤੇ ਜਾ ਰਹੇ ਜੱਜਾਂ ਵਿਚ ਸੁਪਰੀਮ ਕੋਰਟ ਦੇ ਮੁੱਖ ਜੱਜ ਇਫਤਿਖਾਰ ਚੌਧਰੀ ਵੀ ਸ਼ਾਮਲ ਹਨ, ਉਹਨਾਂ ਤੋਂ ਇਲਾਵਾ 9 ਹੋਰ ਜੱਜਾਂ ਨੂੰ ਬਹਾਲ ਕਰਨ ਦਾ ਨਿਰਦੇਸ਼ ਰਾਸ਼ਟਰਪਤੀ ਵੱਲੋਂ ਜਾਰੀ ਕੀਤਾ ਗਿਆ ਹੈ। ਪਾਕਿਸਤਾਨ ਦੇ ਕਾਨੂੰਨ ਸਕੱਤਰ ਆਗਾ ਰਫੀਕ ਨੇ ਇਹ ਐਲਾਨ ਅੱਜ ਰਾਜਧਾਨੀ ਇਸਲਾਮਾਬਾਦ ਵਿਚ ਕੀਤਾ ਹੈ।

ਸੁਪਰੀਮ ਕੋਰਟ ਦੇ ਹਟਾਏ ਗਏ ਚੀਫ਼ ਜਸਟਿਸ ਇਫਤਿਖ਼ਾਰ ਚੌਧਰੀ 22 ਮਾਰਚ ਤੋਂ ਦੁਬਾਰਾ ਆਪਣਾ ਕਾਰਜਕਾਲ ਆਰੰਭ ਕਰ ਦੇਣਗੇ।

ਦੋ ਕਵਿਤਾਵਾ

## ਅਸੀਂ ਗੁਲਾਮ ਹੋ ਗਏ

ਆਜ਼ਾਦੀ ਦਿਵਾਉਣ ਵਾਲੇ ਅਸੀਂ ਗੁਲਾਮ ਹੋ ਗਏ,
ਅੱਤਵਾਦੀ ਕਦੇ ਵੱਖਵਾਦੀ ਬੜੇ ਬਦਨਾਮ ਹੋ ਗਏ।
ਰੋਹੀਆਂ, ਬੇਲਿਆਂ, ਵੀਰਾਨਾਂ 'ਚੋਂ ਮਿਲਣ ਲਾਸ਼ਾਂ,
ਕਤਲ ਸਾਡੇ ਹੀ ਕਿਉਂ ਸ਼ਰੇਆਮ ਹੋ ਗਏ।
ਗੰਗੂ ਦੀ ਔਲਾਦ ਗੰਗੂ ਪਿੱਛੇ ਤੁਰ ਪਈ,
ਖਾਧੇ ਹੋਏ ਲੂਣ ਕਿਉਂ ਹਰਾਮ ਹੋ ਗਏ।
ਕਹਿੰਦੇ ਸਿੱਖ ਕੌਮ ਅਸੀਂ ਖਤਮ ਕਰ ਦੇਣੀ,
ਸਸਤੇ ਕਿਉਂ ਏਨੇ ਸਾਡੇ ਦਾਮ ਹੋ ਗਏ।
ਜ਼ੁਲਮ ਵੇਖ ਆਜ਼ਾਦੀ ਵਾਲਾ ਬਿਗਲ ਜਾ ਵਜਾਇਆ,
ਢਾਹਿਆ ਹਰਿਮੰਦਰ ਸਾਡਾ ਲੀਡਰ ਬੇਜ਼ੁਬਾਨ ਹੋ ਗਏ।
ਜਿਹੜੇ ਗਲਾਂ ਵਿਚ ਹੱਸ-ਹੱਸ ਫਾਂਸੀਆਂ ਪਵਾ ਲਈਆਂ,
ਬਲਦੇ ਟਾਇਰ ਉਹਨੀਂ ਗਲੀਂ ਸ਼ਾਨ ਹੋ ਗਏ।
ਜਿਨ੍ਹਾਂ ਦੀਆਂ ਇੱਜ਼ਤਾਂ ਬਚਾਈਆਂ ਸਦਾ ਖਾਲਸੇ ਨੇ,
ਖ਼ਾਲਸੇ ਦੀ ਪੱਤ ਉੱਤੇ ਬੇਈਮਾਨ ਹੋ ਗਏ।
ਕਰੋ ਯਾਦ 'ਦਿਲਬਾਗ' ਉਹਨਾਂ ਦੀਆਂ ਸ਼ਹਾਦਤਾਂ ਨੂੰ
ਸ਼ਹੀਦ ਜਿਹੜੇ ਕੌਮ ਦੇ ਨਾਮ ਹੋ ਗਏ।

***

## ਮਸਲਾ

ਵਿਚ ਅਖ਼ਬਾਰਾਂ ਛਪਣ ਸੁਰਖੀਆਂ,
ਕਿਤੇ ਪੱਗ ਦਾ ਕਿਤੇ ਕ੍ਰਿਪਾਨ ਦਾ ਮਸਲਾ।
ਵਿਰਸੇ ਵਿਚੋਂ ਮਿਲੀਆਂ ਸਾਨੂੰ,
ਰੱਖਿਆ ਨਹੀਂ ਨਾਜਾਇਜ਼ ਕੋਈ ਅਸਲਾ।
ਸਿੱਖੀ ਵਾਲੇ ਚਿੰਨ੍ਹ ਜੋ ਸਾਡੇ,
ਇਹਨਾਂ ਉੱਤੇ ਉਂਗਲ ਉੱਠੇ।
ਪਰ ਸਿੱਖੀ ਨੇ ਖਤਮ ਨਹੀਂ ਹੋਣਾ,
ਮੁਕਾਉਣ ਵਾਲੇ ਖੁਦ 'ਖਹਿਰਿਆ' ਮੁੱਕੇ।

ਸਿੱਖ ਕੌਮ ਦਾ ਤੁਸੀਂ ਇਤਿਹਾਸ ਵੇਖੋ,
ਕੀਤੀਆਂ ਸਭ ਤੋਂ ਵੱਧ ਕੁਰਬਾਨੀਆਂ ਨੇ।
ਦੇਸ਼ ਕੌਮ ਤੇ ਜਦੋਂ ਵੀ ਪਈ ਬਿਪਤਾ,
ਇਹਨਾਂ ਵੇਖੀਆਂ ਨਾ ਚੜ੍ਹਦੀਆਂ ਜਵਾਨੀਆਂ ਨੇ।
ਸੀਸ ਤਲੀ ਤੇ ਰੱਖ ਕੇ ਲੜਨ ਯੋਧੇ,
ਦੂਸਰੇ ਧਰਮ ਲਈ ਸੀਸ ਕਟਾ ਲੈਂਦੇ।
'ਖਡੂਰ ਸਾਹਿਬ' ਵਾਲਿਆ ਇਹ ਕੌਮ ਅਣਖੀ,
ਹੱਸ ਹੱਸ ਕੇ ਫਾਂਸੀਆਂ ਗਲ ਪਾ ਲੈਂਦੇ।

-ਦਿਲਬਾਗ ਸਿੰਘ ਖਹਿਰਾ,
ਖਡੂਰ ਸਾਹਿਬ ਵਾਲਾ

## ਅੱਜ ਦਾ ਵਿਚਾਰ

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥
he Himself knows, He Himself acts, and He Himself does it right. So stand before Him, O Nanak, and offer your prayers.
Guru Angad Dev Ji – Panna 1093 – Raag Maru

Budwal & Associates.
budwal@yahoo.com , http://www.budwal.com

## ਸੰਪਾਦਕੀ

ਭਾਰਤ ਵਿਚ ਅੱਜਕਲ੍ਹ ਚੋਣਾਂ ਦਾ ਮਾਹੌਲ ਹੈ। ਹਰ ਪਾਸੇ ਵੋਟਾਂ ਬਟੋਰਨ ਲਈ ਵੱਡੇ ਵੱਡੇ ਲਾਰਿਆਂ, ਵਾਅਦਿਆਂ ਦਾ ਬਾਜ਼ਾਰ ਗਰਮ ਹੈ। ਹਰੇਕ ਸਿਆਸੀ ਪਾਰਟੀ ਅਤੇ ਹਰੇਕ ਸਿਆਸੀ ਲੀਡਰ ਵੋਟਰਾਂ ਨੂੰ ਭਰਮਾਉਣ ਲਈ ਜੀ-ਤੋੜ ਕੋਸ਼ਿਸ਼ ਕਰ ਰਿਹਾ ਹੈ। ਵੈਸੇ ਇਹਨਾਂ ਚੋਣਾਂ ਵਿਚ ਇਹ ਗੱਲ ਨਵੀਂ ਨਹੀਂ ਬਲਕਿ ਹਰ ਵਾਰ ਅਜਿਹਾ ਹੀ ਦੇਖਣ ਨੂੰ ਮਿਲਦਾ ਹੈ। ਕਹਿਣ ਨੂੰ ਤਾਂ ਭਾਰਤ ਵਿਚ ਪਿਛਲੇ 60 ਸਾਲਾਂ ਤੋਂ ਲੋਕ ਰਾਜ ਹੈ ਪਰ ਜਨਤਾ ਦੀ ਜਾਗਰੂਕਤਾ ਦਾ ਗਰਾਫ ਨੀਵਾਂ ਹੋਣ ਕਾਰਨ ਭਾਰਤ ਵਿਚ ਸਿਆਸਤਦਾਨ ਲੋਕਾਂ ਨੂੰ ਜਿੰਨਾ ਬੁੱਧੂ ਬਣਾਉਂਦੇ ਹਨ, ਅਜਿਹਾ ਪੱਛਮੀ ਮੁਲਕਾਂ ਵਿਚ ਨਹੀਂ ਹੈ। ਲੋਕ ਰਾਜ ਅੱਜ ਦੇ ਸਮੇਂ ਦੀ ਇਕ ਬਿਹਤਰ ਪ੍ਰਣਾਲੀ ਹੈ ਪਰ ਇਹ ਪ੍ਰਣਾਲੀ ਤਾਂ ਹੀ ਕਾਮਯਾਬ ਹੁੰਦੀ ਹੈ ਜੇਕਰ ਸਿਆਸਤਦਾਨਾਂ ਵੱਲੋਂ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਹੋਣ। ਭਾਰਤ ਵਿਚ ਪੱਛਮੀ ਮੁਲਕਾਂ ਵਾਂਗ ਹਰੇਕ ਸਿਆਸੀ ਪਾਰਟੀ ਚੋਣਾਂ ਸਮੇਂ ਇਕ ਚੋਣ ਮੈਨੀਫੈਸਟੋ ਰੱਖਦੀ ਹੈ। ਇਸ ਵਿਚ ਜੋ ਕਿਹਾ ਜਾਂਦਾ ਹੈ, ਸੱਤਾ ਵਿਚ ਆਉਣ ਤੋਂ ਬਾਅਦ ਉਸ ਵਿਚੋਂ 10 ਫੀਸਦੀ ਵੀ ਕੰਮ ਨਹੀਂ ਹੋ ਪਾਉਂਦਾ। ਇਹੀ ਕਾਰਨ ਹੈ ਕਿ ਭਾਰਤ ਅੱਧੀ ਸਦੀ ਵਿਚ ਉਹ ਤਰੱਕੀ ਨਹੀਂ ਕਰ ਸਕਿਆ, ਜੋ ਕੁਦਰਤੀ ਸਾਧਨਾਂ ਨਾਲ ਲੈਸ ਇਸ ਮੁਲਕ ਵੱਲੋਂ ਕਰਨੀ ਬਣਦੀ ਸੀ।

ਪੱਛਮੀ ਮੁਲਕਾਂ ਵਿਚ ਅਸੀਂ ਚੋਣਾਂ ਦੇਖਦੇ ਹਾਂ। ਹਾਲ ਹੀ ਵਿਚ ਅਮਰੀਕਾ ਵਾਸੀਆਂ ਨੇ ਰਾਸ਼ਟਰਪਤੀ ਦੀ ਚੋਣ ਦੇਖੀ ਹੈ। ਡੈਮੋਕ੍ਰੇਟਾਂ ਨੇ ਜੋ ਵਾਅਦੇ ਇਹਨਾਂ ਚੋਣਾਂ ਦਰਮਿਆਨ ਕੀਤੇ ਸਨ, ਰਾਸ਼ਟਰਪਤੀ ਦਾ ਅਹੁਦਾ ਸੰਭਾਲਦਿਆਂ ਹੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਹਨਾਂ ਉੱਤੇ ਕੰਮ ਕਰਨਾ ਆਰੰਭ ਕਰ ਦਿੱਤੀ। ਜਿਹੜੀਆਂ ਨੀਤੀਆਂ ਵਿਚ ਤਬਦੀਲੀ ਦੀ ਗੱਲ ਕੀਤੀ ਸੀ, ਉਹਨਾਂ ਵਿਚ ਤਬਦੀਲੀ ਸ਼ੁਰੂ ਹੋ ਗਈ। ਮੁਲਕ ਦੀ ਆਰਥਿਕ ਹਾਲਤ ਵੱਲ ਮੁੱਖ ਧਿਆਨ ਦੇਣ ਦਾ ਵਾਅਦਾ ਕੀਤਾ, ਉਸ ਉੱਤੇ ਸਰਕਾਰ ਦਿਨ-ਰਾਤ ਮਿਹਨਤ ਕਰ ਰਹੀ ਹੈ। ਪਰ ਭਾਰਤ ਵਿਚ ਕੀ ਹੁੰਦਾ ਹੈ, ਇਕ ਵਿਧਾਇਕ ਜਾਂ ਐਮ. ਪੀ. ਆਪਣੇ ਖੇਤਰ ਵਿਚ ਕੁਝ ਵੀ ਨਹੀਂ ਕਰ ਪਾਉਂਦਾ, ਜੇਕਰ ਕਰਦਾ ਹੈ ਤਾਂ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਰੌਲਾ ਪਾ ਕੇ ਕਾਰਵਾਈ ਰੁਕਵਾਉਂਦਾ ਹੈ। ਰੌਲਾ ਪਾ ਕੇ ਪਬਲੀਸਿਟੀ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਜ਼ਿਆਦਾਤਰ ਐਮ. ਪੀ. ਤਾਂ ਉਹਨਾਂ ਨੂੰ ਆਪਣੇ ਖੇਤਰ ਦੇ ਵਿਕਾਸ ਲਈ ਮਿਲੇ ਨਿੱਜੀ ਫੰਡ ਤੱਕ ਨੂੰ ਨਹੀਂ ਵਰਤਦੇ। ਅਜਿਹੇ ਮਾਹੌਲ ਵਿਚ ਭਾਰਤ ਕਿਵੇਂ ਤਰੱਕੀ ਕਰ ਸਕਦਾ ਹੈ। ਚੋਣਾਂ ਵਿਚ ਭਾਰਤ ਪੰਜ ਸਾਲਾਂ ਬਾਅਦ ਕਈ ਹਜ਼ਾਰ ਕਰੋੜ ਦਾ ਖਰਚਾ ਕਰਦਾ ਹੈ। ਨੁਮਾਇੰਦੇ ਚੁਣ ਕੇ ਆਉਂਦੇ ਹਨ ਪਰ ਪੰਜ ਸਾਲ ਆਪਣੇ ਕੰਮਕਾਰ ਕਰਦੇ ਅਤੇ ਆਪਣਾ ਆਪਾ ਸੁਆਰਦੇ ਰਹਿੰਦੇ ਹਨ, ਜਨਤਕ ਬਿਹਤਰੀ ਵੱਲ ਕੋਈ ਧਿਆਨ ਹੀ ਨਹੀਂ ਮਾਰਦਾ, ਇਹੀ ਕਾਰਨ ਹੈ ਕਿ ਇਹ ਮੁਲਕ ਹੁਣ ਅਜਿਹੀਆਂ ਗੰਭੀਰ ਸਮੱਸਿਆਵਾਂ ਦਾ ਸ਼ਿਕਾਰ ਹੈ, ਜਿਹੜੀਆਂ ਅੱਜ ਦੇ ਸਮੇਂ ਦੀ ਮਨੁੱਖਤਾ ਲਈ ਸ਼ਰਮਸਾਰ ਕਰਨ ਵਾਲੀਆਂ ਹਨ। ਇੱਥੇ ਅੱਜ ਵੀ 30 ਫੀਸਦੀ ਲੋਕੀ ਗਰੀਬ ਹਨ, 50 ਫੀਸਦੀ ਬੱਚੇ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਆਪਣੀ ਜ਼ਿੰਦਗੀ ਧੱਕਾ-ਮੁੱਕੀ ਕਰਕੇ ਗੁਜ਼ਾਰ ਦਿੰਦੇ ਹਨ। ਜੀਵਨ ਪੱਧਰ ਦੇ ਖੇਤਰ ਵਿਚ ਸਿਰਫ਼ 25-30 ਫੀਸਦੀ ਲੋਕ ਹੀ ਬਿਹਤਰ ਜ਼ਿੰਦਗੀ ਜਿਉਂਦੇ ਹਨ। ਇਹ ਸਾਰੇ ਕੰਮ ਸਰਕਾਰ ਦੁਆਰਾ ਕਰਨ ਵਾਲੇ ਹੁੰਦੇ ਹਨ ਪਰ ਸਰਕਾਰਾਂ ਕੀ ਕਰਨ, ਉਹਨਾਂ ਨੂੰ ਪ੍ਰੇਰਨਾ ਦੇਣ ਵਾਲੇ ਨੁਮਾਇੰਦੇ ਤਾਂ ਕੁਝ ਕਰਦੇ ਨਹੀਂ, ਬੱਸ ਚੋਣਾਂ ਵੇਲੇ ਦਮਗੱਜੇ ਮਾਰ ਕੇ ਆਪਣਾ ਵਕਤ ਲੰਘਾਈ ਜਾਂਦੇ ਹਨ।

**-ਬਲਬੀਰ ਸਿੰਘ ਐਮ. ਏ.**

**BALBIR SINGH M.A.** Editor in Chief & Publisher
Tel : 510-938-7771, Fax510-740-3520
**Om Parkash Kamal** Assist Editor
Sanjose CA. Cell : 408-661-8925
WEBSITE WWW.PARDESTIMES.COM
DESIGNED BY AMAN BANSIL
510-589-2245

THE PARDES TIMES AND PEOPLE ASSOCIATED WITH IT ARE NOT RESPONSIBLE FOR ANY CLAIMS MADE BY THE ADVERTISERS AND DON'T ENDORSE ANY PRODUCT OR SERVICES ADVERTISED IN THE PARDES TIMES. PLEASE CONSULT YOUR ATTORNEY BEFORE , BUYING/HIRING CONTRACTING THROUGH THE ADS PUBLISHED IN THE NEWS PAPER. THE PARDES TIMES IS IN BUSINESS OF SELLING SPACES AND CLAIMS MADE BY ADVERTISERS ARE NOT TESTED/CONFIRMED BY AN INDEPENDENT SOURCE.

# ਆਧਾਰ ਗੁਆਉਂਦੀਆਂ ਜਾ ਰਹੀਆਂ ਹਨ ਭਾਰਤ ਦੀਆਂ ਕੌਮੀ ਪਾਰਟੀਆਂ




sinder singh
Email : sindersingh2003@gmail.com
(011-99141-08502 M)

ਚੋਣਾਂ ਦਾ ਮਾਹੌਲ ਹੋਣ ਕਾਰਨ ਅੱਜਕਲ੍ਹ ਹਰੇਕ ਆਮ-ਖਾਸ ਨਾਗਰਿਕ ਦੇ ਨਾਲ ਹੀ ਮੀਡੀਆ ਵੀ ਚੋਣਾਂ ਉਤੇ ਹੀ ਆਪਣਾ ਧਿਆਨ ਕੇਂਦਰਿਤ ਰੱਖਦਾ ਹੈ। ਅਜਿਹਾ ਹੋਣਾ ਸੁਭਾਵਿਕ ਵੀ ਹੈ ਕਿਉਂਕਿ ਭਾਰਤ ਵਿਚ ਚੋਣਾਂ ਇਕ ਵੱਡੇ ਮੇਲੇ ਜਾਂ ਫੈਸਟੀਵਲ ਤੋਂ ਘੱਟ ਵੀ ਨਹੀਂ ਹੁੰਦੀਆਂ। ਚੋਣਾਂ ਉਤੇ ਝੰਡੀਆਂ, ਬੈਨਰ ਬਣਾਉਣ ਵਾਲਿਆਂ ਤੋਂ ਲੈ ਕੇ ਸਮਾਜ ਦੇ ਹਰ ਵਰਗ ਵੱਲ ਧਿਆਨ ਮਾਰਿਆ ਜਾਂਦਾ ਹੈ ਅਤੇ ਵੋਟ ਲੈਣ ਲਈ ਲਾਰੇ, ਨੋਟ, ਨਸ਼ੇ-ਪੱਤੇ ਹਰ ਚੀਜ਼ ਉਪਲਬਧ ਹੁੰਦੀ ਹੈ। ਖ਼ੈਰ ਇਹ ਬੁਰਾਈਆਂ ਤਾਂ ਕਾਫੀ ਦੇਰ ਤੋਂ ਚਲੀਆਂ ਆਉਂਦੀਆਂ ਹਨ ਅਤੇ ਜਨਤਕ ਜਾਗਰੂਕਤਾ ਤੋਂ ਬਿਨਾਂ ਇਹਨਾਂ ਦਾ ਹੱਲ ਵੀ ਸੰਭਵ ਨਹੀਂ। ਅਸੀਂ ਅੱਜ ਭਾਰਤ ਦੇ ਉਸ ਸਿਆਸੀ ਮਾਹੌਲ ਦੀ ਗੱਲ ਕਰ ਰਹੇ ਹਾਂ, ਜਿਸ ਵਿਚ ਭਾਰਤ ਦੀਆਂ 6 ਦੀਆਂ 6 ਕੌਮੀ ਪੱਧਰ ਦੀਆਂ ਪਾਰਟੀਆਂ ਵਿਚੋਂ ਕਿਸੇ ਇਕ ਕੋਲ ਵੀ ਇੰਨੀ ਤਾਕਤ ਨਹੀਂ ਕਿ ਉਹ ਆਪਣੇ ਦਮ ਉਤੇ ਸਰਕਾਰ ਬਣਾ ਸਕੇ। 40 ਤੋਂ ਜ਼ਿਆਦਾ ਸਰਗਰਮ ਖੇਤਰੀ ਪਾਰਟੀਆਂ ਦੇ ਸਹਿਯੋਗ ਨਾਲ ਬਣਨ ਵਾਲੀਆਂ ਗੱਠਜੋੜ ਸਰਕਾਰਾਂ ਦੇ ਪਿਛਲੇ ਲੰਮੇ ਤਜਰਬੇ ਤੋਂ ਬਾਅਦ ਇਸ ਵਾਰ ਫਿਰ ਭਾਰਤ ਵਿਚ ਕਿਸੇ ਵੀ ਸਿਆਸੀ ਪਾਰਟੀ ਨੂੰ ਬਹੁਮਤ ਮਿਲਣ ਦੀਆਂ ਸੰਭਾਵਨਾਵਾਂ ਦੂਰ ਦੂਰ ਤੱਕ ਨਹੀਂ ਹਨ। ਕਾਂਗਰਸ ਦੀ ਅਗਵਾਈ ਵਾਲੇ ਯੂ. ਪੀ. ਏ. ਅਤੇ ਭਾਜਪਾ ਦੀ ਅਗਵਾਈ ਵਾਲੇ ਐਨ. ਡੀ. ਏ. ਗੱਠਜੋੜ ਤੋਂ ਇਲਾਵਾ ਕਾਮਰੇਡਾਂ, ਬਸਪਾ ਅਤੇ ਹੋਰ ਖੇਤਰੀ ਪਾਰਟੀਆਂ ਦੇ ਸਹਿਯੋਗ ਨਾਲ ਤੀਜਾ ਮੋਰਚਾ ਵੀ ਖੜ੍ਹਾ ਹੋਇਆ ਹੈ। ਭਾਰਤ ਦੀਆਂ ਸਾਰੀਆਂ ਕੌਮੀ ਪਾਰਟੀਆਂ ਸੁੰਗੜਦੀਆਂ ਕਿਉਂ ਜਾ ਰਹੀਆਂ ਹਨ? ਕਾਂਗਰਸ ਅਤੇ ਭਾਜਪਾ ਹੁਣ ਆਪਣੇ ਸਹਿਯੋਗੀ ਛੋਟੇ ਦਲਾਂ ਦੇ ਨਾਲ ਵੱਡੇ ਭਰਾ ਦੀ ਭੂਮਿਕਾ ਨਿਭਾਅ ਸਕਣ ਦੀ ਸਥਿਤੀ ਵਿਚ ਨਹੀਂ ਰਹਿ ਗਈਆਂ ਹਨ। ਵੱਖ ਵੱਖ ਰਾਜਾਂ ਵਿਚ ਸ਼ਕਤੀਸ਼ਾਲੀ ਸੂਬੇਦਾਰ ਹਨ, ਜੋ ਇਸ ਸਮੇਂ ਉਥੋਂ ਦੀਆਂ ਰਾਜ ਸਰਕਾਰਾਂ ਦਾ ਸੰਚਾਲਨ ਕਰ ਰਹੇ ਹਨ। ਉਹ ਚੋਣਾਂ ਤੋਂ ਬਾਅਦ ਕੇਂਦਰੀ ਸੱਤਾ 'ਚ ਹਿੱਸੇਦਾਰੀ ਲਈ ਹੁਣ ਨਾਲ ਆ ਰਹੇ ਹਨ। ਕੀ ਹੁਣ ਸਮਾਂ ਨਹੀਂ ਆ ਗਿਆ ਹੈ ਕਿ ਕਾਂਗਰਸ ਅਤੇ ਭਾਜਪਾ ਇਸ ਬਾਰੇ ਗੰਭੀਰਤਾ ਨਾਲ ਸੋਚਣ ਕਿ ਆਖਿਰ ਉਹ ਕਿਉਂ ਹਾਸ਼ੀਏ 'ਤੇ ਧੱਕੀਆਂ ਜਾ ਰਹੀਆਂ ਹਨ ਜਾਂ ਖੁਦ ਹਾਸ਼ੀਏ 'ਤੇ ਕਿਉਂ ਜਾ ਰਹੀਆਂ ਹਨ?

1984 ਦੀਆਂ ਆਮ ਚੋਣਾਂ ਤੋਂ ਬਾਅਦ ਕਾਂਗਰਸ ਕਿਸੇ ਵੀ ਹੋਰ ਚੋਣ ਵਿਚ ਮੁਕੰਮਲ ਬਹੁਮਤ ਹਾਸਲ ਨਹੀਂ ਕਰ ਸਕੀ ਹੈ। ਇਸ ਤੋਂ ਇਲਾਵਾ ਕਾਂਗਰਸ ਆਪਣੀ ਮੂਲ ਸੰਸਕ੍ਰਿਤੀ ਨੂੰ ਭੁੱਲ ਬੈਠੀ ਹੈ ਅਤੇ ਫਾਈਵ ਸਟਾਰ ਤੇ ਸਫਾਰੀ ਸੂਟ ਸੰਕ੍ਰਿਤੀ ਨੂੰ ਅਪਣਾ ਚੁੱਕੀ ਹੈ।

ਅੱਜ ਭਾਜਪਾ ਦੀ ਹਾਲਤ ਹੋਰ ਵੀ ਜ਼ਿਆਦਾ ਖਸਤਾ ਹੈ। 2004 ਵਿਚ ਜਿੱਥੇ ਭਾਜਪਾ ਦੀ ਲੀਡਰਸ਼ਿਪ ਵਾਲੀ ਐਨ. ਡੀ. ਏ. ਵਿਚ 24 ਸਹਿਯੋਗੀ ਦਲ ਸਨ, ਉਥੇ 2009 ਦੀਆਂ ਚੋਣਾਂ ਵਿਚ ਇਸ ਦੇ ਨਾਲ ਅੱਧੀ ਦਰਜਨ ਦਲ ਹੀ ਰਹਿ ਗਏ ਹਨ। ਸਭ ਤੋਂ ਪਹਿਲਾਂ ਤਾਂ ਪਾਰਟੀ ਨੇ ਸੱਤਾ ਦੀ ਖਾਤਰ ਆਪਣੇ ਆਦਰਸ਼ਾਂ ਨੂੰ ਪਿਛਾਂਹ ਛੱਡ ਦਿੱਤਾ ਹੈ। ਭਾਜਪਾ ਦੀ ਕਾਰਗੁਜ਼ਾਰੀ ਤੋਂ ਮੋਹ ਭੰਗ ਹੋਣ ਤੋਂ ਬਾਅਦ 2004 ਦੀਆਂ ਚੋਣਾਂ ਵਿਚ ਜਨਤਾ ਨੇ ਇਸ ਦੀ ਇੰਡੀਆ ਸ਼ਾਈਨਿੰਗ ਕੰਪੇਨ ਨੂੰ ਨਕਾਰ ਦਿੱਤਾ ਸੀ। ਜਿੱਥੋਂ ਤੱਕ ਤੀਜੇ ਮੋਰਚੇ ਦੀ ਗੱਲ ਹੈ, ਇਹ ਤੀਜਾ ਹੀ ਰਿਹਾ ਹੈ। ਪ੍ਰਮੁੱਖ ਸਹਿਯੋਗੀ ਬਸਪਾ ਦੀ ਸੁਪਰੀਮੋ ਨੂੰ ਪ੍ਰਧਾਨ ਮੰਤਰੀ ਲਈ ਉਮੀਦਵਾਰੀ ਐਲਾਨਣ ਤੋਂ ਇਲਾਵਾ ਕਿਸੇ ਵੀ ਗੱਲ ਨੂੰ ਨਾ ਮੰਨਣ ਸ਼ਰਤ ਨੇ ਇਸ ਮੋਰਚੇ ਨੂੰ ਜੰਮਦਿਆਂ ਹੀ ਲੰਗੜਾ ਬਣਾ ਦਿੱਤਾ ਹੈ। ਕਮਿਊਨਿਸਟਾਂ ਦਾ ਏਜੰਡਾ ਹੈ ਕਿ ਚੋਣਾਂ ਤੋਂ ਬਾਅਦ ਮਿਲਣ ਵਾਲੀਆਂ ਸੀਟਾਂ ਦੇ ਆਧਾਰ 'ਤੇ ਫੈਸਲਾ ਕੀਤਾ ਜਾਵੇਗਾ, ਜਦਕਿ ਮਾਇਆਵਤੀ ਆਪਣੇ ਆਪ ਨੂੰ ਮੁਲਕ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਪ੍ਰਾਜੈਕਟ ਕਰਨਾ ਚਾਹੁੰਦੀ ਹੈ ਅਤੇ ਕੌਮੀ ਰਾਜਨੀਤੀ ਵਿਚ ਇਕ ਪ੍ਰਬੱਲ ਲੀਡਰ ਵਜੋਂ ਆਪਣੀ ਸੋਭਾ ਵਧਾਉਣਾ ਚਾਹੁੰਦੀ ਹੈ। ਹੁਣ ਇਹ ਮੋਰਚਾ, ਜਿਹੜਾ ਚੋਣਾਂ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘਿਰ ਗਿਆ ਹੈ, ਕੀ ਬਿਹਤਰ ਕਾਰਗੁਜ਼ਾਰੀ ਕਰ ਸਕੇਗਾ? ਇਸ ਉਤੇ ਸਵਾਲੀਆ ਨਿਸ਼ਾਨ ਲੱਗਦੇ ਹਨ। 2009 ਦੇ ਚੋਣ ਗੱਠਜੋੜਾਂ ਤੋਂ ਇਹ ਗੱਲ ਸਾਹਮਣੇ ਆ ਗਈ ਹੈ ਕਿ ਦੋ ਮੋਰਚਿਆਂ





ਵਾਲਾ ਫਾਰਮੂਲਾ ਵੀ ਸਫਲ ਨਹੀਂ ਹੋ ਰਿਹਾ ਹੈ। ਕਾਂਗਰਸ ਅਤੇ ਭਾਜਪਾ ਵਿਰੋਧੀ ਭਾਵਨਾਵਾਂ ਵਾਲੀਆਂ ਪਾਰਟੀਆਂ ਹੁਣ ਖੱਬੇ ਪੱਖੀਆਂ ਨਾਲ ਮਿਲ ਕੇ ਤੀਸਰਾ ਮੋਰਚਾ ਬਣਾਉਣਾ ਚਾਹੁੰਦੀਆਂ ਹਨ। ਦੇਸ਼ ਵਿਚ ਅਜੇ ਗੱਠਜੋੜ ਦੀ ਸਿਆਸਤ ਚਲਦੀ ਹੀ ਰਹੇਗੀ ਕਿਉਂਕਿ ਅਜੇ ਕਿਸੇ ਇਕ ਇਕੱਲੇ ਦਲ ਦੇ ਚੋਣ ਜਿੱਤਣ ਦੀਆਂ ਸੰਭਾਵਨਾਵਾਂ ਦਿਖਾਈ ਨਹੀਂ ਦਿੰਦੀਆਂ। ਦੋਵੇਂ ਰਾਸ਼ਟਰੀ ਪਾਰਟੀਆਂ ਦਾ ਆਧਾਰ ਘੱਟ ਹੋਣ ਨਾਲ ਸਥਿਤੀ ਹੋਰ ਵੀ ਗੁੰਝਲਦਾਰ ਹੋ ਸਕਦੀ ਹੈ। ਰਾਸ਼ਟਰੀ ਪਾਰਟੀਆਂ ਦੇ ਹਾਸ਼ੀਏ ਵੱਲ ਖਿਸਕਣ ਦਾ ਇਕ ਮੁੱਖ ਕਾਰਨ ਇਹ ਵੀ ਹੈ ਕਿ ਮੁਲਕ ਵਿਚ ਖੇਤਰਵਾਦ ਵੀ ਵੱਧ ਰਿਹਾ ਹੈ। ਓਧਰ ਵਿਅਕਤੀਗਤ ਮਹੱਤਵ ਵਾਲੇ ਖੇਤਰੀ ਦਲਾਂ ਦੇ ਖੇਤਰੀ ਨੇਤਾ ਉੱਭਰ ਰਹੇ ਹਨ। ਇਸ ਸਬੰਧ ਵਿਚ ਮਾਇਆਵਤੀ, ਜੈਲਲਿਤਾ, ਕਰੁਣਾਨਿਧੀ, ਮੁਲਾਇਮ ਸਿੰਘ, ਲਾਲੂ ਪ੍ਰਸਾਦ, ਨਿਤੀਸ਼ ਕੁਮਾਰ, ਮਮਤਾ ਬੈਨਰਜੀ, ਨਵੀਨ ਪਟਨਾਇਕ, ਫਾਰੂਕ ਅਬਦੁੱਲਾ ਅਤੇ ਨਰਿੰਦਰ ਮੋਦੀ ਦੀ ਉਦਾਹਰਣ ਦਿੱਤੀਜਾ ਸਕਦੀ ਹੈ। ਇਹ ਵੀ ਨੇਤਾ ਆਪਣੇ ਆਪਣੇ ਪ੍ਰਦੇਸ਼ਾਂ ਵਿਚ ਮਜਬੂਤ ਲੀਡਰਾਂ ਦੇ ਰੂਪ ਵਿਚ ਉਭਰ ਰਹੇ ਹਨ।

ਇਸ ਵਾਰ ਖਦਸ਼ੇ ਇਹ ਵੀ ਹਨ ਕਿ ਕਿਤੇ ਕਾਂਗਰਸ ਨੂੰ ਬਾਹਰੋਂ ਸਪੋਰਟ ਦੇ ਕੇ ਕਿਸੇ ਖੇਤਰੀ ਪਾਰਟੀ ਜਾਂ ਆਪਣੀਆਂ ਸਹਿਯੋਗੀ ਪਾਰਟੀਆਂ ਵਿਚੋਂ ਹੀ ਕਿਸੇ ਲੀਡਰ ਨੂੰ ਪ੍ਰਧਾਨ ਮੰਤਰੀ ਨਾ ਬਣਾਉਣਾ ਪੈ ਜਾਵੇ। ਸੰਭਾਵਨਾਵਾਂ ਇਹ ਵੀ ਹਨ ਕਿ ਭਾਜਪਾ ਵੀ ਅਜਿਹਾ ਹੀ ਕਰ ਸਕਦੀ ਹੈ, ਜੇਕਰ ਸੱਤਾ 'ਚ ਅੱਪੜਨ ਦਾ ਮੌਕਾ ਨਾ ਮਿਲਿਆ। ਹਾਲਾਤ ਜੇਕਰ ਬਿਲਕੁਲ ਵੀ ਸੂਤ ਨਾ ਬੈਠੇ ਤਾਂ ਅਜਿਹਾ ਵੀ ਹੋ ਸਕਦਾ ਹੈ ਕਿ ਬਸਪਾ ਮੁਖੀ ਮਾਇਆਵਤੀ ਮੁਲਕ ਦੀ ਅਗਲੀ ਪ੍ਰਧਾਨ ਮੰਤਰੀ ਬਣ ਜਾਵੇ। ਖ਼ੈਰ, ਇਹ ਤਾਂ ਹਨੇਰੇ ਵਿਚ ਛੱਡੇ ਤੀਰ ਹਨ, ਕਿਉਂਕਿ ਸਹੀ ਸਥਿਤੀ ਕੀ ਸਾਹਮਣੇ ਆਵੇਗੀ, ਇਹ ਚੋਣ ਨਤੀਜਿਆਂ ਤੋਂ ਹੀ ਪਤਾ ਲੱਗ ਸਕੇਗਾ।

### ਪਾਕਿਸਤਾਨ 'ਚ ਪਹਿਲੀ ਵਾਰ ਸਹੀ ਅਰਥਾਂ 'ਚ ਲੋਕ ਮਤ ਜਿੱਤਿਆ

ਪਾਕਿਸਤਾਨ ਵਿਚ ਜੋ ਹੋਇਆ, ਉਹ ਕਲਪਨਾ ਤੋਂ ਪਰੇ ਹੈ। ਮੁੱਖ ਜੱਜ ਇਫਤਿਖਾਰ ਚੌਧਰੀ ਦੀ ਬਹਾਲੀ ਅਤੇ ਸ਼ਰੀਫ ਭਰਾਵਾਂ ਦੀ ਕਾਨੂੰਨਨ ਵਾਪਸੀ ਕਿਸੇ ਵੀ ਰਾਜਨੀਤਿਕ ਚਮਤਕਾਰ ਤੋਂ ਘੱਟ ਨਹੀਂ ਹੈ। ਜੇਕਰ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਇਹ ਐਲਾਨ ਨਾ ਕਰਦੇ ਤਾਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਪਾਕਿਸਤਾਨ ਦਾ ਹਾਲ ਕੀ ਹੁੰਦਾ। ਵਾਸ਼ਿੰਗਟਨ ਡੀ. ਸੀ. ਦੇ ਅਨੇਕਾਂ ਪਾਕਿਸਤਾਨ ਮਾਹਿਰ ਇਹ ਅੰਦਾਜ਼ਾ ਲਗਾ ਰਹੇ ਸਨ ਕਿ ਜਾਂ ਤਾਂ ਫੌਜ ਜਲਦੀ ਹੀ ਤਖਤਾ ਪਲਟ ਕਰ ਦੇਵੇਗੀ ਜਾਂ ਪਾਕਿਸਤਾਨ ਦੇ ਕਈ ਟੁਕੜੇ ਹੋ ਜਾਣਗੇ। ਨਵਾਜ਼ ਸ਼ਰੀਫ ਦੇ ਅੰਦੋਲਨ ਨੇ ਪਾਕਿਸਤਾਨ ਦੇ ਸਿਰ 'ਤੇ ਦੁਬਾਰਾ ਬੰਗਲਾਦੇਸ਼ ਦਾ ਭੂਤ ਸਵਾਰ ਕਰ ਦਿੱਤਾ ਸੀ। ਪਾਕਿਸਤਾਨ ਵਿਚ ਹੁਣ ਤੱਕ ਅਨੇਕਾਂ ਲੋਕਪ੍ਰਿਯ ਜਨਤਕ ਅੰਦੋਲਨ ਚੱਲੇ, ਪਰ ਅਜਿਹਾ ਪਹਿਲਾਂ ਕਦੀ ਨਹੀਂ ਹੋਇਆ ਕਿ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸਰਕਾਰ ਦੀ ਅਣਦੇਖੀ ਕਰ ਦਿੱਤੀ ਹੋਵੇ। ਨਵਾਜ਼ ਸ਼ਰੀਫ ਅਤੇ ਸ਼ਹਿਬਾਜ਼ ਸ਼ਰੀਫ ਨੂੰ ਲਾਹੌਰ ਦੀ ਪੁਲਿਸ ਨੇ ਨਜ਼ਰਬੰਦ ਕਰਨ ਤੋਂ ਇਨਕਾਰ ਕਰ ਦਿੱਤਾ। ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸਰਕਾਰੀ ਆਗਿਆ ਦਾ ਪਾਲਣ ਕਰਨ ਦੀ ਬਜਾਏ ਅਸਤੀਫਾ ਦੇਣਾ ਜ਼ਿਆਦਾ ਉਚਿਤ ਸਮਝਿਆ। ਸ਼ਰੀਫ ਭਰਾਵਾਂ ਦਾ 'ਲਾਂਗ ਮਾਰਚ' ਸੱਚਮੁਚ ਰਾਸ਼ਟਰੀ ਅੰਦੋਲਨ ਬਣ ਗਿਆ। ਉਹਨਾਂ ਵਿਚੋਂ ਸਿਰਫ ਉਹਨਾਂ ਦੀ ਆਪਣੀ ਮੁਸਲਿਮ ਲੀਗ ਹੀ ਨਹੀਂ, ਪੀ. ਪੀ. ਪੀ. ਦੇ ਕਈ ਮਸ਼ਹੂਰ ਲੀਡਰ ਅਤੇ ਵਰਕਰ, ਸਰਕਾਰੀ ਅਧਿਕਾਰੀ, ਸਾਰੇ ਵਕੀਲ, ਰਿਟਾਇਰਡ ਫੌਜੀ ਅਤੇ ਆਮ ਆਦਮੀਆਂ ਨੇ ਇੰਨੀ ਜ਼ਬਰਦਸਤ ਸ਼ਿਰਕਤ ਕੀਤੀ ਕਿ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਕਟਹਿਰੇ ਵਿਚ ਖੜ੍ਹੇ ਹੋ ਗਏ, ਜਦਕਿ ਦਾਲ ਮੁਸ਼ੱਰਫ ਤੋਂ ਵੀ ਪਤਲੀ ਹੋ ਗਈ।

ਆਰਮੀ ਅਤੇ ਅਮਰੀਕਾ ਨੇ ਵੀ ਉਸ ਦਾ ਸਾਥ ਨਹੀਂ ਦਿੱਤਾ। ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਜ਼ਰਦਾਰੀ ਨੂੰ ਹਿਲਾ ਦਿੱਤਾ। ਫੌਜ ਮੁਖੀ ਪਰਵੇਜ਼ ਕਿਆਨੀ ਨੇ ਪ੍ਰਧਾਨ ਮੰਤਰੀ ਗਿਲਾਨੀ ਨਾਲ ਸਿੱਧੀ ਗੱਲਬਾਤ ਕੀਤੀ। ਗੋਡੇ ਟੇਕਣ ਤੋਂ ਇਲਾਵਾ ਜ਼ਰਦਾਰੀ ਦੇ ਕੋਲ ਕੋਈ ਵਿਕਲਪ ਨਹੀਂ ਰਿਹਾ। ਇਸ ਸਾਰੀ ਘਟਨਾ ਵਿਚ ਪ੍ਰਧਾਨ ਮੰਤਰੀ ਗਿਲਾਨੀ ਆਪਣੇ ਆਪ ਵਿਚ ਨੰਬਰ ਵਨ ਹੋ ਅਤੇ ਜ਼ਰਦਾਰੀ ਨੰਬਰ ਦੋ 'ਤੇ ਖਿਸਕ ਗਏ। ਕੋਈ ਹੈਰਾਨੀ ਨਹੀਂ ਕਿ ਹੁਣ ਜ਼ਰਦਾਰੀ ਅਤੇ ਗਿਲਾਨੀ ਵਿਚਕਾਰ ਤਲਵਾਰਾਂ ਖਿੱਚੀਆਂ ਜਾਣ। ਰਾਸ਼ਟਰਪਤੀ ਦੇ ਅਧਿਕਾਰਾਂ ਵਿਚ ਕਟੌਤੀ ਦੀ ਨਵੀਂ ਮੁਹਿੰਮ ਸ਼ੁਰੂ ਹੋਣ ਵਿਚ ਹੁਣ ਦੇਰ ਨਹੀਂ ਲੱਗਣੀ ਚਾਹੀਦੀ। ਸੰਵਿਧਾਨ ਦੀ 17ਵੀਂ ਸੋਧ ਨੂੰ ਖਮ ਕਰਨ 'ਤੇ ਪਾਕਿਸਤਾਨ ਦੇ ਸਾਰੇ ਪ੍ਰਮੁੱਖ ਦਲ ਸਹਿਮਤ ਹਨ। ਦੂਜੇ ਸ਼ਬਦਾਂ ਵਿਚ ਵਰਤਮਾਨ ਘਟਨਾਕ੍ਰਮ ਦਾ ਇਹ ਐਮਰਜੈਂਸੀ ਬੋਨਸ ਹੈ। ਰਾਸ਼ਟਰਪਤੀ ਦੇ ਤਾਨਾਸ਼ਾਹੀ ਅਧਿਕਾਰਾਂ ਵਿਚ ਕਟੌਤੀ ਅਤੇ ਪ੍ਰਧਾਨ ਮੰਤਰੀ ਦੀਆਂ ਤਾਕਤਾਂ ਦੀ ਬਹਾਲੀ ਪਾਕਿਸਤਾਨ ਦੇ ਲੋਕਤੰਤਰ ਨੂੰ ਮਜਬੂਤ ਬਣਾਵੇਗੀ।

ਜੇਕਰ ਪਾਕਿਸਤਾਨ ਦੇ ਦੋਵੇਂ ਪ੍ਰਮੁੱਖ ਦਲ ਆਪਸ ਵਿਚ ਭਿੜ ਜਾਂਦੇ ਤਾਂ ਫੌਜ ਦੀ ਪੌਂ-ਬਾਰਾਂ ਹੋ ਜਾਂਦੀ। ਲੋਕਾਂ ਦੀ ਨਜ਼ਰ ਵਿਚ ਫੌਜ ਫਿਰ ਉਪਰ ਚੜ੍ਹ ਜਾਂਦੀ ਅਤੇ ਲੀਡਰ ਹੇਠਾਂ ਡਿੱਗ ਜਾਂਦੇ। ਅਮਰੀਕੀਆਂ ਨੂੰ ਵੀ ਮਜਬੂਰੀ ਵਿਚ ਫੌਜ ਦਾ ਸਾਥ ਦੇਣਾ ਪੈਂਦਾ ਕਿਉਂਕਿ ਅਮਰੀਕਾ ਪਾਕਿਸਤਾਨ ਵਿਚ ਲੋਕਤੰਤਰ ਤਾਂ ਲਿਆਉਣਾ ਚਾਹੁੰਦਾ ਹੈ ਪਰ ਉਸਦੀ ਪਹਿਲੀ ਇੱਛਾ ਆਪਣੇ ਰਾਸ਼ਟਰ ਹਿੱਤਾਂ ਦੀ ਰੱਖਿਆ ਕਰਨਾ ਹੈ। ਮੁਸਲਿਮ ਲੀਗ ਅਤੇ ਪੀ. ਪੀ. ਪੀ. ਦੀ ਟੱਕਰ ਅਮਰੀਕਾ ਦੀ ਇਸ ਪਹਿਲ ਨੂੰ ਨਿਸਚਿਤ ਹੀ ਖਟਾਈ ਵਿਚ ਪਾ ਦਿੰਦੀ। ਪਾਕਿਸਤਾਨ ਸਰਕਾਰ ਅੱਤਵਾਦੀਆਂ ਨਾਲ ਲੜਨ ਦੀ ਬਜਾਏ ਆਪਸ ਵਿਚ ਹੀ ਲੜ ਮਰਦੀ। ਇਸ ਕਰਕੇ ਅਮਰੀਕੀ ਸਰਕਾਰ ਨੇ ਸਿੱਧਾ ਦਖਲ ਦਿੱਤਾ। ਦੋਵੇਂ ਪਾਰਟੀਆਂ ਦੇ ਲੀਡਰਾਂ ਨਾਲ ਉਹਨਾਂ ਨੇ ਸਿੱਧੀ ਅਤੇ ਖੁੱਲ੍ਹੀ ਗੱਲਬਾਤ ਕੀਤੀ। ਗੱਲ ਦਾ ਨਤੀਜਾ ਬਹੁਤ ਚੰਗਾ ਨਿਕਲਿਆ। ਇਸ ਕਰਕੇ ਕੋਈ ਇਸ ਨੁਕਤੇ ਨੂੰ ਨਹੀਂ ਉਠਾ ਰਿਹਾ ਕਿ ਪਾਕਿਸਤਾਨੀ ਪ੍ਰਭੂਸੱਤਾ ਦਾ ਕੀ ਹੋਇਆ? ਕੀ ਅਜਿਹਾ ਬਾਹਰਲੀ ਦਖਲਅੰਦਾਜ਼ੀ, ਅਜਿਹੀ ਹਮਾਕਤ ਕੋਈ ਭਾਰਤ ਜਾਂ ਚੀਨ ਦੇ ਨਾਲ ਕਰ ਸਕਦਾ ਹੈ? ਇਸ ਘਟਨਾ ਚੱਕਰ ਨੇ ਦੁਬਾਰਾ ਇਸ ਗੱਲ 'ਤੇ ਮੋਹਰ ਲਗਾਈ ਕਿ ਪਾਕਿਸਤਾਨ ਖੁਦਮੁਖਤਿਆਰ ਨਹੀਂ, ਕਠਪੁਤਲੀ ਰਾਸ਼ਟਰ ਹੈ।

ਇਸ ਸੰਕਟ ਦੇ ਚੰਗੇ ਅੰਤ ਦੇ ਕਾਰਨ ਪਾਕਿਸਤਾਨ ਦੀ ਸੁਪਰੀਮ ਕੋਰਟ ਵਿਚ ਚੌਧਰੀ ਇਫਤਿਖਾਰ ਅਤੇ ਬਾਕੀ ਅਦਾਲਤਾਂ ਵਿਚ ਲਗਭਗ 60 ਜੱਜਾਂ ਦੀ ਵਾਪਸੀ ਹੋਵੇਗੀ। ਇਹ ਜੱਜ ਹੁਣ ਕਿਤੇ ਪੁਰਾਣੇ ਬਦਲੇ ਕੱਢਣ ਵਿਚ ਨਾ ਜੁਟ ਜਾਣ। ਚੌਧਰੀ ਚਾਹੁਣ ਤਾਂ ਜ਼ਰਦਾਰੀ ਨੂੰ ਵੀ ਬਰਖਾਸਤ ਕਰ ਸਕਦੇ ਹਨ। ਉਹ ਮੁਸ਼ੱਰਫ ਦੇ ਐਲਾਨ ਨੂੰ ਗੈਰ ਸੰਵਿਧਾਨਕ ਘੋਸ਼ਿਤ ਕਰ ਸਕਦੇ ਹਨ, ਜਿਸ ਦੇ ਤਹਿਤ ਬੇਨਜ਼ੀਰ ਭੁੱਟੋ ਅਤੇ ਜ਼ਰਦਾਰੀ ਨੂੰ ਮੁਆਫੀ ਮਿਲੀ ਹੈ।

ਉਹ ਉਸ ਚੋਣ ਨੂੰ ਵੀ ਨਜਾਇਜ਼ ਠਹਿਰਾ ਸਕਦੇ ਹਨ, ਜਿਸਦੀ ਲਹਿਰ 'ਤੇ ਸਵਾਰ ਹੋ ਕੇ ਜ਼ਰਦਾਰੀ ਰਾਸ਼ਟਰਪਤੀ ਬਣ ਬੈਠੇ ਹਨ ਪਰ ਅਜਿਹਾ ਕੰਮ ਪਾਕਿਸਤਾਨ ਨੂੰ ਹਨੇਰੇ ਖੂਹ ਵਿਚ ਲਿਜਾ ਸਕਦਾ ਹੈ।

ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਚੌਧਰੀ ਸੰਜਮ ਅਤੇ ਦੂਰਦਰਸ਼ਤਾ ਦਾ ਸਬੂਤ ਦੇਣਗੇ। ਜਿੱਥੋਂ ਤੱਕ ਸ਼ਰੀਫ ਭਰਾਵਾਂ ਦਾ ਸਵਾਲ ਹੈ, ਚੌਧਰੀ ਦੀ ਅਦਾਲਤ ਉਹਨਾਂ ਨੂੰ ਦੋਸ਼ ਮੁਕਤ ਕਰਾਰ ਦੇ ਦੇਵੇਗੀ, ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਹੈ।

ਪੰਜਾਬ ਵਿਚ ਸ਼ਹਿਬਾਜ ਸ਼ਰੀਫ ਦੁਬਾਰਾ ਮੁੱਖ ਮੰਤਰੀ ਬਣਨਗੇ ਅਤੇ ਦੋਵੇਂ ਪ੍ਰਮੁੱਖ ਪਾਰਟੀਆਂ ਮਿਲ ਕੇ ਚੱਲਣਗੀਆਂ, ਪਰ ਹੁਣ ਮੇਲ-ਮਿਲਾਪ ਦੇ ਇਸ ਨਵੇਂ ਦੌਰ ਵਿਚ ਦੋਵੇਂ ਪਾਰਟੀਆਂ ਨੂੰ ਨਵੀਆਂ ਉਚਾਈਆਂ ਛੂਹਣੀਆਂ ਚਾਹੀਦੀਆਂ ਹਨ। ਦੋਵੇਂ ਪਾਰਟੀਆਂ ਨੂੰ

*(ਬਾਕੀ ਸਫਾ 6 'ਤੇ)*

# ਸੱਜਣਾਂ ਦੇ ਵਿਹੜੇ ਦਿਆ ਬੂਟਿਆ

ਬਲਬੀਰ ਸਿੰਘ ਐਮ. ਏ.

ਕਿਸ਼ਤ-16

ਕੈਲੇਫੋਰਨੀਆ ਵਿਚ ਕੰਮਾਂ ਦੀ ਹਾਲਤ ਕਾਫੀ ਮਾੜੀ ਹੋਣ ਨਾਲ ਜਿੱਧਰ ਵੀ ਜਾਵੋ ਇਹੋ ਗੱਲਾਂ ਹੋ ਰਹੀਆਂ ਹੁੰਦੀਆਂ ਹਨ, ਜਿਹਨਾਂ ਵੀਰਾਂ ਭੈਣਾਂ ਦੇ ਕੰਮ ਹੱਥੋਂ ਨਿਕਲ ਗਏ ਹਨ, ਜਦੋਂ ਅਸੀਂ ਜਾ ਕੇ ਉਹਨਾਂ ਨਾਲ ਇਯ ਤਰ੍ਹਾਂ ਦੇ ਵਿਚਾਰ ਕਰਾਂਗੇ ਤਾਂ ਉਹ ਹੋਰ ਇਸ ਕੰਮ ਦੇ ਹਊਏ ਤੋਂ ਡਰ ਜਾਣਗੇ ਤੇ ਉਹ ਢੇਰੀ ਢਾਅ ਲੈਣਗੇ ਪਰ ਕਰਨਾ ਇਹ ਚਾਹੀਦਾ ਹੈ ਕਿ ਉਹਨਾਂ ਨੂੰ ਦਿਲਾਸਾ ਦਿੱਤਾ ਜਾਵੇ, ਚੜ੍ਹਦੀ ਕਲਾ ਵਾਲੀ ਗੱਲ ਕੀਤੀ ਜਾਵੇ।

ਇਸ ਤਰ੍ਹਾਂ ਦਾ ਸਮਾਂ ਇਹ ਪਹਿਲੀ ਵਾਰ ਨਹੀਂ ਆਇਆ। ਇਹ ਇਸ ਬੀਤੀ ਸਦੀ ਵਿਚ 1942 ਦੇ ਲਾਗੇ, ਫਿਰ 1983 ਦੇ ਲਾਗੇ, ਹੁਣ ਫਿਰ 2008 ਤੋਂ ਸ਼ੁਰੂ ਹੋਇਆ ਹੈ।

ਜਿਸ ਹਿਸਾਬ ਨਾਲ ਅਮਰੀਕਾ ਦੀ ਸਰਕਾਰ ਲੱਗੀ ਹੋਈ ਹੈ, ਲੱਗਦਾ ਹੈ ਇਸਦੇ ਸਿੱਟੇ ਚੰਗੇ ਨਿਕਲਣਗੇ ਪਰ ਸਮਾਂ ਤੇ ਕੁਝ ਲੱਗੇਗਾ ਹੀ। ਕੋਈ ਜਾਦੂ ਤਾਂ ਹੈ ਨਹੀਂ ਜੋ ਰਾਸ਼ਟਰਪਤੀ ਜਾਂ ਬਾਕੀ ਉਸਦੀ ਵਜਾਰਤ ਨੇ ਕਰ ਦੇਣਾ ਹੈ। ਚੀਜ਼ਾਂ ਨੂੰ ਜਗ੍ਹਾ ਤੇ ਆਉਂਦਿਆਂ ਕੁਝ ਸਮਾਂ ਲੱਗੇਗਾ ਪਰ ਇਕ ਗੱਲ ਹੋਵੇਗੀ, ਇਹ ਭੈੜਾ ਸਮਾਂ ਜਦੋਂ ਚਲਾ ਗਿਆ, ਇਹ ਜਲਦੀ ਨਾਲ ਆਉਣਾ ਨਹੀਂ ਫਿਰ ਦੁਬਾਰਾ। ਘੱਟੋ ਘੱਟ ਸਾਡੀ ਜ਼ਿੰਦਗੀ ਵਿਚ ਤਾਂ ਨਹੀਂ ਆਵੇਗਾ ਕਿਉਂਕਿ ਇਹ ਨਵੀਂ ਵਜਾਰਤ ਹਰ ਚੀਜ਼ ਨੂੰ ਸੁਚੱਜੇ ਢੰਗ ਨਾਲ ਟਿਕਾ ਕੇ ਰੱਖਣੀ ਚਾਹੁੰਦੀ ਹੈ ਤਾਂ ਕਿ ਫਿਰ ਨਾ ਡਿੱਗ ਪਵੇ! ਪਿਛਲੇ ਕਈ ਸਾਲਾਂ ਦੀਆਂ ਗਲਤੀਆਂ ਨੂੰ ਦਰੁੱਸਤ ਕਰਦੇ ਕਰਦੇ ਕੁਝ ਸਮਾਂ ਲੱਗੇਗਾ ਪਰ ਹੋ ਜਾਵੇਗਾ ਠੀਕ! ਉਮੀਦ ਬਣਾਵਾਂਗੇ ਤਾਂ ਹੀ ਲੋਕਾਂ ਦੇ ਹੌਸਲੇ ਬੁਲੰਦ ਹੋਣਗੇ।

ਬਾਕੀ ਇੱਥੇ ਹਿੰਦੁਸਤਾਨ ਵਾਲੀ ਵਜੀਰੀ ਨਹੀਂ ਹੈ ਕਿ ਘਰ ਪਰਤੀ ਮੁੰਡੇ ਦੇ ਜਾਂਦੇ ਹਨ- ਹੁੰਦਾ ਪੰਜ ਸਾਲ ਕੁਝ ਵੀ ਨਹੀਂ! ਆਸ ਨਾਲ ਸਭ ਕੁਝ ਹੈ। ਕਿਧਰੇ ਵੀ ਕੰਮ ਦੀ ਪੁੱਛ-ਦੱਸ ਹੁੰਦੀ ਹੈ, ਇਕ ਵਾਰ ਅਰਜ਼ੀ ਜ਼ਰੂਰ ਭਰ ਦਿਓ ਤਾਂ ਕਿ ਤੁਹਾਡੇ ਪਿਛਲੇ ਕੰਮ ਦੇ ਤਜਰਬੇ ਤੇ ਵੀ ਨਜ਼ਰ ਪੈ ਸਕੇ। ਕਈ ਵਾਰ ਕੀ ਹੁੰਦਾ ਹੈ ਕਿ ਤੁਸੀਂ ਪਹਿਲੀ ਵਾਰ ਕੰਮ ਨਹੀਂ ਲੈ ਸਕਦੇ ਪਰ ਤੁਹਾਡਾ ਨਾਮ ਤੇ ਕੰਮ ਦਾ ਤਜਰਬਾ ਉਹ ਕੰਪਿਊਟਰ ਵਿਚ ਪਾ ਦਿੰਦੇ ਹਨ, ਜਦੋਂ ਲੋੜ ਹੋਈ, ਉਦੋਂ ਸੱਦ ਲੈਂਦੇ ਹਨ ਤੇ ਇਸ ਨਾਲ ਘੱਟੋ ਘੱਟ ਇਕ ਗੱਲ 'ਤੇ ਹੋ ਹੀ ਸਕਦੀ ਹੈ, ਅੱਜ ਅਰਜ਼ੀ ਦਿੱਤੀ ਦਾ ਅੱਗੇ ਜਾ ਕੇ ਲਾਹਾ ਜ਼ਰੂਰ ਮਿਲੇਗਾ। ਕਿਸੇ ਨਾਲ ਕਿਸੇ ਦਿਨ ਚੰਗੀ ਕੰਪਨੀ ਫਿਰ ਚੱਲੇਗੀ ਤੇ ਤੁਸੀਂ ਉਸ ਵਿਚ ਕੰਮ ਕਰ ਸਕੋਗੇ। ਅਗਰ ਕਿਧਰੇ ਅਰਜ਼ੀ ਨਹੀਂ ਭਰੋਗੇ ਤਾਂ ਘਰੋਂ ਤਾਂ ਲੋਕਾਂ ਨੂੰ ਨਹੀਂ ਸੱਦਿਆ ਜਾਣਾ।

ਉਮੀਦ ਬਣਾਉਣ ਲਹਿਹੀ ਨਵੀਂ ਆਈ ਸਰਕਾਰ ਦਿਨ ਰਾਤ ਮੀਟਿੰਗਾਂ ਕਰਕੇ ਕੁਝ ਨਾ ਕੁਝ ਸਿੱਟੇ ਕੱਢ ਰਹੀ ਹੈ। ਇਹਨਾਂ ਨੂੰ ਲਾਗੂ ਵੀ ਕਰ ਰਹੇ ਹਨ, ਉਮੀਦ ਹੈ ਕਿ ਲੋਕਾਂ ਦੀ ਭਲਾਈ ਦੇ ਕੰਮ ਤੇ ਸਰਕਾਰ ਉਤੇ ਭਰੋਸਾ ਜਲਦੀ ਹੀ ਲੋਕ ਕੰਮ ਲੱਗ ਪੈਣਗੇ।

ਸਾਡੇ ਦੇਸ਼ ਵਿਚ ਜਮ੍ਹਾਖੋਰ ਪਾਰਟੀ ਦੀ ਹਾਰ ਉਤੇ ਸਭ ਕੁਝ ਜਮ੍ਹਾ ਕਰਕੇ ਰੱਖ ਲੈਂਦੇ ਹਨ ਤਾਂ ਕਿ ਨਵੀਂ ਸਰਕਾਰ ਪਾਸ ਨਾ ਹੋ ਸਕੇ, ਸਗੋਂ ਸਰਕਾਰ ਨੂੰ ਡੇਗਣ ਤੇ ਲੱਗੇ ਰਹਿੰਦੇ ਹਨ।

ਕੁਝ ਇਹੋ ਜਿਹਾ ਇਸ ਦੇਸ਼ ਵਿਚ ਵੀ ਹੁੰਦਾ ਨਜ਼ਰ ਆ ਰਿਹਾ ਹੈ, ਕਿਉਂਕਿ ਇੱਥੇ ਕੰਮ ਕਰਨ ਵਾਲੇ ਲੋਕ ਮਿਹਨਤੀ ਹਨ ਅਤੇ ਸਿਰੜੀ ਵੀ ਹਨ, ਇਸ ਲਈ ਜਲਦ ਹੀ ਮੋੜਾ ਪੈ ਜਾਵੇਗਾ। ਕਰੋੜਾਂ ਡਾਲਰਾਂ ਦੇ ਖਰਚੇ ਕਰਕੇ ਸਰਕਾਰ ਸਭ ਕੁਝ ਠੀਕ ਕਰਨਾ ਚਾਹੁੰਦੀ ਹੈ। ਲੜਾਈ ਤੇ ਖਰਬਾਂ ਦੇ ਸਰਮਾਏ ਖਰਚ ਹੁੰਦੇ ਹਨ, ਉਹ ਰੋਕਣ ਵਿਚ ਸਰਕਰ ਨੇ ਰਾਤ ਦਿਨ ਇਕ ਕੀਤਾ ਹੋਇਆ ਹੈ। ਸਰਕਾਰ ਜਿੱਤਣ ਜਿੱਤਣ ਦੇ ਸੁਪਨੇ ਦਿਖਾ ਕੇ ਅੱਠ ਸਾਲਾਂ ਵਿਚ ਲੋਕਾਂ ਨੂੰ ਖੂਹ ਵਿਚ ਸੁੱਟ ਆਪ ਪਾਸੇ ਹੋ ਗਏ ਤੇ ਹੁਣ ਲੋਕ ਸੋਚਾਂ ਦੇ ਸਮੁੰਦਰਾਂ ਵਿਚ ਡੁੱਬੇ ਫਿਰਦੇ ਹਨ।

ਨਵੀਂ ਸਰਕਾਰ ਨੇ ਐਲਾਨ ਕਰ ਦਿੱਤਾ ਹੈ ਕਿ ਜਿੱਤਣ ਨਾਲੋਂ ਜ਼ਿਆਦਾ ਹੈ ਇਸ ਦੇਸ਼ ਦੀ ਖੁਸ਼ਹਾਲੀ। ਅਸੀਂ ਇਸ ਦੇਸ਼ ਦੀ ਖੁਸ਼ਹਾਲੀ ਨੂੰ ਪਹਿਲ ਦੇ ਆਧਾਰ 'ਤੇ ਵਾਪਸ ਲਿਆਵਾਂਗੇ, ਆਪੇ ਜੰਗ ਜਿੱਤੀ ਗਈ। ਮਨੁੱਖਤਾ ਦੇ ਖਿਲਾਫ ਜਿੱਤ ਕੇ ਇਨਸਾਨ ਕਦੇ ਵੱਡਾ ਨਹੀਂ ਹੁੰਦਾ। ਜਿੰਨਾ ਆਪਾ ਵਾਰ ਕੇ ਕਿਸੇ ਦੀ ਮਦਦ ਕਰਕੇ ਮਹਿਸੂਸ ਕਰਦਾ ਹੈ।

ਅਸੀਂ ਪਾਠਕਾਂ ਲਈ ਨਵਾਂ ਕਾਲਮ ਸ਼ੁਰੂ ਕਰ ਰਹੇ ਹਾਂ, ਜਿਸ ਦੀ ਲੋੜ ਅੱਜ ਸਾਡੇ ਸਮਾਜਿਕ ਢਾਂਚੇ ਵਿਚ ਕੀਤੀਆਂ ਜਾ ਸਕਣ ਵਾਲੀਆਂ ਤਬਦੀਲੀਆਂ ਬਾਰੇ ਜਾਂ ਕੁਝ ਕੀਤੇ ਸਫਰਾਂ ਤੇ ਆਧਾਰਿਤ ਹੋਇਆ ਕਰੇਗਾ। ਨਵੀਂ ਸੋਚ ਨਾਲ ;

ਸੰਪਾਦਕ



# ਛੇਵਾਂ "ਸਿੱਖ ਦਸਤਾਰ ਦਿਵਸ" (Sikh Turban DAY) ਦੁਨੀਆਂ ਭਰ ਵਿਚ ਮਨਾਉਣ ਦੀਆਂ ਤਿਆਰੀਆਂ ਸ਼ੁਰੂ



ਹੈ।ਜਿਸ ਅਧੀਨ ਦੂਸਰੇ ਵਰਗ ਦੇ ਵਿਦਿਆਰਥੀਆਂ ਨੂੰ ਵੀ ਦਸਤਾਰਾਂ ਸਜਾਈਆਂ ਜਾਦੀਆਂ ਹਨ। ਪ੍ਰੋਗਰਾਮ ਕੋਅਰਡੀਨੇਟਰ ਜੈਪਰੀਤ ਸਿੰਘ ਸੂਰੀ ਨੇ ਦਸਿਆ ਹੈ ਕਿ ਦਸਤਾਰਾਂ ਬੰਨ ਕੇ ਕਲਾਸਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਨੂੰ ਸਪੈਸ਼ਲ ਇਨਾਮ ਦਿਤਾ ਜਾਂਦਾ ਹੈ। ਆਦਾਰਾ ਉਸ਼ੇਰੇ-ਏ-ਪੰਜਾਬ" ਸਰੀ (ਕੈਨੇਡਾ) ਵਲੋਂ ਹਰ ਸਾਲ ਦੀ ਤਰਾਂ ਦਸਤਾਰ ਦੀ ਮਹਾਨਤਾ ਅਤੇ ਜਾਣਕਾਰੀ ਵਾਸਤੇ ਇਕ ਮਹੀਨਾ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਦਸਤਾਰ ਦਿਵਸ ਵਾਲੇ ਦਿਨ ਬਹੁਤ ਵੱਡੇ ਪੱਧਰ ਤੇ ਸਮਾਗਮ ਕੀਤਾ ਜਾ ਰਿਹਾ ਹੈ। ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਵਿਚ ਪੰਜਾਬੀ ਦੀ ਪੜ੍ਹਾਈ ਦੇ ਨਾਲ ਨਾਲ ਦਸਤਾਰ ਸਿਖਲਾਈ ਪ੍ਰੋਗਰਾਮ ਵੀ ਸ਼ੁਰੂ ਕੀਤਾ ਗਿਆ ਹੈ।

ਇਸਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਇਸ ਸਾਲ ਵੀ ਦਸਤਾਰ ਨਾਲ ਸਬੰਧਤ ਪ੍ਰੋਗਰਾਮ ਕਰਵਾ ਰਹੀਆਂ ਹਨ ਜਿਹਨਾਂ ਵਿਚ ਦਸਤਾਰ ਸਿਖਲਾਈ ਕੈਂਪ ਲਗਾਉਣੇ, ਦਸਤਾਰ ਮੁਕਾਬਲੇ ਕਰਵਾਉਣੇ, ਦਸਤਾਰ ਸੈਮੀਨਾਰ ਆਦਿ ਕਰਵਾਉਣੇ ਸ਼ਾਮਿਲ ਹਨ।

ਇਹ ਦਿਵਸ ਸਿੱਖ ਚਿਲਡਰਨ ਫੋਰਮ ਵਲੋ 2003 ਵਿਚ ਸੂਰੂ ਕੀਤਾ ਗਿਆ ਸੀ ਅਤੇ ਸਭ ਤੋਂ ਪਹਿਲਾ ਉਸਿੱਖ ਦਸਤਾਰ ਦਿਵਸ" 2004 ਨੂੰ ਕੈਲੇਫੋਰਨੀਆਂ ਵਿਖੇ ਮਨਾਇਆ ਸੀ। ਏਸੇ ਹੀ ਸਾਲ ਇਸ ਦਿਨ ਨੂੰ ਕੌਮੀ ਕਾਰਜ ਸਮਝਦੇ ਹੋਏ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਵਿਚ ਮਨਾਇਆ ਸੀ।ਇਸ ਤੋਂ ਅਗਲੇ ਸਾਲ ਹੋਰ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਇਸ ਨੂੰ ਆਪਣੇ ਤਰੀਕੇ ਨਾਲ ਮਨਾਉਣਾ ਸ਼ੁਰੂ ਕਰ ਦਿੱਤਾ।ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਸ ਕਾਰਜ ਤੋਂ ਪੈਦਾ ਹੋਏ ਚੰਗੇ ਪ੍ਰਭਾਵ ਨੂੰ ਦੇਖਦੇ ਹੋਏ ਪਿਛਲੇ ਸਾਲ ਤੋਂ ਉਸਿੱਖ ਦਸਤਾਰ ਦਿਵਸ" ਨੂੰ ਮਾਨਤਾ ਦਿਤੀ ਅਤੇ ਉਨਾਨਕਸ਼ਾਹੀ" ਕੈਲੰਡਰ ਅਤੇ ਜੰਤਰੀ ਵਿਚ ਇਸ ਦਿਨ ਨੂੰ ਪੱਕੇ ਤੌਰ ਤੇ ਦਾਖਲ ਕਰ ਦਿਤਾ।

ਪਿਛਲੇ ਸਾਲ ਏਸੇ ਦਿਨ ਦੁਨੀਆਂ ਭਰ ਵਿਚ 100 ਤੋਂ ਵੱਧ ਗੁਰਦੁਆਰਿਆਂ/ਸਿੱਖ ਸੈਂਟਰਾਂ ਵਿਚ ਦਸਤਾਰ ਸਜਾਉਣ ਦੇ ਕੈਂਪ ਲਾਏ ਗਏ ਅਤੇ ਮੁਫਤ ਦਸਤਾਰਾਂ ਵੰਡੀਆਂ ਗਈਆਂ ਸਨ।ਇਹ ਸਾਰਾ ਉਪਰਾਲਾ ਉਸਿੱਖ ਚਿਲਡਰਨ ਫੋਰਮ", ਯੂਨਾਇਟਡ ਸਿੱਖਸ, ਆਦਾਰਾ ਉਸ਼ੇਰੇ-ਏ-ਪੰਜਾਬ" ਸਰੀ (ਕੈਨੇਡਾ), ਸਿਖ ਫੁਲਵਾੜੀ ਸਟਾਕਟਨ (ਯੂ ਐਸ ਏ), ਅਤੇ ਵੱਖ ਵੱਖ ਦੇਸ਼ਾਂ ਵਿਚ ਸਥਾਨਕ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਦੀਆਂ ਕਮੇਟੀਆਂ ਨਾਲ ਮਿਲ ਜੁਲ ਕੇ ਕੀਤਾ। ਏਸੇ ਲਹਿਰ ਨੂੰ ਹੋਰ ਚਾਰ ਚੰਨ ਲਾਉਣ ਲਈ ਉਅਕਾਲ ਪੁਰਖ ਕੀ ਫੌਜ" (ਅੰਮ੍ਰਿਤਸਰ) ਵਲੋ ਅੰਮ੍ਰਿਤਸਰ ਸ਼ਹਿਰ ਵਿਚ ਸਿੱਖ ਮੈਰਾਥਨ ਦਾ ਆਯੋਜਿਨ ਕੀਤਾ ਸੀ ਜੋ ਕਿ ਆਪਣੇ ਆਪ ਵਿਚ ਇਕ ਵਿਲੱਖਣ ਕਾਰਜ ਸੀ।ਇਹਨਾ ਸਾਰੀਆਂ ਜਥੇਬੰਦੀਆਂ ਨੇ ਇਸ ਸਾਲ ਉਸਿੱਖ ਦਸਤਾਰ ਦਿਵਸ" ਮਨਾਉਣ ਦੀ ਤਿਆਰੀ ਸ਼ੁਰੂ ਕਰ ਦਿਤੀ ਹੈ ਤਾਂ ਕਿ ਖਾਲਸੇ ਦਾ ਜਨਮ ਦਿਹਾੜਾ ਵਿਸਾਖੀ, ਸਿੱਖਾਂ ਦੀ ਆਨ ਅਤੇ ਸ਼ਾਨ ਦਸਤਾਰ ਨੂੰ ਸਜਾ ਕੇ ਕਰਕੇ ਮਨਾਇਆ ਜਾਵੇ।

ਸਿੱਖ ਚਿਲਡਰਨ ਫੋਰਮ ਵਲੋ ਲਿਖਾਰੀ, ਪੱਤਰਕਾਰ, ਰੇਡੀਓ ਅਤੇ ਫਿਲਮੀ ਮੀਡੀਏ ਨਾਲ ਜੁੜੇ ਵਿਦਵਾਨਾਂ ਨੂੰ ਅਪੀਲ ਹੈ ਕਿ ਉਹ ਦਸਤਾਰ ਦਾ ਇਤਿਹਾਸ, ਇਸਦੀ ਅਜੋਕੇ ਸਮੇਂ ਵਿਚ ਲੋੜ, ਦਸਤਾਰ ਪਹਿਨਕੇ ਆਪਣੇ ਅਤੇ ਦੂਸਰੇ ਵਰਗ ਦੇ ਲੋਕਾਂ ਵਿਚ ਵਿਚਰਨਾ, ਪਗੜੀ ਪਹਿਨਕੇ ਆਪਣੀ ਖੂਬਸੂਰਤੀ ਨੂੰ ਵਧਾਉਂਣਾ, ਆਦਿ ਵਿਸ਼ਿਆਂ ਤੇ ਖੋਜ ਭਰੇ ਲੇਖ ਲਿਖ ਕੇ ਅਤੇ ਵਿਚਾਰ ਚਰਚਾ ਕਰ ਕੇ ਇਸ ਦਿਨ ਨੂੰ ਕਾਮਯਾਬ ਬਣਾਊਣ।

ਸਿੱਖ ਚਿਲਡਰਨ ਫੋਰਮ ਦੇ ਬੁਲਾਰੇ ਸ੍ਰ:ਹਰਦੀਪ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਵਿਚ ਹਰ ਸਿੱਖ ਨੂੰ ਭਾਗ ਲੈਣ ਦੀ ਬੇਨਤੀ ਕੀਤੀ ਜਾਦੀ ਹੈ। ਜੋ ਸਿਖ ਦਸਤਾਰ ਪਹਿਨਦੇ ਹਨ ਉਹ ਦੂਸਰਿਆਂ ਨੂੰ ਦਸਤਾਰ ਬੰਨ੍ਹਣ ਲਈ ਪ੍ਰੇਰਿਤ ਕਰਨ ਅਤੇ ਇਸ ਨੂੰ ਸਜਾਉਣ ਦੀ ਸਿਖਿਆ ਦੇਣ।ਜੋ ਵੀਰ ਦਸਤਾਰ ਨਹੀ ਸਜਾਉਦੇ ਉਹ ਇਸ ਦਿਨ ਆਪ ਵੀ ਦਸਤਾਰ ਸਜਾਉਣ ਅਤੇ ਆਪਣੇ ਬੱਚਿਆਂ ਨੂੰ ਵੀ ਦਸਤਾਰ ਸਜਾਉਣ ਲਈ ਪ੍ਰੇਰਿਤ ਕਰਨ ਅਤੇ ਆਪਣੇ ਵਿਰਸੇ ਨਾਲ ਜੁੜ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।ਇਸ ਦਿਨ ਗੁਰਦੁਆਰਾ ਸਾਹਿਬਾਨ ਵਿਚ ਵੱਖੋ ਵੱਖਰੇ ਸਟਾਈਲਾਂ ਦੀਆਂ ਦਸਤਾਰਾਂ ਬੰਨਣ ਦੇ ਮਾਹਿਰ ਹਾਜ਼ਰ ਹੋਣਗੇ।ਰੰਗ ਬਰੰਗੀਆਂ ਦਸਤਾਰਾਂ ਮੁਫਤ ਮੁਹੱਈਆ ਕੀਤੀਆਂ ਜਾਣਗੀਆਂ।

ਆਪ ਹੋਰ ਜਾਣਕਾਰੀwww. Sikhchildren.com web site ਜਾਂ ਈ-ਮੇਲ ਰਾਹੀਂ info@sikhchildren.comਤੋਂ ਲੈ ਸਕਦੇ ਹੋ।

## ਸ਼ਰੀਫ ਨਾਲ ਦੁਬਾਰਾ ਗੱਠਜੋੜ ਸੰਭਵ-ਗਿਲਾਨੀ

ਇਸਲਾਮਾਬਾਦ- ਬਰਖ਼ਾਸਤ ਜੱਜਾਂ ਦੀ ਬਹਾਲੀ ਤੋਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜਾ ਗਿਲਾਨੀ ਨੇ ਕਿਹਾ ਹੈ ਕਿ ਪੀ. ਪੀ. ਪੀ. ਅਤੇ ਪੀ. ਐਮ. ਐਲ.-ਐਨ ਵਿਚਕਾਰ ਨਵੇਂ ਗੱਠਜੋੜ ਦੀਆਂ ਸੰਭਾਵਨਾਵਾਂ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ।

ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਬਰਖ਼ਾਸਤ ਜੱਜਾਂ ਨੂੰ ਬਹਾਲ ਕਰਨ ਸਮੇਤ ਸਾਰੀਆਂ ਮੰਗਾਂ ਮੰਨ ਲੈਣ ਤੋਂ ਬਾਅਦ ਪਾਕਿਸਤਾਨ ਵਿਚ ਹੋਇਆ ਰਾਜਨੀਤਿਕ ਹੰਗਾਮਾ ਸ਼ਾਂਤ ਹੋ ਗਿਆ ਹੈ। ਗਿਲਾਨੀ ਨੇ ਇਹ ਵੀ ਕਿਹਾ ਕਿ ਉਹ ਪੰਜਾਬ ਵਿਚ ਗਵਰਨਰ ਰਾਜ ਲਾਗੂ ਕੀਤੇ ਜਾਣ ਦੇ ਖ਼ਿਲਾਫ਼ ਸਨ ਅਤੇ ਜਿੰਨਾ ਜਲਦੀ ਹੋ ਸਕੇਗਾ, ਉਥੋਂ ਗਵਰਨਰ ਰਾਜ ਖਤਮ ਕਰ ਦਿੱਤਾ ਜਾਵੇਗਾ।

## ਆਧਾਰ ਗੁਆਉਂਦੀਆਂ ਜਾ ਰਹੀਆਂ ਹਨ ਭਾਰਤ ਦੀਆਂ ਕੌਮੀ ਪਾਰਟੀਆਂ

ਸਫਾ 5 ਦੀ ਬਾਕੀ

ਮਿਲ ਕੇ ਪੰਜਾਬ ਅਤੇ ਕੇਂਦਰ ਵਿਚ ਵੀ ਗੱਠਜੋੜ ਸਰਕਾਰਾਂ ਬਣਾਉਣੀਆਂ ਚਾਹੀਦੀਆਂ ਹਨ। ਜੇਕਰ ਪਾਕਿਸਤਾਨ ਦੇ ਲੀਡਰ ਫੌਜ ਦੀ ਵਾਪਸੀ ਦੇ ਵਿਰੁੱਧ ਹਨ ਤਾਂ ਉਹਨਾਂ ਕੋਲ ਕੇਵਲ ਇਹੀ ਵਿਕਲਪ ਬਚਿਆ ਹੈ। ਨਹੀਂ ਦਾਂ ਦੋਵੇਂ ਪਾਰਟੀਆਂ ਆਪਣੀ-ਆਪਣੀ ਧੌਂਸ ਕਾਇਮ ਕਰਨ ਦੇ ਲਈ ਹੁਣ ਇੰਨੇ ਸਖਤ ਪੱਧਰ 'ਤੇ ਉਤਰ ਸਕਦੀਆਂ ਹਨ ਕਿ ਸੰਸਦ ਭੰਗ ਹੋ ਸਕਦੀ ਹੈ ਅਤੇ ਪ੍ਰਸ਼ਾਸਨ ਠੱਪ ਹੋ ਸਕਦਾ ਹੈ। ਜੇਕਰ ਦੋਵੇਂ ਪਾਰਟੀਆਂ ਕੇਂਦਰ ਅਤੇ ਰਾਜਾਂ ਵਿਚ ਗੱਠਜੋੜ ਕਰ ਲੈਣ ਤਾਂ ਨਾ ਕੇਵਲ ਉਹ ਫੌਜ ਨੂੰ ਹਾਸ਼ੀਏ 'ਤੇ ਸੁੱਟ ਕੇ ਰੱਖ ਸਕਦੀਆ ਹਨ, ਬਲਕਿ ਅੱਤਵਾਦ ਦਾ ਵੀ ਡਟ ਕੇ ਮੁਕਾਬਲਾ ਕਰ ਸਕਦੀਆਂ ਹਨ।

ਭਾਰਤ ਨਾਲ ਵਧੀਆ ਸਬੰਧ ਬਣਾ ਸਕਦੀਆਂ ਹਨ ਅਤੇ ਪਾਕਿਸਤਾਨ ਦੀ ਡੋਲਦੀ ਅਰਥ ਵਿਵਸਥਾ ਨੂੰ ਵੀ ਪਟੜੀ 'ਤੇ ਲਿਆ ਸਕਦੀਆਂ ਹਨ। ਇਸ ਘਟਨਾ ਚੱਕਰ ਨੇ ਨਵਾਜ਼ ਸ਼ਰੀਫ ਦੀ ਲੋਕਪ੍ਰਿਅਤਾ ਨੂੰ ਚਾਰ ਚੰਨ ਜ਼ਰੂਰ ਲਗਾਏ ਹਨ ਪਰ ਗਿਲਾਨੀ ਨੂੰ ਵੀ ਵੱਡੇ ਲੀਡਰ ਦੇ ਅਹੁਦੇ 'ਤੇ ਸਥਾਪਤ ਕਰ ਦਿੱਤਾ ਹੈ। ਇਹ ਦੋਵੇਂ ਪੰਜਾਬ ਲੀਡਰ ਚਾਹੁਣ ਤਾਂ ਪਾਕਿਸਤਾਨ ਦੀ ਰਾਜਨੀਤੀ ਵਿਚ ਇਕ ਨਵੇਂ ਯੁੱਗ ਦੀ ਸ਼ੁਰੂਆਤ ਕਰ ਸਕਦੇ ਹਨ। ਇਸ ਵਿਚ ਸ਼ੱਕ ਨਹੀਂ ਕਿ ਅਗਲੀਆਂ ਚੋਣਾਂ ਵਿਚ ਇਹੀ ਲੀਡਰ ਇਕ-ਦੂਜੇ ਦਾ ਮੁਕਾਬਲਾ ਕਰਨਗੇ, ਪਰ ਉਸ ਮੁਕਾਬਲੇ ਤੱਕ ਕੀ ਇਹ ਸੰਭਵ ਨਹੀਂ ਹੈ ਕਿ ਪਾਕਿਸਤਾਨ ਦੀ ਗੱਡੀ ਨੂੰ ਇਹ ਲੋਕ ਮਿਲ ਕੇ ਖਿੱਚ ਲੈਣਗੇ।


R.PAL SINGH TAX PREPARER
BOOKKEEPING & ACCOUNTS
Real Estate & Loans

- TAX:- INDIVIDUAL, FAMILY, BUSINESS, TRUCKING
- BOOKKEEPING & ACCOUNTS
- PAYROLL SERVICE
- REAL ESTATE & LOANS-(RESIDENTIAL & COMMERCIAL)
- INSURANCE:- LIFE & HEALTH
- NOTARY PUBLIC

Expecting a Refund : GET MONEY BACK FAST!

CALL: R.PAL SINGH
510-750-3464
"Authorised IRS e-file Provider"
39159 Paseo Padre PKwy#103, Fremont, Ca 94538



R.PAL SINGH
TAX PREPARER (CTEC) Realtor

www.singhtax.com Email : singhrpal@sbeglobal.net



ਪਰਦੇਸ ਟਾਇਮਜ਼
ਪੰਜਾਬੀ ਮਾਂ ਬੋਲੀ ਦੀ ਆਵਾਜ਼ ਨੂੰ ਆਪਣੇ ਘਰ ਮੰਗਵਾਉਣ ਲਈ ਸਾਲਾਨਾ ਖਰਚ ਦਾ ਵੇਰਵਾ

ਯੂ.ਐਸ.ਏ. ਕੈਨੇਡਾ ਮੰਗਵਾਉਣ ਲਈ
USA $30


ਹੋਰ ਮੁਲਕਾਂ ਵਿਚ ਮੰਗਵਾਉਣ ਲਈ
USA $60

ਇਹ ਰਕਮ ਹੇਠ ਲਿਖੇ ਐਡਰੈਸ ਤੇ ਭੇਜੋ
5082 Bronte, Ct Fremont, CA-94538
Tel : 510-938-7771, Fax510-740-3520

# 'ਸ਼ਹੀਦ ਭਗਤ ਸਿੰਘ ਦਾ ਬਚਪਨ ਬੇਹੱਦ ਅਜੀਬ ਸੀ'

## ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਨਾਲ 33 ਵਰ੍ਹੇ ਪੁਰਾਣੀ ਮੁਲਾਕਾਤ

ਗੁਰਭਜਨ ਗਿੱਲ



ਸ਼ਹੀਦ ਭਗਤ ਸਿੰਘ ਸੂਰਮੇ ਦੀ ਪਰਿਵਾਰਕ ਜ਼ਿੰਦਗੀ, ਉਸ ਨਾਲ ਖਹਿ ਕੇ ਲੰਘਦੇ ਇਤਿਹਾਸਕ ਪਲਾਂ ਦੀ ਦਾਸਤਾਂਨ ਤੇਤੀ ਸਾਲ ਪਹਿਲਾਂ ਮੈਂ ਸ਼ਹੀਦ ਭਗਤ ਸਿੰਘ ਤੋਂ ਸਿਰਫ਼ ਸਾਢੇ ਤਿੰਨ ਸਾਲ ਨਿੱਕੀ ਭੈਣ ਬੀਬੀ ਅਮਰ ਕੌਰ ਪਾਸੋਂ ਸੁਣੀ ਸੀ। ਲਿਖ ਕੇ ਅੱਖਰ-ਅੱਖਰ ਉਨ੍ਹਾਂ ਨੂੰ ਸੁਣਾਇਆ ਸੀ। ਉਦੋਂ ਵੀ ਕੁਝ ਅਖ਼ਬਾਰਾਂ ਅਤੇ ਮਾਸਿਕ ਪੱਤਰਾਂ ਨੇ ਇਸ ਦੇ ਕੁਝ ਹਿੱਸੇ ਪ੍ਰਕਾਸ਼ਤ ਕੀਤੇ ਸਨ ਪਰ ਅੱਜ ਇਨ੍ਹਾਂ ਦੀ ਸਾਰਥਿਕਤਾ ਪਹਿਲਾਂ ਨਾਲੋਂ ਵੀ ਵੱਧ ਹੈ ਕਿਉਂਕਿ ਅੱਜ ਆਪੋ-ਆਪਣੇ ਰੰਗ ਦੀਆਂ ਦਸਤਾਰਾਂ ਲੈ ਕੇ ਵੰਨਸੁਵੰਨੇ ਲੋਕ ਸ਼ਹੀਦ ਭਗਤ ਸਿੰਘ ਦੇ ਸੀਸ ਉਤੇ ਸਜਾ ਰਹੇ ਹਨ। ਆਪੋ-ਆਪਣੀਆਂ ਟੋਪੀਆਂ ਅਤੇ ਫੈਲਟ ਹੈਟ ਨੂੰ ਸਹੀ ਗਰਦਾਨ ਰਹੇ ਹਨ। ਜਿਸ ਵਕਤ ਭਗਤ ਸਿੰਘ ਉਸਰ ਰਿਹਾ ਸੀ, ਉਸ ਵੇਲੇ ਦੀਆ ਸਮਾਜਿਕ, ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦਾ ਉਸਦੇ ਪਰਿਵਾਰ ਅਤੇ ਸੰਸਾਰ ਪ੍ਰਤੀ ਕੀ ਵਤੀਰਾ ਸੀ, ਇਹ ਮੁਲਾਕਾਤ ਉਸ ਵਰਤਾਰੇ ਨੂੰ ਨੰਗਾ ਕਰਦੀ ਹੈ। ਉਮੀਦ ਹੈ ਪਾਠਕ ਇਹ ਸਤਰਾਂ ਪੜ੍ਹ ਕੇ ਸ਼ਹੀਦ ਭਗਤ ਸਿੰਘ ਦੇ ਨਿੱਜੀ ਦਰਸ਼ਨ ਕਰ ਸਕਣਗੇ। ਬੀਬੀ ਅਮਰ ਕੌਰ ਜੀ ਭਾਵੇਂ ਸਾਡੇ ਅੰਗ-ਸੰਗ ਨਹੀਂ ਹਨ ਪਰ ਉਨ੍ਹਾਂ ਦੀਆਂ ਆਖੀਆਂ ਗੱਲਾਂ ਅੱਜ ਵੀ ਇੰਨਬਿਨ ਉਵੇਂ ਹਨ ਜਿਵੇਂ ਉਹ ਸਾਡੇ ਨਾਲ ਸਾਹਮਣੇ ਬੈਠ ਕੇ ਕਰ ਰਹੇ ਹੋਣ। ਇਸ ਮੁਲਾਕਾਤ ਮੌਕੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਅਤੇ ਬੀਬੀ ਅਮਰ ਕੌਰ ਦੇ ਸਪੁੱਤਰ ਪ੍ਰੋਫ਼ੈਸਰ ਜਗਮੋਹਨ ਸਿੰਘ ਵੀ ਮਰੇ ਅੰਗ-ਸੰਗ ਸਨ।

? ਬੀਬੀ ਜੀ, ਤੁਸੀਂ ਸ਼ਹੀਦ ਭਗਤ ਸਿੰਘ ਨਾਲੋਂ ਸਿਰਫ਼ ਸਾਢੇ ਤਿੰਨ ਵਰ੍ਹੇ ਨਿੱਕੇ ਸਉ ਤੁਹਾਡਾ ਬਚਪਨ ਕਿੰਝ ਦਾ ਸੀ, ਘਰ ਦੇ ਮਾਹੌਲ ਦਾ ਪ੍ਰਭਾਵ ਕਿਹੋ ਜਿਹਾ ਸੀ ?

-ਮੈਂ ਆਪਣੇ ਵੱਡੇ ਵੀਰ ਭਗਤ ਸਿੰਘ ਤੋਂ ਸਾਢੇ ਤਿੰਨ ਵਰ੍ਹੇ ਨਿੱਕੀ ਸਾਂ। ਬਚਪਨ ਦੇ ਦਿਨ ਬੜੇ ਅਜੀਬ ਸਨ। ਚਾਚੀਆਂ ਚਾਚੇ ਅੰਗ੍ਰੇਜਾਂ ਨਾਲ ਭਿੜ ਰਹੇ ਸਨ। ਨਿੱਕੇ ਜਿਹੇ ਸਾਂ, ਜਦੋਂ ਪਤਾ ਲੱਗਾ ਕਿ ਮਾਂਡਲੇ ਜੇਲ੍ਹ ਵਿੱਚ ਚਾਚਾ ਜੀ ਸਵਰਨ ਸਿੰਘ ਨੂੰ ਕੋਹਲੂ ਅੱਗੇ ਅੰਗਰੇਜ਼ਾਂ ਨੇ ਜੋੜਿਆ ਏ। ਜਿਸ ਨਾਲ ਉਨ੍ਹਾਂ ਦੀ ਵਧੇਰੇ ਜ਼ੋਰ ਲੱਗਣ ਕਰਕੇ ਹਿੱਕ ਪਾਟ ਗਈ ਤੇ ਉਨ੍ਹਾਂ ਦੀ ਮੌਤ ਹੋ ਗਈ। ਇਸ ਗੱਲ ਦਾ ਸਾਡੇ ਮਨਾਂ ਤੇ ਬੜਾ ਡੂੰਘਾ ਅਸਰ ਪਿਆ। ਅਸੀਂ ਅੰਗ੍ਰੇਜ਼ ਨੂੰ ਆਪਣੇ ਕੁਨਬੇ ਦਾ ਵੈਰੀ ਸਮਝ ਕੇ ਆਪਣੇ ਆਪ ਨੂੰ ਉਹਦਾ ਵੈਰੀ ਦਸਦੇ। ਘਰ ਵਿੱਚ ਸਾਡੀ ਮਾਂ ਤੇ ਚਾਚੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਜਨਮ ਸਾਖੀਆਂ ਪੜ੍ਹਦੀਆਂ ਤਾਂ ਸਨ ਪਰ ਉਸ ਦਾ ਕੋਈ ਪ੍ਰਭਾਵ ਨਹੀਂ ਸੀ। ਸਾਨੂੰ ਬੱਚਿਆਂ ਨੂੰ ਵੀ ਇਸ ਗੱਲ ਦਾ ਪਤਾ ਸੀ ਕਿ ਇਹ ਧਰਮ ਹੀ ਸਾਡੇ ਮੁਲਕ ਦੇ ਵੈਰੀ ਨੇ, ਜੋ ਸਾਨੂੰ ਕੁਝ ਨਹੀਂ ਸੋਚਣ ਦੇਂਦੇ। ਬਾਬਾ ਜੀ ਨੂੰ ਇਸ ਗੱਲ ਦਾ ਫ਼ਖਰ ਸੀ ਕਿ ਉਹ ਅੰਗ੍ਰੇਜਾਂ ਦੇ ਜਾਨੀ ਦੁਸ਼ਮਣ ਜਗਤ ਤੇ ਭਗਤ ਨੂੰ ਤਿਆਰ ਕਰ ਰਹੇ ਨੇ। ਲੋਕੀ ਸ਼ਰੀਕੇ ਵਾਲੇ ਵੀ ਆਖਦੇ 'ਕਿਸ਼ਨ ਸਿੰਘ ਤਾਂ ਸਾਨ੍ਹ ਪਾਲਦੈ।' ਦੋਵੇਂ ਵੀਰ ਹੱਡਾਂ ਪੈਰਾਂ ਦੇ ਸਾਰੇ ਪਰਿਵਾਰ ਵਾਂਗੂੰ ਖੁੱਲ੍ਹੇ ਮੋਕਲੇ ਸਨ। ਜਦੋਂ ਥੋੜ੍ਹੇ ਵੱਡੇ ਹੋਏ ਤਾਂ ਸਕੂਲੇ ਦਾਖਲ ਹੋ ਗਏ ਸਾਂ।ਡਾਕ ਵਿੱਚ ਜਦੋਂ ਬਾਹਰ ਪਰਦੇਸੀਂ ਗਏ ਚਾਚਿਆਂ ਦੀ ਚਿੱਠੀ ਨਾ ਆਉਂਦੀ ਤਾਂ ਵੀਰ ਜੀ ਚਾਚੀਆਂ ਨੂੰ ਪੁੱਛਦੇ, 'ਚਾਚਾ ਜੀ ਦੀ ਚਿੱਠੀ ਕਿਉਂ ਨਹੀਂ ਆਉਂਦੀ। ਚਾਚਾ ਜੀ ਕਿੱਥੇ ਗਏ ਨੇ।' ਤੇ ਫੇਰ ਚਾਚੀ ਜੀ ਨੇ ਉਨ੍ਹਾਂ ਦੀ ਜਲਵਤਨੀ ਬਾਰੇ ਦੱਸਣਾ। ਸਾਡੇ ਭੈਣ ਭਰਾਵਾਂ ਦੇ ਮਨਾਂ ਵਿੱਚ ਅੰਗਰੇਜ਼ਾਂ ਪ੍ਰਤੀ ਪਹਿਲੀ ਨਫ਼ਰਤ ਡਾਕ ਵਿੱਚ ਨਾ ਆਉਂਦੀ ਚਿੱਠੀ ਦੇਖ ਕੇ ਪੈਦਾ ਹੋਈ।

? ਸ੍ਰੀ ਭਗਤ ਸਿੰਘ ਦਾ ਬਚਪਨ ਕਿੰਝ ਦਾ ਸੀ?

-ਵੀਰ ਜੀ ਨੂੰ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਪੁਣਨ-ਛਾਨਣ ਦੀ ਆਦਤ ਪਹਿਲਾਂ ਤੋਂ ਈ ਸੀ। ਉਹ ਐਵੇਂ ਸਵਾਲ ਕਰਦੇ ਰਹਿੰਦੈ.ਫਲਾਣਾ ਆਦਮੀ ਨੰਬਰਦਾਰ ਕਿਉਂ ਏਂ। ਉਹਦੇ ਕੋਲ ਬੰਦੂਕ ਕਿਉਂ ਏ। ਚਾਚੀ ਹਰਨਾਮ ਕੌਰ ਦਸਦੇ, ਪੁੱਤਰ! ਉਹ ਨੰਬਰਦਾਰ ਅੰਗਰੇਜ਼ਾਂ ਦਾ ਚਮਚਾ ਹੈ ਤੇ ਸਾਡੇ ਟੱਬਰ ਦੀਆਂ ਸੂਹਾਂ ਦੇ ਦੇ ਕੇ ਉਹਨੇ ਮੁਰੱਬੇ ਲਏ ਨੇ। ਉਹਨੂੰ ਬੰਦੂਕ ਇਸ ਵਾਸਤੇ ਮਿਲੀ ਏ ਕਿ ਉਹਨੂੰ ਸਾਡੇ ਤੋਂ ਜਾਨੀ ਖਤਰਾ ਏ। ਫਿਰ ਮੇਰਿਆਂ ਵੀਰਾਂ ਨੇ ਆਮ ਬੱਚਿਆਂ ਵਾਂਗ ਖੇਡਾਂ ਖੇਡਣੀਆਂ। ਇਕ ਦਿਨ ਮਹਿਤਾ ਨੰਦ ਕਿਸ਼ੋਰ ਸਾਡੇ ਘਰ ਆਏ ਹੋਏ ਸਨ, ਉਨ੍ਹਾਂ ਨੇ ਵੀਰ ਭਗਤ ਤੇ ਜਗਤ ਨੂੰ ਖੇਡਦਿਆਂ ਵੇਖ ਕੇ ਪੁੱਛਿਆ, ਪੁੱਤਰ! ਇਹ ਤੀਲੇ ਜਿਹੇ ਗੱਡ ਕੇ ਕੀ ਖੇਡਦੇ ਹੋ ?' ਤਾਂ ਭਗਤ ਸਿੰਘ ਨੇ ਆਖਿਆ, 'ਅਸੀਂ ਦਮੂਖਾਂ ਬੀਜਨੇ ਆਂ।' ਇਹ ਗੱਲ ਮਗਰੋਂ ਸੱਚ ਸਾਬਤ ਹੋਈ। ਪਹਿਲੀਆਂ ਚਾਰ ਜਮਾਤਾਂ (ਬੰਗਾ) ਨੇੜੇ ਜੜ੍ਹਾਂ ਵਾਲਾ ਲਾਇਲਪੁਰ ਵਿੱਚ ਪਾਸ ਕੀਤੀਆਂ। ਆਪਣੇ ਹਾਣਦਿਆਂ ਦਾ ਜਥੇਦਾਰ ਸੀ ਵੀਰ ਮੇਰਾ, ਚੌਧਰੀ ਉਨ੍ਹਾਂ ਦਾ। ਆਖਦਾ, ਉਇ ਸੂਰੋ (ਇਹ ਗਾਹਲ ਸਾਡੇ ਘਰ ਦੀ ਵਿਸ਼ੇਸ਼ ਸੀ) ਮੈਂ ਵਿਆਹ ਨਹੀਂ ਕਰਵਾਉਣਾ, ਤੁਸੀਂ ਵੀ ਨਾ ਕਰਵਾਇਓ। ਆਪਾਂ ਅੰਗਰੇਜ਼ਾਂ ਨੂੰ ਮੁਲਕ ਤੋਂ ਭਜਾ ਦੇਣਾ ਏ, ਫਿਰ ਚਾਚਾ ਜੀ ਦੀ ਚਿੱਠੀ ਆਇਆ ਕਰੂ। ਚਾਚਾ ਜੀ ਨੂੰ ਮੈਂ ਮਿਲੂੰ ਅੰਗਰੇਜ਼ਾਂ ਨੂੰ ਬਾਹਰ ਕੱਢ ਕੇ ਮੁਲਕੋਂ।

? ਬੰਗੇ (ਲਾਇਲਪੁਰ) ਤੋਂ ਬਾਅਦ ਫਿਰ ਲਾਹੌਰ ਚਲੇ ਗਏ ?

-ਹਾਂ ਲਾਹੌਰ, ਡੀ. ਏ. ਵੀ ਸਕੂਲ ਵਿੱਚ ਸਾਰੇ ਆਰੀਆ ਸਮਾਜੀਆਂ ਦੇ ਬੱਚੇ ਪੜ੍ਹਦੇ ਸੀ। ਸਾਡਾ ਪਰਿਵਾਰ ਵੀ ਆਰੀਆ ਸਮਾਜੀ ਸੀ। ਸਿੱਖਾਂ ਦੀ ਇਕੋ ਇਕ ਸੰਸਥਾ ਚੀਫ਼ ਖਾਲਸਾ ਦੀਵਾਨ ਹੀ ਸੀ – ਉਹ ਚੀਫ਼ੀਏ ਤਾਂ ਔਤਰੇ ਸਰਕਾਰ ਦੇ ਝੋਲੀ ਚੁੱਕ ਸਨ। ਅਕਾਲੀ ਅਜੇ ਉਦੋਂ ਅਜੇ ਪੈਦਾ ਵੀ ਨਹੀਂ ਸੀ ਹੋਏ। ਸਾਨੂੰ ਤਾਂ ਕਿਸੇ ਨੇ ਵੀ ਉਦੋਂ ਨਾ ਪ੍ਰਵਾਨ ਕੀਤਾ। ਚਾਚਾ ਜੀ ਅਜੀਤ ਸਿੰਘ ਬਾਰੇ ਆਰੀਆ ਸਮਾਜੀਆਂ ਵੀ ਆਖ ਦਿੱਤਾ। ਮੁੱਕਦੀ ਗੱਲ! ਅਸੀਂ ਆਰੀਆ ਸਮਾਜੀ ਤਾਂ ਸਾਂ। ਇਸ ਕਰਕੇ ਡੀ. ਏ. ਵੀ. ਸਕੂਲੇ ਵੀਰ ਜੀ ਪੜ੍ਹਨ ਲੱਗੇ। ਉਦੋਂ ਡੀ.ਏ.ਵੀ. ਸਕੂਲ ਲਾਹੌਰ ਰਾਜਸੀ ਸਰਗਰਮੀਆਂ ਦਾ ਕੇਂਦਰ ਹੁੰਦਾ ਸੀ। ਵਲੈਤੀ ਮਾਲ ਹਾਏ! ਹਾਏ ਦੇ ਨਾਅਰੇ ਲੱਗਦੇ। ਵਲੈਤੀ ਮਾਲ ਦੇ ਜਨਾਜ਼ੇ ਨਿਕਲਦੇ। ਇਕ ਜਲੂਸ ਵਿੱਚ ਵੀਰ ਜੀ ਵੀ ਸ਼ਾਮਲ ਹੋਏ ਤੇ ਤੇਰਾਂ ਸਾਲ ਦੀ ਉਮਰ ਵਿੱਚ ਪਹਿਲੀ ਵਾਰ ਗ੍ਰਿਫ਼ਤਾਰ ਹੋਏ।

? ਤੁਸੀਂ ਉਦੋਂ ਪਿੰਡ ਸਉ ਜਾਂ ਲਾਹੌਰ ਪੜ੍ਹਦੇ ਸੀ ?

-ਮੈਂ ਵੀ ਉਦੋਂ ਲਾਹੌਰ ਸੂਰਤ ਮੰਡੀ ਦੀ ਇੱਕ ਕੰਨਿਆ ਪਾਠਸ਼ਾਲਾ ਵਿੱਚ ਪੜ੍ਹਦੀ ਸੀ। ਆਰੀਆ ਸਮਾਜ ਨੇ ਹੀ ਖੋਲ੍ਹਿਆ ਹੋਇਆ ਸੀ ਕੋਈ। ਮਾਰਸ਼ਲ ਲਾਅ ਲੱਗਾ ਹੋਇਆ ਸੀ। ਵੀਰ ਜੀ ਕਦੇ ਕਦੇ ਮੈਨੂੰ ਲੁਕ ਲੁਕ ਮਿਲਣ ਆਉਂਦੇ। ਇਕ ਵੇਰ ਹੋਲੀਆਂ ਦੇ ਦਿਨਾਂ ਵਿੱਚ ਮਿਲਣ ਆ ਗਏ। ਉਨ੍ਹਾਂ ਦਾ ਮੂੰਹ ਰੰਗਿਆ ਹੋਇਆ ਸੀ। ਆਉਂਦੇ ਹੀ ਆਖਣ ਲੱਗੇ, ਲਿਆ ਕਮਲੀਏ! ਸਾਬਣ ਦੇਵੀਂ ਮੂੰਹ ਧੋ ਕੇ ਆਏ ਤਾਂ ਅਸੀਂ ਧਰਤੀ ਤੇ ਲੀਕ ਮਾਰ ਮਾਰ ਕੇ ਖੇਡਣ ਲੱਗ ਪਏ। ਮੈਂ ਜਿੱਤ ਜਾਂਦੀ ਤਾਂ ਆਖਦੇ, ਨਹੀਂ ਤੂੰ ਨਹੀਂ, ਮੈਂ ਜਿੱਤਿਆ ਹਾਂ। ਮੈਂ ਰੋਣ ਵਰਗਾ ਮੂੰਹ ਬਣਾ ਕੇ ਆਖਦੀ ਤੂੰ ਰੋਹਬ ਮਾਰਦਾ ਏਂ, ਤਾਂ ਆਖਦੇ ਕਿਉਂ ਮੈਂ ਵੱਡਾ ਨਹੀਂ ? ਤੇ ਮੈਂ ਏਸ ਦਲੀਲ ਨੂੰ ਸਹੀ ਮੰਨ ਲੈਂਦੀ ਸੀ।

? ਉਨ੍ਹਾਂ ਦਿਨਾਂ ਦੀ ਕੋਈ ਹੋਰ ਵਿਸ਼ੇਸ਼ ਗੱਲ!

-ਵੀਰ ਜੀ, ਮਾਰਸ਼ਲ ਲਾਅ ਦੇ ਦਿਨਾਂ ਵਿੱਚ ਸੜਕਾਂ ਤੇ ਗਲੀਆਂ ਵਿੱਚ ਮੋਏ ਬੰਦਿਆਂ ਦੀਆਂ ਲਾਸ਼ਾਂ ਲੱਭਦੇ ਫਿਰਦੇ ਤੇ ਉਨ੍ਹਾਂ ਨੂੰ ਬਿੱਲੇ ਲਾਉਣ ਦਾ ਕੰਮ ਵੀ ਕਰਦੇ। ਇਹ ਉਨ੍ਹਾਂ ਦੀ ਮੁੱਢਲੀ ਰਾਜਸੀ ਸਰਗਰਮੀ ਭਾਵੇਂ ਆਖ ਲਉ। ਉਸ ਨੂੰ ਇੰਜ ਲੱਗਦਾ ਹਰ ਅੰਗਰੇਜ਼ ਦਾ ਵੈਰੀ ਮੇਰਾ ਘਰ ਦਾ ਜੀਅ ਹੈ। ਸ਼ਾਇਦ ਅੰਗਰੇਜ਼ ਨਾਲ ਵੈਰ ਉਸ ਦੇ ਹੱਡੀਂ ਰਚ ਚੁੱਕਾ ਸੀ। ਉਂਜ ਗੁੜਤੀ ਤਾਂ ਹੈ ਈ ਅੰਗਰੇਜ਼ ਵਿਰੋਧ ਦੀ ਸੀ।

? ਸਾਡੇ ਸਾਹਿਤ ਵਾਲੇ ਲੋਕਾਂ ਨੇ ਸ਼ਹੀਦ ਭਗਤ ਸਿੰਘ ਦੀ ਕੁੜਮਾਈ ਬਾਰੇ ਕਈ ਭਰਮ ਖੜ੍ਹੇ ਕੀਤੇ ਤੇ ਹਕੀਕਤ ਕੀ ਏ ?

-ਵੀਰ ਜੀ, ਅਜੇ ਨਿੱਕੇ ਜਿਹੇ ਸਨ। ਘਰ ਸਰਦਾ ਪੁੱਜਦਾ ਤਾਂ ਸੀ ਹੀ। ਮਾਨਾਂਵਾਲੀਏ ਸਰਦਾਰ (ਸ਼ੇਖੂਪੁਰੀਏ) ਵੀਰ ਜੀ ਨੂੰ ਰਿਸ਼ਤਾ ਕਰਨ ਨੂੰ ਫਿਰਦੇ ਰਹੇ। ਪੰਡਤ ਵੀ ਆਉਂਦਾ ਰਿਹਾ। ਪਰ ਵੀਰ ਜੀ ਹਰ ਵਾਰ ਨਾਂਹ ਕਰ ਦੇਂਦੇ, ਟਾਲ ਦੇਂਦੇ ਇਕ ਵਾਰ ਪੰਡਤ ਆਪ ਇਨ੍ਹਾਂ ਨੂੰ ਬਹਿਸ ਪਿਆ ਅਖੇ ਤੂੰ ਕਿਹੜੇ ਅਵਤਾਰਾਂ 'ਚੋਂ ਏਂ ਜਿਹੜਾ ਆਖਨੈਂ ਪਈ ਮੈਂ ਵਿਆਹ ਨਹੀਂ ਕਰਵਾਉਣਾ। ਅਖੀਰ ਬਹਿਸ ਵਿੱਚ ਵੀਰ ਜੀ ਨੇ ਉਸ ਦੇ ਪੈਰ ਨਾ ਲੱਗਣ ਦਿੱਤੇ ਤੇ ਉਹ ਵਿਚਾਰਾ ਉਨ੍ਹੀਂ ਪੈਰੀਂ ਹੀ ਪਰਤ ਗਿਆ। ਉਨ੍ਹਾਂ ਦੀ ਕੁੜਮਾਈ ਨਹੀਂ ਸੀ ਹੋਈ, ਸਿਰਫ਼ ਏਨੀ ਗੱਲ ਈ ਸੀ। ਉਂਜ ਉਸ ਵਿਚਾਰੀ ਕੁੜੀ ਦਾ ਜਿਥੇ ਵਿਆਹ ਹੋਇਆ ਉਹ ਮੁੰਡਾ ਜਲਦੀ ਹੀ ਮਰ ਗਿਆ। ਵੀਰ ਜੀ ਦੇ ਫਾਂਸੀ ਲੱਗਣ ਤੋਂ ਪਹਿਲਾਂ ਹੀ ਉਹ ਵਿਧਵਾ ਹੋ ਗਈ ਸੀ।

? ਭਗਤ ਸਿੰਘ ਦੀ ਪਹਿਲੀ ਸੁਚੇਤ ਰਾਜਨੀਤਕ ਸਰਗਰਮੀ ਕਿਹੜੀ ਸੀ ?

-ਵਿਦਿਆਰਥੀਆਂ ਵਿੱਚ ਵੀਰ ਜੀ ਦਾ ਬੜਾ ਆਦਰ ਸੀ। ਉਹ ਪੁਲਸ ਦੀਆਂ ਅੱਖਾਂ ਵਿੱਚ ਰੜਕਦੇ ਸਨ। ਕੁਝ ਬਾਕੀ ਪਰਿਵਾਰ ਕਰਕੇ ਤੇ ਕੁਝ ਆਪਣੀਆਂ ਨਿੱਜੀ ਸਰਗਰਮੀਆਂ ਕਰਕੇ। ਲਾਹੌਰ ਵਿੱਚ ਰਹਿੰਦਿਆਂ ਹੀ ਪੁਲਸ ਨੇ ਦੁਸਹਿਰਾ ਬੰਬ ਕੇਸ ਵਿੱਚ ਇਨ੍ਹਾਂ ਨੂੰ ਧਰ ਲਿਆ। ਜੂੜੇ ਵਾਲੀ ਫੋਟੋ ਏਸ ਪਹਿਲੀ ਗ੍ਰਿਫ਼ਤਾਰੀ ਦੀ ਏ ਜੋ ਕਿਸੇ ਪੁਲਸ ਅਫ਼ਸਰ ਨੇ ਬਾਅਦ ਵਿੱਚ ਸਾਨੂੰ ਦਿੱਤੀ। ਇਹ ਵੀਰ ਜੀ ਦੀ ਪਹਿਲੀ ਰਾਜਨੀਤਕ ਸਰਗਰਮੀ ਨਹੀਂ ਸੀ। ਸੀ ਆਈ ਡੀ ਵਾਲਿਆਂ ਨੇ ਵੀਰ ਜੀ ਨਾਲ ਕਈ ਵਿਸ਼ਿਆਂ ਬਾਰੇ ਗੱਲਾਂ ਕੀਤੀਆਂ ਪਰ ਉਹ ਉਨ੍ਹਾਂ ਕੋਲੋਂ ਭੀ ਆਪਣੇ ਮਤਲਬ ਦਾ ਨਾਂ ਬੁਲਵਾ ਸਕੇ। ਅਖੀਰ 50 ਹਜ਼ਾਰ ਦੀ ਜ਼ਮਾਨਤ ਤੇ 10000 ਮੁਚੱਲਕਾ ਰੱਖਵਾ ਕੇ ਜ਼ਮਾਨਤ ਕਰ ਦਿੱਤੀ। ਪਿਤਾ ਜੀ ਦਾ ਇੱਕ ਵਕੀਲ ਸਿਆਲਕੋਟੀਆ ਅਮਰਦਾਸ ਦੋਸਤ ਸੀ। ਉਸ ਨੇ ਜ਼ਮਾਨਤ ਦਾ ਸਮਾਂ ਸੁੱਖੀ-ਸਾਂਦੀ ਲੰਘਾਉਣ ਦੀ ਸਲਾਹ ਦਿੱਤੀ ਕਿ ਭਗਤ ਸਿੰਘ ਨੂੰ ਡੇਅਰੀ ਦਾ ਕੰਮ ਖੋਲ੍ਹ ਦੇਈਏ। ਲਾਹੌਰ ਤੋਂ ਪੰਜ-ਛੇ ਮੀਲ ਸਾਡਾ ਪਿੰਡ ਖਾਸਰੀਆਂ ਝੁਗੀਆਂ ਸੀ ਤੇ ਉਥੇ 35-40 ਮੱਝਾਂ ਰੱਖ ਕੇ ਕੰਮ ਸ਼ੁਰੂ ਕਰ ਦਿੱਤਾ। ਦੋ-ਤਿੰਨ ਟਾਂਗੇ ਖਰੀਦ ਲਏ। ਵੀਰ ਜੀ ਮੱਝਾਂ ਚੋ ਕੇ ਦੁੱਧ ਟਾਂਗੇ ਤੇ ਲੱਦ ਕੇ ਲਾਹੌਰ ਲੈ ਜਾਂਦੇ। ਸ਼ਾਮ ਨੂੰ ਪਰਤਦੇ ਤਾਂ ਨੌਕਰਾਂ ਨੂੰ ਰੱਜਵਾ ਦੁੱਧ ਪੀਣ ਲਈ ਆਖਦੇ। ਦੁੱਧ ਪੀਣ ਤੋਂ ਬਾਅਦ ਵਰਜ਼ਿਸ਼ ਲਈ ਮਜਬੂਰ ਕਰਦੇ। ਜਦ ਉਹ ਥੱਕ-ਟੁੱਟ ਕੇ ਸੌਂ ਜਾਂਦੇ ਤਾਂ ਆਪ ਸਾਈਕਲ ਤੇ ਲੱਦ ਕੇ ਲਾਹੌਰ ਜਾ ਨਿਕਲਦੇ। ਆਪਣੇ ਇਨਕਲਾਬੀ ਦੋਸਤਾਂ ਨਾਲ ਮੁਲਾਕਾਤ ਕਰਦੇ। ਆਪਣੇ ਗੁਪਤਵਾਸੀ ਦੋਸਤਾਂ ਲਈ ਸਾਥੋਂ ਰੋਟੀਆਂ ਪਕਵਾ ਕੇ ਲੈ ਜਾਂਦੇ। ਇੱਛਰੇ ਵਿੱਚ ਇਨ੍ਹਾਂ ਦਾ ਖਾਸ ਅੱਡਾ ਸੀ। ਰੋਜ਼ ਤੜਕੇ ਚਾਰ ਵਜੇ ਵਾਪਸ ਪਰਤ ਆਉਂਦੇ। ਆਕੇ ਨੌਕਰਾਂ ਨੂੰ ਜਗਾਉਂਦੇ ਤੇ ਉਨ੍ਹਾਂ ਨੂੰ ਕੰਮ ਕਾਰ ਤੇ ਲਾਉਂਦੇ। ਜਦ ਕਦੇ ਕੋਈ ਕ੍ਰਾਂਤੀਕਾਰੀ ਦੋਸਤ ਨਾਲ ਆ ਜਾਂਦਾ ਤਾਂ ਉਹ ਖਾਣੇ ਦੀਆਂ ਹਦਾਇਤਾਂ ਵੀ ਨਾਲ ਕਰ ਜਾਂਦੇ। ਅੱਜ ਬੰਗਾਲੀ ਦੋਸਤ ਆਏ ਨੇ ਚੌਲ ਬਣਾਉ ਜਾਂ........। ਵੀਰ ਜੀ ਦੇ ਦੋਸਤਾਂ ਲਈ ਕੁੱਕੜ ਮਰੋੜਨ ਲੱਗੀ ਮੈਂ ਜ਼ਰਾ ਵੀ ਝਿਜਕ ਨਾ ਕਰਦੀ। ਭਾਵੇਂ ਮੈਂ ਮਾਸ ਨਹੀਂ ਸੀ ਖਾਂਦੀ। ਮੈਨੂੰ ਅੱਜ ਵੀ ਇੰਝ ਲੱਗਦਾ ਹੈ ਜਿਵੇਂ ਕਿ ਅਸੀਂ ਸਾਰੇ ਬੜੇ ਵੱਡੇ ਕਾਰਜ ਵਿੱਚ ਰੁੱਝੇ ਹੋਏ ਹਾਂ। ਬੜੇ ਨਸ਼ੇ ਜਿਹੇ ਵਿੱਚ ਰਹਿੰਦੇ ਸਾਂ ਸਭੇ ਜਣੇ।

? ਤੁਹਾਡੇ ਪਿਤਾ ਸ੍ਰ; ਕਿਸ਼ਨ ਸਿੰਘ ਜੀ ਦੀਆਂ ਸਰਗਰਮੀਆਂ ਉਦੋਂ ਕੀ ਸਨ ?

-ਉਹ ਸੁਧਾਰਕ ਆਗੂ ਸਨ ਤੇ ਬਹਾਨੇ ਖਾਤਰ ਉਨ੍ਹਾਂ ਨੇ ਬੀਮੇ ਦੀ ਏਜੰਸੀ ਲਈ ਹੋਈ ਸੀ ਜਿਸ ਕਾਰਨ ਵੱਖ-ਵੱਖ ਲੋਕਾਂ ਨਾਲ ਤਾਲਮੇਲ ਵਧਾਇਆ ਜਾ ਸਕੇ। ਉਨ੍ਹਾਂ ਨੇ ਲਾਹੌਰ ਵਿੱਚ ਹੀ ਲਾਹੌਰੀ ਦਰਵਾਜ਼ੇ ਦਫ਼ਤਰ ਬਣਾਇਆ ਹੋਇਆ ਸੀ। ਸਾਈਮਨ ਕਮਿਸ਼ਨ ਜਦ ਲਾਹੌਰ ਆਇਆ ਤਾਂ ਪੁਲਸ ਵਾਲਿਆਂ ਨੇ ਸਾਡੇ ਦਫ਼ਤਰ ਦੀ ਤਲਾਸ਼ੀ ਲਈ। ਉਨ੍ਹਾਂ ਨੂੰ ਸਾਡੇ ਸਾਰੇ ਟੱਬਰ ਦੀਆਂ ਰਾਜਨੀਤਕ ਸਰਗਰਮੀਆਂ ਤੇ ਅੱਖ ਰੱਖਣ ਦੀ ਆਦਤ ਜਿਹੀ ਪੈ ਗਈ ਸੀ ਪਰ ਉਨ੍ਹਾਂ ਨੂੰ ਉਥੋਂ ਕੁਝ ਵੀ ਭੇਤ ਪੂਰਨ ਨਾ ਲੱਭਾ।

? ਪੰਜਾਬ ਸਰਕਾਰ ਨੇ ਜਦੋਂ ਬੇਬੇ ਜੀ (ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ) ਨੂੰ ਸਨਮਾਨ ਦਿੱਤਾ ਸੀ ਤਾਂ ਸ਼ਹੀਦ ਭਗਤ ਸਿੰਘ ਦੇ ਸਾਥੀ ਮਾਰਕਸੀ ਪਾਰਟੀ ਦੇ ਨੇਤਾ ਪੰਡਤ ਕਿਸ਼ੋਰੀ ਲਾਲ ਨੇ ਕਿਤੇ ਆਖਿਆ ਸੀ ਕਿ ਇਹ ਸ਼ਹੀਦ ਭਗਤ ਸਿੰਘ ਦੀ ਅਸਲ ਮਾਤਾ ਨਹੀਂ। ਇਸ ਗੱਲ 'ਚ ਕੀ ਕੋਈ ਸੱਚਾਈ ਹੈ ?

-ਪੰਡਿਤ ਕਿਸ਼ੋਰੀ ਲਾਲ ਵਰਗੇ ਬੰਦੇ ਨੂੰ ਮੈਂ ਕੀ ਆਖਾਂ। ਵੀਰ ਜੀ ਦਾ ਸਾਥੀ ਰਿਹਾ ਏ। ਹੁਣ ਆਖਦਿਆਂ ਝਿਜਕ ਦੀ ਆਂ। ਜਦੋਂ ਕਿਸ਼ੋਰੀ ਲਾਲ ਗੁਪਤਵਾਸ ਸਮੇਂ ਬੇਬੇ ਦੀਆਂ ਪੱਕੀਆਂ ਰੋਟੀਆਂ ਖਾਂਦਾ ਰਿਹਾ, ਪੈਸੇ ਮੰਗ-ਮੰਗ ਲਿਜਾਂਦਾ ਰਿਹਾ, ਉਦੋਂ ਭਗਤ ਸਿੰਘ ਦੀ ਮਾਂ ਈ ਸੀ, ਮਗਰੋਂ ਬਦਲ ਗਈ। ਸਾਡੇ ਪਿੰਡ ਮੋਰਾਂ ਵਾਲੀ ਵਾਲੇ ਵੀ ਇੱਕ ਵਾਰ ਹੱਸਕੇ ਆਖਣ ਲੱਗੇ ਪਈ ਪੰਡਤ ਨੂੰ ਅਸਲ ਮਾਂ ਦਾ ਪਤਾ ਤਾਂ ਪੁੱਛ ਲਈਏ। ਵੀਰ ਜੀ ਤੋਂ ਵੱਡੇ ਜਗਤ ਸਿੰਘ ਵੀਰ ਜੀ ਨਾਨਕੇ ਭਾਵ ਮੋਰਾਂ ਵਾਲੀ ਜਨਮੇ ਸਨ। ਵੀਰ ਜੀ ਲਾਇਲਪੁਰ ਤੇ ਮੈਂ ਫਿਰ ਮੋਰਾਂ ਵਾਲੀ (ਹੁਸ਼ਿਆਰਪੁਰ)।

? ਤੁਹਾਡੀ ਸਰਗਰਮੀ ਸਿਰਫ਼ ਘਰੇਲੂ ਸੀ ਜਾਂ ਰਾਜਨੀਤਕ ਜੀਵਨ ਵਿੱਚ ਵੀ ਤੁਸੀਂ ਇਕੱਠਿਆਂ ਕੰਮ ਕੀਤਾ ?

- ਮੈਂ ਵੀਰ ਜੀ ਦੀਆਂ ਚਿੱਠੀਆਂ ਜੇਲ੍ਹ ਵਿੱਚੋਂ ਲਿਆ ਕੇ ਉਨ੍ਹਾਂ ਦੇ ਸਾਥੀਆਂ ਨੂੰ ਬਾਹਰ ਲਿਆ-ਲਿਆ ਦਿੰਦੀ ਰਹੀ। ਚੰਦਰ ਸ਼ੇਖਰ, ਕਾਮਰੇਡ ਧਨਵੰਤਰੀ ਤੇ ਯਸ਼ਪਾਲ ਆਦਿ ਨੂੰ ਯਸ਼ਪਾਲ ਉਦੋਂ ਗਵਾਲ ਮੰਡੀ ਵਿੱਚ ਰਹਿੰਦੇ ਸਨ ਤੇ ਪ੍ਰਕਾਸ਼ੋ ਨੂੰ ਕੱਢ ਕੇ ਵਿਆਹ ਕਰਵਾ ਚੁੱਕੇ ਸੀ। ਏਸ ਗੱਲ ਦਾ ਸਾਥੀਆਂ ਨੂੰ ਇਤਰਾਜ਼ ਸੀ ਕਿਉਂਕਿ ਪਾਰਟੀ ਨੂੰ ਬਦਨਾਮੀ ਮਿਲੀ ਸੀ। ਫਾਂਸੀ ਲੱਗਣ ਵਾਲਿਆਂ ਨੂੰ ਵੀ ਲੋਕ ਗੁੰਡੇ ਸਮਝਣ ਲੱਗ ਪਏ। ਭਗਵਤੀ ਚਰਨ ਵੋਹਰਾ ਤੇ ਦੁਰਗਾ ਭਾਬੀ ਵਰਗੇ ਹੀਰੇ ਵੀ ਬਦਨਾਮੀ ਤੋਂ ਨਾ ਬਚ ਸਕੇ। ਇੱਕ ਵਾਰ ਜੇਲ੍ਹ ਵਿੱਚੋਂ ਸ੍ਰ: ਭਗਤ ਸਿੰਘ ਨੂੰ ਭਜਾ ਕੇ ਲਿਆਉਣ ਦੀ ਤਰਕੀਬ ਵੀ ਬਣਾਈ ਗਈ। ਨਵੇਂ ਭਰਤੀ ਹੋਏ ਵਾਰਡਨਾਂ ਨੂੰ ਰਿਸ਼ਵਤ ਦੇ ਕੇ ਪਰ ਇਹ ਤਰਕੀਬ ਸਿਰੇ ਨਾ ਲੱਗੀ। ਬਰੈਡਲੇ ਹਾਲ ਵਿੱਚ ਕਾਮਰੇਡ ਧਨਵੰਤਰੀ ਤੇ ਸਾਥੀਆਂ ਨੇ ਫੈਸਲਾ ਤਾਂ ਕਰ ਲਿਆ ਪਰ ਕਾਮਰੇਡਾਂ ਵਿੱਚੋਂ ਹੀ ਸੀ ਆਈ ਡੀ ਦੇ ਬੰਦੇ ਹੋਣ ਕਾਰਨ ਸਕੀਮ ਸਿਰੇ ਨਾ ਚੜ੍ਹ ਸਕੀ।

? ਜਦੋਂ ਸ੍ਰ: ਭਗਤ ਸਿੰਘ ਨੂੰ ਫਾਂਸੀ ਦਾ ਹੁਕਮ ਹੋਇਆ ਤਾਂ ਘਰ ਵਾਲਿਆਂ ਨੇ ਕਿਵੇਂ ਮਹਿਸੂਸ ਕੀਤਾ ?

-ਸਵੇਰੇ 23 ਤਰੀਕ ਨੂੰ ਮੁਲਾਕਾਤ ਲਈ ਆਏ ਤਾਂ ਦੁਨੀਆਂ ਨੇ ਜੇਲ੍ਹ ਦਾ ਬਾਹਰਵਾਰ ਭਰਿਆ ਪਿਆ ਸੀ। ਰਾਜਗੁਰੂ ਦੀ ਮਾਂ ਵੀ ਮੁਲਾਕਾਤ ਲਈ ਆਈ ਹੋਈ ਸੀ। ਸੁਖਦੇਵ ਦਾ ਪਰਿਵਾਰ ਵੀ ਸੀ। ਏਨੀ ਦੁਨੀਆਂ ਵਿੱਚ ਕਾਫ਼ੀ ਲੋਕ ਸੀ ਆਈ ਡੀ ਦੇ ਵੀ ਫਿਰ ਰਹੇ ਸਨ। ਜੇਲ੍ਹ ਦੀਆਂ ਦੀਵਾਰਾਂ ਤੇ ਮਸ਼ੀਨ ਗੰਨਾਂ ਬੀੜੀਆਂ ਹੋਈਆਂ ਸਨ। ਜਦ ਭੀੜ ਜੇਲ੍ਹ ਦੇ ਦਰਵਾਜ਼ੇ ਵੱਲ ਵੱਧਣ ਲੱਗੀ ਤਾਂ ਪਿਤਾ ਜੀ ਨੇ ਲੋਕਾਂ ਨੂੰ ਸੰਬੋਧਤ ਹੋ ਕੇ ਭਾਸ਼ਣ ਦਿੱਤਾ ਤੇ ਕਿਹਾ ਕਿ ਮੈਂ ਇੱਕ ਭਗਤ ਸਿੰਘ ਨੂੰ ਬਚਾਉਣ ਲਈ ਹਜ਼ਾਰਾਂ ਭਗਤ ਸਿੰਘ ਨਹੀਂ ਮਰਵਾਉਣੇ।

ਓਧਰੋਂ ਜੇਲ੍ਹ ਵਾਲਿਆਂ ਕਾਨੂੰਨ ਕੱਢ ਮਾਰਿਆ ਕਿ ਸਿਰਫ਼ ਖ਼ੂਨੀ ਰਿਸ਼ਤੇ ਵਾਲਾ ਹੀ ਮੁਲਾਕਾਤ ਕਰ ਸਕਦੈ ਪਰ ਸਾਡੇ ਨਾਲ ਤਾਂ ਚਾਚੀਆਂ, ਨਾਨੀ, ਦਾਦਾ ਤੇ ਮਾਮੀ ਆਦਿ ਆਏ ਹੋਏ ਸਨ। ਸਿਰਫ਼ ਮਾਂ-ਪਿਉ ਹੀ ਮੁਲਾਕਾਤ ਕਰ ਸਕਦੇ ਸਨ, ਭੈਣ-ਭਰਾ ਵੀ ਨਹੀਂ। ਇਹ ਗੱਲ ਸੁਣ ਕੇ ਰਾਜਗੁਰੂ ਦੀ ਮਾਂ ਨੇ ਵੀ ਆਖ ਦਿੱਤਾ ਕਿ ਜੇ ਇਨ੍ਹਾਂ ਸਾਰਿਆਂ ਨੂੰ ਮੁਲਾਕਾਤ ਨਹੀਂ ਕਰਨ ਦੇਂਦੇ ਤਾਂ ਮੈਂ ਵੀ ਮੁਲਾਕਾਤ ਨਹੀਂ ਕਰਦੀ। ਪਿਤਾ ਜੀ ਨੇ ਵੀ ਚੇਤਾਵਨੀ ਦਿੱਤੀ ਕਿ ਜੇ ਸਾਰਿਆਂ ਨੂੰ ਮੁਲਾਕਾਤ ਲਈ ਸਮਾਂ ਨਾ ਮਿਲਿਆ ਤਾਂ ਮੈਂ ਵਾਇਸਰਾਏ ਨੂੰ ਟੈਲੀਫ਼ੋਨ ਕਰ ਕੇ ਗੱਲ ਕਰਾਂਗਾ। ਮੈਂ ਬੇਦਮ ਹੋਈ ਜੇਲ੍ਹ ਤੋਂ ਬਾਹਰ ਦੂਰ ਇੱਕ ਟਾਹਲੀ ਥੱਲੇ ਬੈਠੀ ਹੋਈ ਸਾਂ। ਵੀਰ ਜੀ ਦੇ ਆਖ਼ਰੀ ਸਮੇਂ ਦੇ ਗੀਤ ਚੇਤੇ ਕਰ ਰਹੀ ਸੀ। ਕੁਝ ਮੁੰਡੇ ਮੇਰੇ ਕੋਲ ਆਏ ਤੇ ਭੀੜ ਨੂੰ ਮੁਖਾਤਿਬ ਹੋਣ ਲਈ ਆਖਣ ਲੱਗੇ। ਪਿਤਾ ਜੀ ਨੇ ਭੀੜ ਘੱਟ ਕਰਨ ਲਈ ਆਪ ਉਥੋਂ ਤੁਰ ਜਾਣਾ ਠੀਕ ਸਮਝਿਆ। ਲੋਕ ਵੀ ਤੁਰ ਗਏ। ਪਿਤਾ ਜੀ ਨੇ ਕਿਹਾ ਕਿ ਕੱਲ੍ਹ ਮੁਲਾਕਾਤ ਕਰਾਂਗੇ।

? ਤੁਸੀਂ ਮੁਲਾਕਾਤ ਕਰ ਸਕੇ ਜਾਂ ਨਾ ?

-ਮੈਂ ਜਦ ਪਹਿਲਾਂ ਇੱਕ ਵਾਰ ਮਿਲਣ ਗਈ ਸੀ ਤਾਂ ਵੀਰ ਜੀ ਆਖਣ ਲੱਗੇ, ਹੁਣ ਹੀ ਆਖ਼ਰੀ ਵਾਰ ਮਿਲ ਜਾਹ, ਫੇਰ ਖ਼ਬਰੇ ਮਿਲਣ ਦੇਣ ਜਾ ਨਹੀਂ। ਮੈਂ ਪੁੱਛਿਆ ਵੀਰ ਜੀ, ਤੁਹਾਨੂੰ ਸੱਚਮੁੱਚ ਅੰਗਰੇਜ਼ ਮਾਰ ਦੇਣਗੇ। ਲੋਕ ਏਦਾਂ ਆਖਦੇ ਨੇ ਕਿ ਤੁਹਾਨੂੰ ਛੱਡਣ ਨਹੀਂ ਲੱਗੇ ਤਾਂ ਵੀਰ ਜੀ ਆਖਣ ਲੱਗੇ ਕਿ ਲੋਕਾਂ ਦੀ ਗੱਲ ਸੱਚੀ ਹੋ ਜਾਵੇਗੀ। ਸ਼ਾਮ ਦੇ ਛੇ ਵਜੇ ਫਾਂਸੀ ਦੀ ਖ਼ਬਰ ਜਦ ਪਹੁੰਚੀ ਤਾਂ ਸੀਖਾਂ ਦੇ ਬਾਹਰੋਂ ਦੀ ਮੈਂ ਵੀਰ ਜੀ ਦੇ ਮੋਢਿਆਂ ਤੇ ਜੱਫੀ ਪਾ ਲਈ। ਆਖਣ ਲੱਗੇ ਕਿ ਜੇ ਅਸੀਂ ਸਭ ਭੈਣ ਭਰਾ ਇੱਕੋ ਜਿੰਡੇ ਹੁੰਦੇ ਤਾਂ ਅੰਗਰੇਜ਼ ਨਾਲ ਵੱਡੀ ਲੜਾਈ ਕਰਦੇ ਤੇ ਫਿਰ 23 ਮਾਰਚ ਨੂੰ ਸ਼ਾਮ ਨੂੰ 7 ਵੱਜ ਕੇ 7 ਮਿੰਟ ਤੇ 7 ਸਕਿੰਟ ਤੇ ਵੀਰ ਜੀ ਨੂੰ ਫਾਂਸੀ ਦੇ ਦਿੱਤੀ ਗਈ। ਅੱਜ ਤੀਕ ਏਸ ਸਮੇਂ ਕਿਸੇ ਨੂੰ ਵੀ ਫਾਂਸੀ ਨਹੀਂ ਦਿੱਤੀ ਗਈ।

? ਫਾਂਸੀ ਦੀ ਖਬਰ ਸੁਣ ਕੇ ਲੋਕਾਂ ਨੇ ਕਿਵੇਂ ਮਹਿਸੂਸ ਕੀਤਾ ?

-ਲੋਕ ਘਰਾਂ ਤੋਂ ਬਾਹਰ ਨਿੱਕਲ ਆਏ। ਮੋਰੀ ਦਰਵਾਜ਼ੇ ਲਾਹੌਰ ਵਿੱਚ ਖ਼ਲਕਤ ਦੀ ਭੀੜ ਜੰਮ ਗਈ। ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲੱਗ ਰਹੇ ਸਨ। ਸਾਨੂੰ ਸਾਰੇ ਪਰਿਵਾਰ ਨੂੰ ਲੋਕ ਜਲਸੇ ਵਿੱਚ ਲੈ ਗਏ। ਭਾਈਆ ਜੀ ਸਟੇਜ ਤੇ ਚਲੇ ਗਏ। ਫਿਰ ਅਚਾਨਕ ਭਾਈਆ ਜੀ ਸਟੇਜ ਤੋਂ ਉੱਤਰ ਆਏ ਤਾਂ ਬੇਬੇ ਜੀ ਇੱਕ ਦਮ ਬੋਲ ਉਠੇ, 'ਮੇਰਾ ਪੁਤ ਮਾਰ ਦਿੱਤੈ'। ਗੱਲ ਠੀਕ ਸੀ। ਸਟੇਜ ਸਕੱਤਰ ਨੇ ਅਨਾਊਂਸ ਕੀਤਾ ਕਿ ਹੁਣ ਅਸੀਂ ਜੇਲ੍ਹ ਤੋਂ ਲਾਸ਼ਾਂ ਲੈਣ ਜਾਣਾ ਹੈ। ਕਚਹਿਰੀਆਂ ਦੇ ਦਰਵਾਜ਼ੇ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਟਕਰਾ ਰਹੇ ਸਨ। ਲੋਕਾਂ ਨੇ ਬਲਬ ਤੋੜ ਸੁੱਟੇ, ਤਾਰਾਂ ਤੋੜ ਸੁੱਟੀਆਂ, ਘਰ-ਘਰ ਸਿਆਪੇ ਹੋਏ ਸਨ। ਸਭ ਮਾਵਾਂ ਸਮਝਦੀਆਂ ਸਨ ਕਿ ਸਾਡਾ ਪੁੱਤਰ ਫਾਂਸੀ ਲੱਗੈ, ਭੈਣਾਂ ਨੂੰ ਆਪਣਾ ਵੀਰ ਜਾਪਿਆ। ਸਭ ਦੁਹੱਥੜੀਂ ਪਿੱਟ ਰਹੇ ਸਨ। ਅਸੀਂ ਉਪਰਲੇ ਪਾਸਿਉਂ ਦੀ ਮੇਲਾ ਰਾਮ ਦੇ ਕਾਰਖਾਨੇ ਵੱਲ ਦੀ ਬਰੈਡਲੇ ਹਾਲ ਚਲੇ ਗਏ। ਪਿਤਾ ਜੀ ਕੇ. ਸੰਥਾਨਮ ਦੀ ਕੋਠੀ ਚਲੇ ਗਏ ਤੇ ਟੈਲੀਫੋਨ ਤੇ ਜੇਲ੍ਹ ਸੁਪਰਡੈਂਟ ਨੂੰ ਫੋਨ ਕੀਤਾ ਕੇ. ਸੰਥਾਨਮ ਦੇ ਘਰੋਂ। ਜੇਲ੍ਹ ਸੁਪਰਡੈਂਟ ਨੇ ਜੁਆਬ ਪਰਤਾਇਆ ਕਿ ਸਰਦਾਰ ਜੀ, ਖੇਡ ਖ਼ਤਮ ਹੋ ਚੁੱਕੀ ਸੀ। ਫੇਰ ਟਾਂਗਾ ਲੈ ਕੇ ਵਾਪਸ ਚਲੇ ਗਏ।

? ਹਕੂਮਤ ਨੇ ਏਸ ਸਥਿਤੀ ਵਾਲ ਨਜਿੱਠਣ ਲਈ ਕੀ ਹਰਬੇ ਵਰਤੇ ?

-ਸਰਕਾਰ ਨੇ ਇਸ਼ਤਿਹਾਰ ਛਾਪ ਕੇ ਕੰਧਾਂ ਤੇ ਰਾਤੋ-ਰਾਤ ਚਿਪਕਾ ਦਿੱਤੇ ਕਿ ਸਭਨਾਂ ਦੇ ਸੰਸਕਾਰ ਉਨ੍ਹਾਂ ਦੇ ਧਰਮ ਅਨੁਸਾਰ ਕਰ ਦਿੱਤੇ ਗਏ ਹਨ। ਪਰ ਅਸਲ ਵਿੱਚ ਸ਼ਹਿਰੋਂ ਦੋ ਕੁ ਮੀਲ ਬਾਹਰ ਕਸੂਰ ਫਾਟਕ ਲਾਗੇ ਪੈਟਰੋਲ ਪਾ ਕੇ ਸੰਸਕਾਰ ਕੀਤਾ ਸੀ। ਜੇਲ੍ਹ 'ਚੋਂ ਟੋਟੇ ਕਰ ਕੇ ਲਾਸ਼ਾਂ ਬਾਹਰ ਕੱਢ ਦਿੱਤੀਆਂ ਗਈਆਂ ਹਨ। ਟੋਟੇ ਕੰਬਲ ਵਿੱਚ ਵਲ੍ਹੇਟੇ ਗਏ ਸਨ। ਪੈਟਰੋਲ ਨਾਲ ਕੱਚੇ-ਭੁੰਨੇ ਕਰਕੇ ਮੋਟਰਾਂ ਤੇ ਲੱਦ ਕੇ ਫੀਰੋਜ਼ਪੁਰ ਵੱਲ ਲੈ ਤੁਰੇ ਜਿੱਥੇ ਸਤਲੁਜ ਦੇ ਪੁਰਾਣੇ ਪੁਲ ਦੀ 23 ਨੰਬਰ ਕੋਠੀ ਲਾਗੇ ਸੁੱਟ ਦਿੱਤਾ। ਸਾਡੇ ਪਰਿਵਾਰ ਵੱਲੋਂ ਲਾਸ਼ ਤੇ ਪਾਉਣ ਲਈ ਲਿਆਂਦੇ ਫੁੱਲ ਉਵੇਂ ਹੀ ਪਏ ਸਨ। ਕੇਸਰ ਵੀ ਉਵੇਂ ਹੀ ਘੋਲਿਆ ਪਿਆ ਸੁੱਕ ਰਿਹਾ ਸੀ ਤੇ ਜਿਹੜੀ ਚਾਦਰ ਵਿੱਚ ਫੁੱਲ ਪਏ ਸਨ ਉਹ ਚਾਦਰ ਹੱਡੀਆਂ ਸੰਭਾਲਣ ਲਈ ਵਰਤੀ ਗਈ। ਮੈਂ ਤੇ ਚਾਰ-ਪੰਜ ਹੋਰ ਕੁੜੀਆਂ ਵਾਹੋ-ਦਾਹੀ ਭੱਜ ਤੁਰੀਆਂ ਫ਼ੀਰੋਜ਼ਪੁਰ ਵੱਲ। ਰਾਹ ਵਿੱਚ 40 ਰੁਪਏ ਕਿਰਾਏ ਤੇ ਬੱਸ ਕਰ ਲਈ। ਫ਼ੀਰੋਜ਼ਪੁਰ ਅੱਪੜੇ ਤਾਂ ਲੋਕ ਸਤਲੁਜ ਦੇ ਪੁਲ ਵੱਲ ਜਾ ਰਹੇ ਸਨ। ਇੱਕ ਬੇਲਦਾਰ ਨੇ ਦੱਸਿਆ ਕਿ ਰਾਤ ਨੂੰ ਉਸ 23 ਨੰਬਰ ਬੁਰਜੀ ਲਾਗੇ ਲੋਅ ਹੁੰਦੀ ਦੇਖੀ ਸੀ। ਉਥੇ ਪਹੁੰਚੇ ਤਾਂ ਵੇਖਿਆ ਕਿ ਅਜੇ ਵੀ ਪੈਟਰੋਲ ਦੀ ਬੋਅ ਆ ਰਹੀ ਸੀ। ਅਸਾਂ ਤੱਤੀ ਰੇਤ ਨੂੰ ਬੁੱਕ ਵਿੱਚ ਭਰ ਲਿਆ। ਇੱਕ ਹੱਡੀ ਵੀ ਲੱਭੀ ਜਿਸ ਨੂੰ ਕੀੜੀਆਂ ਲੱਗੀਆਂ ਹੋਈਆਂ ਸਨ। ਅਫ਼ਸਰਾਂ ਨੇ ਸ਼ਾਇਦ ਉਥੇ ਕੇਲੇ ਖਾਧੇ ਹੋਣਗੇ। ਕੇਲਿਆਂ ਦੇ ਛਿਲਕੇ ਉੱਤੇ ਪਏ ਹੋਏ ਸਨ। ਪਾਣੀ ਦੀ ਸੁਰਾਹੀ ਵੀ ਔਂਤਰੇ ਉਤੇ ਹੀ ਭੁੱਲ ਗਏ। ਮੇਰਾ ਹੀ ਨਹੀਂ ਸਭ ਲੋਕਾਂ ਦੇ ਸਿਰ ਨੰਗੇ ਸਭ ਦੇ ਵਸਤਰ ਕਾਲੇ, ਫਿਰ ਉਸ ਮਿੱਟੀ ਦਾ ਜਲੂਸ ਕੱਢਿਆ ਗਿਆ ਤੇ ਅੰਤ ਰਾਵੀ ਦੇ ਕੰਢੇ ਲਾਹੌਰ 'ਚ ਜਾ ਕੇ ਸੰਸਕਾਰ ਕੀਤਾ ਗਿਆ। ਇੰਝ ਜਾਪਦਾ ਸੀ ਕਿ ਜਿਵੇਂ ਸਾਰਾ ਆਲਮ ਏਸ ਸੰਕਟ ਦੀ ਘੜੀ ਨੂੰ ਜਰ ਰਿਹਾ ਹੈ। ਕੋਈ ਵੀ ਬੰਦਾ ਐਸਾ ਨਹੀਂ ਸੀ ਦਿਸਦਾ ਜਿਸ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਅੱਗ ਨਾ ਲੱਗੀ ਹੋਵੇ।



# ਪੰਜਾਬ ਲੋਕ ਸਭਾ ਚੋਣਾਂ 2009



## ਵੋਟਾਂ ਤਾਂ ਵਧੀਆਂ ਪਰ ਜੇਤੂ ਔਰਤਾਂ ਘਟੀਆਂ

ਨਵੀਂ ਦਿੱਲੀ- ਔਰਤਾਂ ਦੇ ਲਈ ਸੰਸਦ ਵਿਚ 33 ਫੀਸਦੀ ਰਿਜ਼ਰਵੇਸ਼ਨ ਦੀ ਗੱਲ ਬੇਸ਼ੱਕ ਭਾਰਤ ਵਿਚ ਕਦੋਂ ਦੀ ਹੋ ਰਹੀ ਹੋਵੇ ਪਰ ਬਿਨਾਂ ਰਿਜ਼ਰਵੇਸ਼ਨ ਦੇ ਔਰਤਾਂ ਚੋਣਾਂ ਲੜਦੀਆਂ ਰਹੀਆਂ ਹਨ। ਇਹ ਵੱਖਰੀ ਗੱਲ ਹੈ ਕਿ ਇਹਨਾਂ ਦੇ ਜਿੱਤਣ ਦਾ ਸਿਲਸਿਲਾ ਲਗਾਤਾਰ ਘਟਦਾ ਗਿਆ ਹੈ। 2004 ਦੀਆਂ ਆਮ ਚੋਣਾਂ ਵਿਚ ਕੁੱਲ 355 ਔਰਤਾਂ ਨੇ ਚੋਣ ਲੜੀ, ਜਿਨ੍ਹਾਂ ਵਿਚੋਂ ਸਿਰਫ਼ 45 ਔਰਤਾਂ ਹੀ ਜਿੱਤ ਕੇ ਸੰਸਦ ਪਹੁੰਚੀਆਂ, ਜਦਕਿ 1999 ਵਿਚ 49 ਔਰਤਾਂ ਜਿੱਤੀਆਂ ਸਨ, ਜਦਕਿ ਚੋਣ ਲੜਨ ਵਾਲੀਆਂ ਔਰਤਾਂ ਦੀ ਗਿਣਤੀ ਵੀ ਘੱਟ, 71 ਹੀ ਸੀ। ਜੇਕਰ ਇਸ ਨੂੰ ਹੀ ਟ੍ਰੈਂਡ ਮੰਨਿਆ ਜਾਵੇ ਤਾਂ 2009 ਦੀਆਂ ਚੋਣਾਂ ਵਿਚ ਜਿੱਤਣ ਵਾਲੀਆਂ ਔਰਤਾਂ ਦੀ ਗਿਣਤੀ ਹੋਰ ਵੀ ਘੱਟ ਹੋ ਸਕਦੀ ਹੈ। ਦੇਖਣਾ ਇਹ ਹੋਵੇਗਾ ਕਿ ਇਸ ਵਾਰ ਕਿੰਨੀਆਂ ਔਰਤਾਂ ਚੋਣ ਮੈਦਾਨ ਵਿਚ ਕਿਸਮਤ ਅਜ਼ਮਾਉਂਦੀਆਂ ਹਨ।

2004 ਵਿਚ ਔਰਤਾਂ ਬੇਸ਼ੱਕ ਹੀ ਘੱਟ ਜਿੱਤੀਆਂ ਹੋਣ ਪਰ ਇਸ ਵਿਚ ਇਕ ਸਕਾਰਾਤਮਕ ਗੱਲ ਇਹ ਰਹੀ ਕਿ ਇਹਨਾਂ ਨੂੰ ਵੋਟ ਦੇਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋਇਆ। 1999 ਦੇ ਮੁਕਾਬਲੇ 2004 ਵਿਚ ਔਰਤਾਂ ਨੇ 50 ਲੱਖ ਜ਼ਿਆਦਾ ਵੋਟਾਂ ਬਟੋਰੀਆਂ। 2004 ਦੀਆਂ ਚੋਣਾਂ ਵਿਚ 239 ਔਰਤਾਂ ਤਾਂ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੀਆਂ। ਉਥੇ ਹੀ 1999 ਵਿਚ ਇਹ ਅੰਕੜਾ 183 ਦਾ ਸੀ।

## ਪੰਥਕ ਮੋਰਚੇ ਦੀ ਅਣਦੇਖੀ ਸੰਭਵ ਨਹੀਂ

ਲੁਧਿਆਣਾ- ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਪੰਥਕ ਮੋਰਚੇ ਦੁਆਰਾ ਰਣਨੀਤੀ ਦਾ ਖੁਲਾਸਾ ਨਾ ਕੀਤਾ ਜਾਣਾ ਰਾਜਨੀਤਿਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਹੈ। ਹਾਲਾਂਕਿ ਰਾਜ ਵਿਚ ਮੋਰਚਾ ਕੋਈ ਰਾਜਨੀਤਿਕ ਤਾਕਤ ਦੇ ਰੂਪ ਵਿਚ ਨਹੀਂ ਹੈ ਪਰ ਕਿਸੇ ਨੂੰ ਵੀ ਚੋਣਾਂ ਜਿਤਾਉਣ ਅਤੇ ਹਰਾਉਣ ਵਿਚ ਹੁਣ ਤੱਕ ਮੋਰਚੇ ਦੀ ਅਹਿਮ ਭੂਮਿਕਾ ਰਹੀ ਹੈ। ਇਸ ਕਰਕੇ ਅਕਾਲੀ ਦਲ ਅਤੇ ਕਾਂਗਰਸ ਦੀ ਰਾਜ ਲੀਡਰਸ਼ਿਪ ਮੋਰਚੇ ਦੀ ਰਾਜਨੀਤੀ ਨੂੰ ਅਹਿਮ ਮੰਨਦੇ ਹੋਏ ਉਹਨਾਂ ਦੀ ਚੋਣ ਰਣਨੀਤੀ ਨੂੰ ਸਾਹਮਣੇ ਰੱਖ ਕੇ ਆਪਣੀ ਰਣਨੀਤੀ ਤੈਅ ਕਰਨਾ ਚਾਹੁੰਦਾ ਹੈ। ਪੰਜਾਬ ਵਿਚ ਪੰਥਕ ਰਾਜਨੀਤੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨਾਲ ਵੀ ਜੋੜ ਕੇ ਦੇਖਿਆ ਜਾਂਦਾ ਹੈ ਪਰ ਸਰਨਾ ਵੀ ਹਾਲੇ ਪੰਜਾਬ ਵਿਚ ਸਰਗਰਮ ਨਹੀਂ ਹੋਏ ਹਨ।ਪੰਜਬ ਵਿਚ ਸਾਲ 1997 ਵਿਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣੀ ਅਤੇ ਉਸਦੀ ਅਗਵਾਈ ਪ੍ਰਕਾਸ਼ ਸਿੰਘਬਾਦਲ ਨੇ ਸੰਭਾਲੀ। ਸਾਲ 1999 ਤੱਕ ਬਾਦਲ ਅਤੇ ਪੰਥ ਦੇ ਮਹਾਨ ਆਗੂ ਗੁਰਚਰਨ ਸਿੰਘ ਟੌਹੜਾ ਦੇ ਨਾਲ ਕਈ ਮੁੱਦਿਆਂ ਉਤੇ ਉਹਨਾਂ ਦੇ ਮਤਭੇਦ ਹੋ ਗਏ। ਇਸ ਤੋਂ ਬਾਅਦ ਟੌਹੜਾ ਨੇ ਬਾਦਲ ਦਾ ਸਾਥ ਛੱਡ ਕੇ ਸਰਬਹਿੰਦ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ। ਅਕਾਲੀ ਦਲ ਵਿਚ ਹੋਈ ਫੁੱਟ ਦੇ ਨਾਲ ਹੀ ਟਕਸਾਲੀ ਅਕਾਲੀ ਲੀਡਰ ਟੌਹੜਾ ਨਾਲ ਚਲੇ ਗਏ।ਇਹਨਾਂ ਵਿਚ ਬਾਬਾ ਸਰਬਜੀਤ ਸਿੰਘ ਬੇਦੀ, ਰਵੀਇੰਦਰ ਸਿੰਘ, ਭਾਈ ਜਸਬੀਰ ਸਿੰਘ ਰੋਡੇ ਵਰਗੇ ਕੱਟੜ ਅਕਾਲੀ ਲੀਡਰ ਸ਼ਾਮਲ ਸਨ। ਟੌਹੜਾ ਦੀ ਅਗਵਾਈ ਵਿਚ ਉਹਨਾਂ ਦੀ ਪਾਰਟੀ ਨੇ ਪੰਜਾਬ ਵਿਚ ਤੇਜ਼ੀ ਨਾਲ ਆਪਣਾ ਪ੍ਰਭਾਵ ਜਮਾਇਆ।

ਇਸ ਤੋਂ ਬਾਅਦ ਪੰਥਕ ਮੋਰਚੇ ਦਾ ਗਠਨ ਹੋਇਆ ਅਤੇ ਇਹ ਲੀਡਰ ਇਸ ਵਿਚ ਸ਼ਾਮਲ ਹੋ ਗਏ। ਮੋਰਚੇ ਦੀ ਕਾਰਗੁਜ਼ਾਰੀ ਕੁਝ ਇਸ ਤਰ੍ਹਾਂ ਰਹੀ ਕਿ ਪੰਜਾਬ ਦੀ ਸੰਗਤ ਨੇ ਉਹਨਾਂ ਨੂੰ ਜ਼ਿਆਦਾ ਅਹਿਮੀਅਤ ਨਾ ਦਿੱਤੀ, ਪਰ ਮੋਰਚਾ ਹਮੇਸ਼ਾ ਨਿਰਣਾਇਕ ਸਥਿਤੀ ਵਿਚ ਰਿਹਾ। ਸੰਨ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਮੋਰਚੇ ਨੇ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਖੜ੍ਹੇ ਕੀਤੇ ਅਤੇ ਨਤੀਜੇ ਵਜੋਂ ਗੱਠਜੋੜ ਨੂੰ ਹਾਰ ਦਾ ਮੂੰਹ ਦੇਖਣਾ ਪਿਆ।ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਚੋਣ ਵਿਚ ਬੇਸ਼ੱਕ ਹੀ ਮੋਰਚੇ ਨੂੰ ਕੋਈ ਸਫਲਤਾ ਨਾ ਮਿਲੀ ਹੋਵੇ ਪਰ ਮੋਰਚੇ ਨੇ ਬਾਦਲ ਐਂਡ ਕੰਪਨੀ ਨੂੰ ਸਿੱਧਾ ਨੁਕਸਾਨ ਪਹੁੰਚਾਇਆ ਅਤੇ ਇਸ ਤੋਂ ਬਾਅਦ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ। ਇਦ ਵਾਰ ਲੋਕ ਸਭਾ ਚੋਣਾਂ ਵਿਚ ਬਠਿੰਡਾ ਹਲਕੇ ਤੋਂ ਬਾਦਲ ਪਰਿਵਾਰ ਦੇ ਕਿਸੇ ਉਮੀਦਵਾਰ ਦਾ ਨਾਂ ਐਲਾਨ ਹੋਣ ਦੀ ਸੰਭਾਵਨਾ ਦੇਖਦੀ ਹੀ ਮੋਰਚੇ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਪੁੱਤਰ ਈਸ਼ਰ ਸਿੰਘ ਨੂੰ ਚੋਣਾਂ ਲੜਾਉਣ ਦਾ ਐਲਾਨ ਕੀਤਾ ਹੈ।ਮੋਰਚੇ ਦੇ ਲੀਡਰਾਂ ਨੇ ਜਦੋਂ ਇਸਦਾ ਵਿਸ਼ਲੇਸ਼ਣ ਕੀਤਾ ਤਾਂ ਉਹਨਾਂ ਨੂੰ ਮਹਿਸੂਸ ਹੋਇਆ ਕਿ ਇਸਦਾ ਫਾਇਦਾ ਬਾਦਲ ਪਰਿਵਾਰ ਨੂੰ ਮਿਲ ਸਕਦਾ ਹੈ, ਇਸ ਕਰਕੇ ਉਹਨਾਂ ਨੇ ਈਸ਼ਰ ਸਿੰਘ ਦੀ ਦਾਅਵੇਦਾਰੀ ਵਾਪਸ ਲੈ ਲਈ। ਮੋਰਚੇ ਦੇ ਮੁੱਖ ਆਗੂ ਰਵੀਇੰਦਰ ਸਿੰਘ ਨੇ ਕਿਹਾ ਕਿ ਅੱਜ ਵੀ ਮੋਰਚੇ ਦੀ ਬੈਠਕ ਹੋਈ ਹੈ ਅਤੇ ਕੁਝ ਮਹੱਵਪੂਰਨ ਫੈਸਲੇ ਲਏ ਗਏ ਹਨ।

## ਹਲਕਿਆਂ ਵਿਚ ਹੇਰ-ਫੇਰ ਨੇ ਬਦਲੇ ਰਾਜਨੀਤਿਕ ਸਮੀਕਰਨ



ਪਟਿਆਲਾ- ਰਾਜ ਦੇ ਪ੍ਰਮੁੱਖ ਲੋਕ ਸਭਾ ਖੇਤਰਾਂ ਵਿਚੋਂ ਇਕ ਪਟਿਆਲਾ ਲੋਕ ਸਭਾ ਸੀਟ ਦੇ ਅਧੀਨ ਆਉਣ ਵਾਲੇ ਵਿਧਾਨ ਸਭਾ ਹਲਕਿਆਂ ਦੀਆਂ ਸੀਟਾਂ ਦੀ ਗਿਣਤੀ ਚਾਹੇ ਪਹਿਲਾਂ ਵਰਗੀ ਹੀ ਹੈ ਪਰ ਬਦਲੇ ਹਲਕਿਆਂ ਨੇ ਰਾਜਨੀਤਿਕ ਦਲਾਂ ਖਾਸ ਕਰਕੇ ਵਿਚਾਰਧਾਰਾ ਦੀ ਰਾਜਨੀਤੀ ਤੋਂ ਇਕ ਕਦਮ ਅੱਗੇ ਚੱਲਕੇ ਲੋਕ ਸਭਾ ਚੋਣਾਂ ਲੜ ਰਹੇ ਅਕਾਲੀ ਦਲ-ਭਾਜਪਾ ਗੱਠਜੋੜ ਦੇ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਕਾਂਗਰਸ ਦੀ ਸੰਭਾਵੀ ਉਮੀਦਵਾਰ ਬੀਬੀ ਪ੍ਰਨੀਤ ਕੌਰ ਦੀਆਂ ਵੋਟਾਂ ਦੇ ਸਮੀਕਰਨ ਨੂੰ ਵਿਗਾੜ ਦਿੱਤਾ ਹੈ।ਪਟਿਆਲਾ ਲੋਕ ਸਭਾ ਸੀਟ ਦੇ ਅਧੀਨ ਆਉਂਦੇ ਸੰਗਰੂਰ ਜ਼ਿਲ੍ਹੇ ਦੇ ਲਹਿਰਾਗਾਗਾ ਅਤੇ ਸੁਨਾਮ ਵਿਧਾਨ ਸਭਾ ਖੇਤਰਾਂ ਦੇ ਬਾਹਰ ਚਲੇ ਜਾਣ ਕਾਰਨ ਅਕਾਲੀ-ਭਾਜਪਾ ਗੱਠਜੋੜ ਨੂੰ ਤਕੜਾ ਝਟਕਾ ਲੱਗਿਆ ਹੈ। ਲਹਿਰਾਗਾਗਾ ਖੇਤਰ ਵਿਚ ਪ੍ਰੋ. ਚੰਦੂਮਾਜਰਾ ਦੀ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੀਤੀ ਮਿਹਨਤ ਬੇਕਾਰ ਚਲੀ ਗਈ। ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਲਹਿਰਾਗਾਗਾ ਖੇਤਰ ਤੋਂ ਕਾਂਗਰਸ ਦੀ ਬੀਬੀ ਰਾਜਿੰਦਰ ਕੌਰ ਭੱਠਲ ਵਿਧਾਇਕ ਬਣਦੀ ਆ ਰਹ ਹੈ, ਪਰ ਲੋਕ ਸਭਾ ਦੀਆਂ ਚੋਣਾਂ ਹੋਣ ਤੇ ਇਸ ਖੇਤਰ ਤੋਂ ਅਕਾਲੀ-ਭਾਜਪਾ ਨੂੰ ਮਿਲੀਆਂ ਵੋਟਾਂ ਜ਼ਿਆਦਾ ਨਿਕਲਦੀਆਂ ਰਹੀਆਂ ਹਨ। ਦੂਜੇ ਪਾਸੇ ਸੁਨਾਮ ਖੇਤਰ ਤੋਂ ਸਿਰਫ ਇਕ ਵਾਰ 1977 ਵਿਚ ਕਾਂਗਰਸ ਦੇ ਭਗਵਾਨ ਦਾਸ ਅਰੋੜਾ ਚੁਣੇ ਗਏ ਵਰਨਾ ਹਰ ਚੋਣ ਅਕਾਲੀ ਦਲ ਦੇ ਖਾਤੇ ਆਉਂਦਾ ਰਿਹਾ ਹੈ। ਵਰਤਮਾਨ ਸਮੇਂ ਸੰਗਰੂਰ ਜ਼ਿਲ੍ਹੇ ਦੀਆਂ ਬਾਕੀ ਸੀਟਾਂ ਕਾਂਗਰਸ ਦੇ ਖਾਤੇ ਵਿਚ ਹਨ ਤਾਂ ਸਿਰਫ ਸੁਨਾਮ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ ਕੋਲ ਹੈ। ਹਾਲਾਂਕਿ ਬੀਤੀਆਂ ਚੋਣਾਂ ਵਿਚ ਇੱਥੋਂ ਕਾਂਗਰਸ ਦੀ ਪਰਨੀਤ ਕੌਰ ਅੱਗੇ ਰਹੀ ਸੀ। ਉਥੇ ਹੀ ਨਵੀਂ ਹਲਕਾਬੰਦੀ ਵਿਚ ਰੋਪੜ ਲੋਕ ਸਭਾ ਸੀਟ ਦਾ ਹਿੱਸਾ ਰਹੇ ਪਟਿਆਲਾ ਜ਼ਿਲ੍ਹੇ ਦੇ ਇਕ ਹੋਰ ਸ਼ਹਿਰ ਵਿਚ ਨਾਭਾ ਵਿਧਾਨ ਸਭਾ ਖੇਤਰ ਨੂੰ ਪਟਿਆਲਾ ਲੋਕ ਸਭਾ ਹਲਕੇ ਦੇ ਹਿੱਸਾ ਬਣਾ ਦਿੱਤਾ ਗਿਆ ਹੈ। ਹਿੰਦੂ ਬਹੁਗਿਣਤੀ ਨਾਭਾ ਸੀਟ ਨੂੰ ਕਾਂਗਰਸ ਦੀ ਮੰਨਿਆ ਜਾਂਦਾ ਰਿਹਾ ਹੈ ਪਰ ਇਸਨੂੰ ਰਿਜ਼ਰਵ ਐਲਾਨ ਦਿੱਤਾ ਗਿਆ ਹੈ ਇਸ ਕਰਕੇ ਵਰਤਮਾਨ ਕਾਂਗਰਸੀ ਵਿਧਾਇਕ



ਦੀ ਇਸ ਹਲਕੇ ਵਿਚ ਖਾਸ ਦਿਲਚਸਪੀ ਨਹੀਂ ਰਹਿ ਗਈ ਹੈ। 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਦੇ ਰਾਜਾ ਨਰਿੰਦਰ ਸਿੰਘ ਇੱਥੋਂ ਚੁਣੇ ਗਏ, ਪਰ ਦਿਲਚਸਪ ਹੈ ਕਿ ਜਿਹਨਾਂ ਦਿਨਾਂ ਵਿਚ ਕੈਪਟਨ ਅਮਰਿੰਦਰ ਸਿੰਘ ਅਕਾਲੀ ਦਲ ਵਿਚ ਹੋਇਆ ਕਰਦੇ ਸਨ, ਉਦੋਂ ਰਾਜਾ ਨਰਿੰਦਰ ਸਿੰਘ ਦੀ ਕੈਪਟਨ ਨਾਲ ਬਹੁਤ ਨਜ਼ਦੀਕੀ ਹੋਇਆ ਕਰਦੀ ਸੀ। ਇਸਦਾ ਲਾਭ ਪਰਨੀਤ ਕੌਰ ਨੂੰ ਵੀ ਮਿਲਿਆ ਹੈ।

## ਅੰਬਿਕਾ ਦੇ ਕੰਮ ਆਵੇਗਾ ਤਿੰਨ ਸਾਲ ਦਾ ਹੋਮਵਰਕ



ਜਲੰਧਰ-ਹਾਲਾਂਕਿ ਕਾਂਗਰਸ ਹਾਈ ਕਮਾਨ ਨੇ ਹੁਣ ਤੱਕ ਪੰਜਾਬ ਦੇ ਲੋਕ ਸਭਾ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ, ਪਰ ਆਨੰਦਪੁਰ ਸਾਹਿਬ ਸੀਟ ਤੋਂ ਕੇਂਦਰੀ ਸੈਰ ਸਪਾਟਾ ਮੰਤਰੀ ਅੰਬਿਕਾ ਸੋਨੀ ਦਾ ਟਿਕਟ ਪੱਕੀ ਮੰਨੀ ਜਾਰਹੀ ਹੈ। ਜੇਕਰ ਅੰਬਿਕਾ ਇੱਥੋਂ ਚੋਣਾਂ ਲੜਦੀ ਹੈ ਤਾਂ ਅਕਾਲੀ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਲਈ ਕਾਫੀ ਮੁਸ਼ਕਿਲਾਂ ਖੜ੍ਹੀਆਂ ਹੋ ਸਕਦੀਆਂ ਹਨ, ਕਿਉਂਕਿ ਅੰਬਿਕਾ ਨੇ ਇਸ ਇਲਾਕੇ ਵਿਚ ਜ਼ਬਰਦਸਤ ਹੋਮਵਰਕ ਕੀਤਾ ਹੈ, ਉਥੇ ਹੀ ਭਾਜਪਾ ਦਾ ਇਕ ਮਜ਼ਬੂਤ ਧੜਾ ਇੱਥੇ ਬੇੜੀਆਂ 'ਚ ਵੱਟੇ ਪਾ ਸਕਦਾ ਹੈ ਸੂਤਰਾਂ ਦੇ ਮੁਤਾਬਕ ਨਵੀਂ ਹੱਦਬੰਦੀ ਦੇ ਦੌਰਾਨ ਆਨੰਦਪੁਰ ਸਾਹਿਬ ਹਲਕਾ ਬਣਾਉਣ ਵਿਚ ਅੰਬਿਕਾ ਸੋਨੀ ਅਤੇ ਭਾਜਪਾ ਸਾਂਸਦ ਅਵਿਨਾਸ਼ ਰਾਏ ਖੰਨਾ ਦਾ ਕਾਫੀ ਰੋਲ ਰਿਹਾ ਹੈ।

ਦੋਵੇਂ ਹੀ ਇੱਥੋਂ ਚੋਣਾਂ ਲੜਨ ਦੇ ਚਾਹਵਾਨ ਸਨ ਅਤੇ ਦੋਵੇਂ ਹੀ ਇੱਥੋਂ ਚੋਣਾਂ ਲੜਨ ਦੇ ਚਾਹਵਾਨ ਸਨ ਅਤੇ ਦੋਵਾਂ ਨੇ ਹੀ ਆਪਣੇ ਪਸੰਦੀਦਾ ਇਲਾਕੇ ਇਸ ਹਲਕੇ ਵਿਚ ਸ਼ਾਮਲ ਕਰਵਾਏ। ਅੰਬਿਕਾ ਨੇ ਤਿੰਨ ਸਾਲ ਪਹਿਲਾਂ ਹੀ ਹੋਮਵਰਕ ਸ਼ੁਰੂ ਕਰ ਦਿੱਤਾ ਪਰ ਖੰਨਾ ਇਹ ਸੀਟ ਲੈਣ ਵਿਚ ਕਾਮਯਾਬ ਨਹੀਂ ਹੋਏ।ਅੰਬਿਕਾ ਨੇ ਇਸ ਇਲਾਕੇ ਵਿਚ ਬਹੁਤ ਸਾਰੇ ਵਿਕਾਸ ਦੇ ਪ੍ਰਾਜੈਕਟ ਸ਼ੁਰੂ ਕਰਵਾਏ। ਆਨੰਦਪੁਰ ਸਾਹਿਬ ਵਿਚ ਖਾਲਸਾ ਹੈਰੀਟੇਜ ਪ੍ਰਾਜੈਕਟ ਨੂੰ ਕੇਂਦਰੀ ਮਦਦ, ਗੁਰਤਾ ਗੱਦੀ ਦਿਵਸ ਦੇ ਤਿੰਨ ਸੌ ਸਾਲਾਂ 'ਤੇ ਵੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਦੇ ਵਿਕਾਸ ਨੂੰ 180 ਕਰੋੜ ਦੇ ਪ੍ਰਾਜੈਕਟ, ਖਟਕੜ ਕਲਾਂ ਵਿਚ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਵਿਚ 16.8 ਕਰੋੜ ਵਿਚ ਕੌਮੀ ਸਮਾਰਕ ਦੀ ਸਥਾਪਨਾ, ਮੋਰਾਂਵਾਲੀ ਵਿਚ ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵੰਤੀ ਦੀ ਯਾਦਗਾਰ, ਕੁਰਾਲੀ ਦੇ ਵਿਕਾਸ ਲਈ 1.6 ਕਰੋੜ ਦਾ ਪ੍ਰਾਜੈਕਟ, ਹੁਸ਼ਿਆਰਪੁਰ ਦੇ ਲਈ ਚਾਰ ਕਰੋੜ ਦਾ ਪ੍ਰੋਜੈਕਟ ਮਨਜ਼ੂਰ ਕਰਵਾਇਆ। ਇਸੇ ਤਰ੍ਹਾਂ ਇਸ ਹਲਕੇ ਦੇ ਮੋਹਲੀ, ਕੁਰਾਲੀ, ਮੋਰਿੰਡਾ ਫਾਸਟ ਫੂਡ ਕਾਰਨਰ ਬਣਵਾਏ। ਆਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਚਮਕੌਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਦੇ ਵਿਕਾਸ ਯਾਨਿ ਸੜਕਾਂ, ਸੀਵਰੇਜ, ਪਾਣੀ, ਡਸਟਬਿਨ, ਸਾਲਿਡ ਵੇਸਟ ਮੈਨੇਜਮੈਂਟ ਪਲਾਂਟ, ਰੇਨ ਸ਼ੈਲਟਰ ਆਦਿ ਦੇ ਲਈ ਪ੍ਰਾਜੈਕਟ ਚਲਾਇਆ। ਇਸੇ ਹਲਕੇ ਦੇ ਜੈਤੀ ਮਾਜਰਾ ਅਤੇ ਚਮਕੌਰ ਪਿੰਡਾਂ ਵਿਚ 2.3 ਕਰੋੜ ਦੀ ਲਾਗਤ ਨਾਲ ਰੂਰਲ ਟੂਰਿਜ਼ਮ ਪ੍ਰਾਜੈਕਟ ਸ਼ੁਰੂ ਕਰਵਾਏ। ਪਿਛਲੇ ਤਿੰਨ ਸਾਲਾਂ ਦੇ ਦੌਰਾਨ ਸ਼ੁਰੂ ਜਾਂ ਪੂਰੇ ਹੋਏ ਇਹਨਾਂ ਪ੍ਰਾਜੈਕਟਾਂ ਦੇ ਸਹਾਰੇ ਚੋਣ ਮੈਦਾਨ ਵਿਚ ਉਤਰਨ ਜਾ ਰਹੀ ਅੰਬਿਕਾ ਨੂੰ ਇਸਦਾ ਫਾਇਦਾ ਤਾਂ ਮਿਲੇਗਾ ਹੀ। ਨਾਲ ਹੀ ਕਾਂਗਰਸ ਨੂੰ ਪੂਰੀ ਉਮੀਦ ਹੈ ਕਿ ਇੱਥੇ ਭਾਜਪਾਈ ਵੀ ਅੰਦਰੋਂ ਸੰਨ੍ਹ ਮਾਰਨਗੇ। ਸਾਂਸਦ ਅਵਿਨਾਸ਼ ਰਾਏ ਖੰਨਾ ਦੇ ਖਿਲਾਫ ਭਾਜਪਾ ਦੀ ਇਕ ਮਜਬੂਤ ਲਾਬੀ ਦੇ ਖੜ੍ਹੇ ਹੋਣ ਦੇ ਚਲਦੇ ਉਹਨਾਂ ਨੂੰ ਇਹ ਸੀਟ ਨਹੀਂ ਮਿਲੀ, ਹੁਣ ਉਹਨਾਂ ਦੀ ਪਸੰਦ ਦਾ ਉਮੀਦਵਾਰ ਵੀ ਇੱਥੇ ਆਵੇਗਾ, ਇਸਦੀ ਸੰਭਾਵਨਾ ਬਹੁਤ ਘੱਟ ਹੈ। ਇਹ ਲਾਬੀ ਇੱਥੋਂ ਸੋਮਪ੍ਰਕਾਸ਼ ਨੂੰ ਲੜਾਉਣ ਦੀ ਤਿਆਰੀ ਕਰ ਚੁੱਕੀ ਹੈ।

## ਆਪਣੀਆਂ ਹੀ ਪਾਰਟੀਆਂ ਦੀਆਂ ਬੇੜੀਆਂ 'ਚ ਵੱਟੇ ਪਾਉਣਗੇ ਬਾਗੀ

ਚੰਡੀਗੜ੍ਹ- ਲੋਕ ਸਭਾ ਚਣਾਂ ਦਾ ਐਲਾਨ ਹੋਣ ਦੇ ਨਾਲ ਹੀ ਸਾਰੀਆਂ ਸਿਅਸੀ ਪਾਰਟੀਆਂ ਟਿਕਟਾਂ ਦੀ ਵੰਡ ਵਿਚ ਰੁੱਝ ਗਈਆਂ ਅਤੇ ਸਕੀਮਾਂ ਲੜਾਈਆਂ ਜਾ ਰਹੀਆਂ ਹਨ ਕਿ ਬਾਗੀ ਹੋਏ ਟਿਕਟਾਂ ਦੇ ਦਾਅਵੇਦਾਰਾਂ ਨੂੰ ਕਿਵੇਂ ਐਡਜੈਸਟ ਕੀਤਾ ਜਾਵੇ। ਸਿਆਸੀ ਪਾਰਟੀਆਂ ਦੀ ਰਾਏ ਹੈ ਕਿ ਲੋਕ ਸਭਾ ਟਿਕਟਾਂ ਨਾ ਮਿਲਣ ਕਾਰਨ ਬਾਗੀ ਹੋਏ ਲੀਡਰ ਆਪਣੀਆਂ ਹੀ ਪਾਰਟੀਆਂ ਲਈ ਮੁਸੀਬਤ ਬਣ ਸਕਦੇ ਹਨ।

ਬਾਗੀ ਉਮੀਦਵਾਰਾਂ ਨੂੰ ਟਿਕਟ ਦੇ ਕੇ ਦੂਜੀਆਂ ਪਾਰਟੀਆਂ ਵੋਟ ਬੈਂਕ ਵਿਚ ਸੰਨ੍ਹ ਮਾਰ ਸਕਦੀਆਂ ਹਨ। ਇਸ ਕਰਕੇ ਹਰੇਕ ਪਾਰਟੀ ਦੂਜੀ ਪਾਰਟੀ ਦੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਹੋਣ ਤੋਂ ਬਾਅਦ ਹੀ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰਨ ਬਾਰੇ ਸੋਚ ਰਹੀ ਹੈ। ਇਸਦਾ ਸਭ ਤੋਂ ਜ਼ਿਆਦਾ ਫਾਇਦਾ ਵੱਡੀਆਂ ਸਿਆਸੀ ਪਾਰਟੀਆਂ ਨੂੰ ਹੋਵੇਗੀ।

## ਬਠਿੰਡਾ ਸੀਟ ਪ੍ਰਤੀ ਬਹੁਤਾ ਆਸਵੰਦ ਨਹੀਂ ਰਿਹਾ ਬਾਦਲ ਪਰਿਵਾਰ





ਜਲੰਧਰ-ਸਾਰੇ ਪੰਜਾਬ ਵਿਚ ਉਮੀਦਵਾਰ ਐਲਾਨ ਕਰਨ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਬਠਿੰਡਾ ਸੀਟ ਤੋਂ ਉਮੀਦਵਾਰ ਦਾ ਐਲਾਨ ਨਹੀਂ ਕਰ ਰਿਹਾ ਹੈ।ਅੰਦਰਖਾਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਨਜ਼ਰਾਂ ਕਾਂਗਰਸ ਉਮੀਦਵਾਰ 'ਤੇ ਲੱਗੀਆਂ ਹਨ।ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਉਮੀਦਵਾਰ ਦੀ ਘੋਸ਼ਣਾ ਤੋਂ ਬਾਅਦ ਹੀ ਜੂਨੀਅਰ ਬਾਦਲ ਆਪਣੇ ਪੱਤੇ ਖੋਲ੍ਹਣਗੇ।ਬੀਤੇ ਦਿਨੀਂ ਇਕ ਪ੍ਰੋਗਰਾਮ ਵਿਚ ਬਠਿੰਡਾ ਆਏ ਡਿਪਟੀ ਸੀ. ਐਮ. ਸੁਖਬੀਰ ਬਾਦਲ ਨੇ ਇਹ ਜ਼ਰੂਰ ਕਿਹਾ ਕਿ ਬਠਿੰਡਾ ਤੋਂ ਪਾਰਟੀ ਦੇ ਉਮੀਦਵਾਰ ਦੀ ਘੋਸ਼ਣਾ ਜਲਦੀ ਕੀਤੀ ਜਾਵੇਗੀ ਅਤੇ ਉਮੀਦਵਾਰ ਬਾਦਲ ਪਰਿਵਾਰ ਤੋਂ ਹੀ ਹੋਵੇਗਾ। ਪਰ ਉਹਨਾਂ ਨੇ ਨਾ ਤਾਂ ਇਹ ਦੱਸਿਆ ਕਿ ਉਮੀਦਵਾਰ ਕਦੋਂ ਐਲਾਨਿਆ ਜਾਵੇਗਾ ਅਤੇ ਨਾ ਹੀ ਇਹ ਦੱਸਿਆ ਕਿ ਬਾਦਲ ਪਰਿਵਾਰ ਤੋਂ ਕੌਣ ਚੋਣ ਲੜੇਗਾ। ਸੂਤਰਾਂ ਦੇ ਮੁਤਾਬਕ ਸਰਕਾਰ ਬਠਿੰਡਾ ਤੋਂ ਮਿਲ ਰਹੀਆਂ ਸਰਵੇ ਰਿਪੋਰਟਾਂ ਤੋਂ ਪ੍ਰੇਸ਼ਾਨ ਹੈ। ਹਾਲਾਂਕਿ ਪੰਜਾਬ ਸਰਕਾਰ ਦੀ ਇੰਟੈਲੀਜੈਂਸ ਦੀ ਰਿਪੋਰਟ ਅਕਾਲੀ ਦਲ ਦੇ ਪੱਖ ਵਿਚ ਹੈ, ਪਰ ਫਿਰ ਵੀ ਜੂਨੀਅਰ ਬਾਦਲ ਬਠਿੰਡਾ ਨੂੰ ਲੈ ਕੇ ਕਾਨਫੀਡੈਂਟ ਨਹੀਂ ਹਨ, ਬਾਵਜੂਦ ਇਸਦੇ ਕਿ ਬਾਦਲ ਪਰਿਵਾਰ ਨੇ ਬਠਿੰਡਾ ਵਿਚ ਪੂਰੀ ਤਾਕਤ ਲਗਾ ਦਿੱਤੀ ਹੈ। ਬਠਿੰਡਾ ਵਿਚ ਕਈ ਵੱਡੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ, ਹਰਸਿਮਰਤ ਕੌਰ ਬਾਦਲ ਨੇ ਚੋਣ ਪ੍ਰਚਾਰ ਦੀ ਕਮਾਨ ਆਪਣੇ ਹੱਥਾਂ ਵਿਚ ਲੈ ਲਈ ਹੈ। ਪਰ ਫਿਰ ਵੀ ਜੂਨੀਅਰ ਬਾਦਲ ਜਿੱਤ ਬਾਰੇ ਭਰੋਸੇਮੰਦ ਨਹੀਂ। ਕਾਂਗਰਸ ਟਿਕਟ ਦੇ ਦਾਅਵੇਦਾਰ ਰਣਇੰਦਰ ਸਿੰਘ ਦੇ ਪ੍ਰੋਗਰਾਮਾਂ ਵਿਚ ਖੁਦ ਹੀ ਹੋਣ ਵਾਲੀ ਭੀੜ ਉਹਨਾਂ ਦੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਦੂਜਾ, ਹੁਣ ਤੱਕ ਡੇਰਾ ਸੌਦਾ ਨੇ ਸਥਿਤੀ ਸਪਸ਼ਟ ਨਹੀਂ ਕੀਤੀ ਹੈ। ਬਠਿੰਡਾ ਸੀਟ 'ਤੇ ਡੇਰਾ ਸਮਰਥਕਾਂ ਦਾ ਵੱਡਾ ਵੋਟ ਬੈਂਕ ਹੈ, ਜੋ ਸਮੀਕਰਨ ਪਲਟਣ ਦੀ ਤਾਕਤ ਰੱਖਦਾ ਹੈ। ਵਿਧਾਨ ਸਭਾ ਚੋਣਾਂ ਵਿਚ ਇਸੇ ਦੇ ਸਹਾਰੇਕਾਂਗਰਸ ਨੇ ਮਾਲਵਾ ਵਿਚ ਝੰਡਾ ਲਹਿਰਾਇਆ। ਪਰ ਬਾਅਦ ਵਿਚ ਕੱਟੜ ਅਕਾਲੀਆਂ ਅਤੇ ਡੇਰਾ ਪ੍ਰੇਮੀਆਂ ਵਿਚ ਟਕਰਾਅ ਹੋਇਆ ਤਾਂ ਕੋਈ ਵੀ ਕਾਂਗਰਸੀ ਨਹੀਂ ਖੜ੍ਹਾ ਹੋਇਆ। ਸਥਾਨਕ ਵਿਧਾਇਕ ਹਰਮਿੰਦਰ ਜੱਸੀ ਖੁਦ ਲੋਕ ਸਭਾ ਦੀ ਟਿਕਟ ਮੰਗ ਰਹੇ ਹਨ ਅਤੇ ਡੇਰਾ ਮੁਖੀ ਦੇ ਰਿਸ਼ਤੇਦਾਰ ਹਨ। ਉਹਨਾਂ ਤੋਂ ਵੀ ਡੇਰਾ ਸਮਰਥਕਾਂ ਨੂੰ ਅਜਿਹੀ ਹੀ ਨਰਾਜ਼ਗੀ ਹੈ। ਇਸ ਸਥਿਤੀ ਵਿਚ ਡੇਰਾ ਸਮਰਥਕ ਕਿਸਨੂੰ ਵੋਟ ਦੇਣਗੇ, ਇਹ ਬੁਝਾਰਤ ਹੈ। ਅਕਾਲੀ ਦਲ ਨੂੰ ਉਮੀਦ ਹੈ ਕਿ ਡੇਰਾ ਇਹ ਫਰਮਾਨ ਜਾਰੀ ਕਰ ਦੇਵੇ ਕਿ ਉਹ ਕਿਸੇ ਦੇ ਨਾਲ ਨਹੀਂ ਹਨ ਤਾਂ ਪਾਰਟੀ ਦਾ ਰਸਤਾ ਸੌਖਾ ਹੋ ਜਾਵੇਗਾ। ਪਤਾ ਇਹ ਵੀ ਲੱਗਿਆ ਕਿ ਡੇਰਾ ਪ੍ਰੇਮੀਆਂ ਦਾ ਕੈਪਟਨ ਦੇ ਪ੍ਰਤੀ ਮਨ 'ਸਾਫਟ ਕਾਰਨਰ' ਹੈ, ਜੋ ਅਕਾਲੀ ਦਲ ਨੂੰ ਮਹਿੰਗਾ ਪੈ ਸਕਦਾ ਹੈ। ਜੇਕਰ ਜਿੱਤ ਦੀ ਆਸ ਨਾ ਹੋਈ ਤਾਂ ਬਾਦਲ ਪਰਿਵਾਰ ਆਪਣੇ ਕਿਸੇ ਰਿਸ਼ਤੇਦਾਰ ਨੂੰ ਇੱਥੋਂ ਚੋਣ ਲੜਾਵੇਗਾ।

ਕਿਸ਼ਤ-17

ਸੁਰਿੰਦਰ ਧਨੋਆ
510-377-4197

# ਰਾਵੀਓ ਪਾਰ ਮੇਰੇ ਰਾਂਝਣ ਦਾ ਡੇਰਾ



ਬੇਸ਼ਕ ਪਿਛਲੀ ਰਾਤ ਕਾਫ਼ੀ ਲੇਟ ਆਏ ਪਰ ਫੇਰ ਵੀ ਦੂਰ ਜਾਣ ਕਰਕੇ ਸਵੇਰੇ ਸੁਵਖਤੇ ਜਾਣ ਕਰਕੇ ਸਾਰੇ ਆਪਣੀ ਆਪਣੀ ਤਿਆਰੀ ਕਰ ਰਹੇ ਸਨ। ਮੈਂ ਪਹਿਲਾਂ ਤਿਆਰ ਹੋ ਕੇ ਕਮਰੇ ਵਿਚ ਅਜੇ ਬੈਠਿਆ ਹੀ ਸਾਂ ਕਿ ਬੇਟੇ ਨੇ ਤਿਆਰ ਹੋਣਾ ਸ਼ੁਰੂ ਕਰ ਦਿੱਤਾ। ਲੋੜੀਂਦਾ ਸਮਾਨ, ਕੈਮਰਾ, ਬੈਗ ਤੇ ਕੰਪਿਊਟਰ ਸਭ ਤਿਆਰ ਪਏ ਸਨ। ਮੈਂ ਟੀ. ਵੀ. ਨੂੰ ਔਨ ਕੀਤਾ। ਇਕ ਚੈਨਲ ਤੇ ਇਕਬਾਲ ਬਾਹੂ ਬਹੁਤ ਹੀ ਸੰਜੀਦਗੀ ਦੇ ਨਾਲ ਮੁਹੰਮਦ ਬੂਟਾ ਗੁਜਰਾਤੀ ਦਾ ਕਲਾਮ ਗਾ ਰਹੇ ਸਨ। ਗਾ ਹੀ ਨਹੀਂ ਬਲਕਿ ਇਕ ਇਕ ਲਾਈਨ ਦਿਲ ਦੀਆਂ ਤਹਿਆਂ ਵਿਚ ਉਤਰ ਰਹੀ ਸੀ।

ਖਸਖਸ ਜਿੰਨਾ ਕੱਦ ਨਾ ਮੇਰਾ
ਸਭ ਸਾਹਿਬ ਦੀਆਂ ਵਡਿਆਈਆਂ।
ਮੈਂ ਗਲੀਆਂ ਦਾ ਰੂੜਾ ਕੂੜਾ
ਮੈਨੂੰ ਮਹਿਲ ਪਹੁੰਚਾਇਆ ਮੇਰੇ ਸਾਈਆਂ।


ਇਹਨਾਂ ਲਾਈਨਾਂ ਨੂੰ ਸੁਣ ਕੇ ਮੇਰੇ ਜ਼ਿਹਨ ਦਾ ਘੋੜਾ ਵੀ ਸੋਚਾਂ ਵਿਚ ਭੱਜਣ ਲੱਗਿਆ। ਮੈਂ ਸੋਚ ਰਿਹਾ ਸੀ ਕਿ ਮੇਰੇ ਤੇ ਵੀ ਇਹ ਰਹਿਮੋ ਕਰਮ ਸੁਹਣੇ ਰੱਬ ਦਾ ਕਿੰਨਾ ਹੈ, ਜਿਹੜਾ ਉਹਨਾਂ ਥਾਂਵਾਂ ਦੇ ਦਰਸ਼ਨ ਕਰ ਰਿਹਾ ਹੈ, ਜਿਨ੍ਹਾਂ ਬਾਰੇ ਕਦੇ ਸੋਚਿਆ ਤੱਕ ਵੀ ਨਹੀਂ ਸੀ। ਨਨਕਾਣਾ ਸਾਹਿਬ, ਪੰਜਾ ਸਾਹਿਬ,ਕਰਤਾਰਪੁਰ ਤੇ ਹੋਰ ਪਤਾ ਨਹੀਂ ਕਿੰਨੇ ਅਜਿਹੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ, ਜਿਨ੍ਹਾਂ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਵਾਰਸ ਸ਼ਾਹ ਤੇ ਬਾਬਾ ਫਰੀਦ ਵਰਗੇ ਸੂਫੀ ਬਜ਼ੁਰਗਾਂ ਦੇ ਮਕਬਰਿਆਂ ਤੇ ਜਾਣਾ, ਚਾਦਰਾਂ ਚੜ੍ਹਾਉਣੀਆਂ ਤੇ ਆਪਣੀ ਇਕੀਦਤ ਦੇ ਫੁੱਲ ਭੇਂਟ ਕਰਨੇ ਕਿੰਨੇ ਕੁ ਪੰਜਾਬੀਆਂ ਦੇ ਕਰਮਾਂ ਵਿਚ ਇੱਥੇ ਨੇ। ਹੀਰ ਦੀ ਕਬਰ, ਹੁਜ਼ਰਾ ਸ਼ਾਹ ਮਕੀਮ, ਰਾਵੀ ਤੇ ਝਨਾਂ ਦਰਿਆਵਾਂ ਦੀਆਂ ਛੱਲਾਂ ਦੇਖਣ ਤੇ ਮਾਨਣ ਲਈ ਅੱਜ ਦੇ ਜ਼ਮਾਨੇ ਵਿਚ ਕਿਹਦੇ ਕੋਲ ਵਕਤ ਹੈ। ਸਿਆਲਕੋਟ ਦੇ ਪਿੰਡਾਂ ਵਿਚ ਜਾ ਕੇ ਅਬਦੁਲ ਢੋਲੀ ਨਾਲ ਭੰਗੜਾ ਪਾਉਣਾ ਤੇ ਸਾਹੀਂਵਾਲ ਵਿਚ ਜਾ ਕੇ ਰਾਵੀ ਦਾ ਝੁੰਮਰ ਪਾਉਣਾ ਕਿੰਨੇ ਕੁ ਲੋਕਾਂ ਨੂੰ ਨਸੀਬ ਹੋਇਆ ਹੋਵੇਗਾ। ਪਰ ਮੈਂ ਤਾਂ ਰੱਬਾ ਧਰਤੀ ਨਮਸਕਾਰਦਾ ਹਾਂ ਕਿ ਜਿਹੜੀਆਂ ਚੀਜ਼ਾਂ ਦੀ ਮੇਰੀ ਬੜੀ ਪੁਰਾਣੀ ਉਮੀਦ ਸੀ, ਉਹ ਮੇਰੀਆਂ ਸਭ ਪੂਰੀਆਂ ਹੋ ਗਈਆਂ ਸਨ। ਜੇਕਰ ਇਹ ਰੱਬ ਸੁਹਣੇ ਦੀ ਮਿਹਰਬਾਨੀ ਨੀ ਤਾਂ ਹੋਰ ਕੀ ਹੈ। ਅਜੇ ਇਹ ਘੋੜੇ ਦੌੜ ਹੀ ਰਹੇ ਸਨ ਕਿ ਦਰਵਾਜ਼ੇ 'ਤੇ ਦਸਤਕ ਹੋਈ। ਦਰਵਾਜ਼ਾ ਖੋਲ੍ਹਿਆ ਤਾਂ ਇਕਬਾਲ ਕੈਸਰ ਤੇ ਤਾਰਿਕ ਗਿੱਲ ਖੜ੍ਹੇ ਸਨ। ਇਕਬਾਲ ਦਾ ਚਿਹਰਾ ਬਿਲਕੁਲ ਵੀ ਥੱਕਿਆ ਹੋਇਆ ਨਹੀਂ ਸੀ ਲੱਗ ਰਿਹਾ, ਬਲਕਿ ਹੱਸ ਰਹੇ ਸਨ ਕਿ ਚਲੋ ਭਾਈ ਲੇਟ ਹੋ ਰਹੇ ਹਾਂ, ਦੂਰ ਜਾਣਾ ਹੈ, ਛੇਤੀ ਕਰੋ। ਬੇਟਾ ਤੇਗਇੰਦਰ ਵੀ ਤਿਆਰ ਹੋ ਕੇ ਨਿਕਲ ਆਇਆ। ਖਾਨਸਾਮਾ ਚਾਹ ਲੈ ਕੇ ਆ ਗਿਆ। ਚਾਹ ਪੀ ਹੀ ਰਹੇ ਸਾਂ ਕਿ ਇਕਬਾਲ ਕੈਸਰ ਤੇ ਬੇਟੇ ਨੇ ਸਾਰਾ ਪ੍ਰੋਗਰਾਮ ਬਣਾਉਣਾ ਸ਼ੁਰੂ ਕਰ ਦਿੱਤਾ।


ਤਾਰਿਕ ਗਿੱਲ ਨੇ ਸਾਰਾ ਸਮਾਨ ਚੁੱਕ ਗੱਡੀ ਵਿਚ ਰੱਖ ਲਿਆ ਤੇ ਛੇਤੀ ਛੇਤੀ ਸਾਰੇ ਜਣੇ ਗੱਡੀ ਵਿਚ ਸਵਾਰ ਹੋ ਕੇ ਤੁਰ ਪਏ। ਲਾਹੌਰ ਸ਼ਹਿਰ ਦੀਆਂ ਗਲੀਆਂ ਵਿਚ ਹਾਲੇ ਬਹੁਤਾ ਸ਼ੋਰ ਸ਼ਰਾਬਾ ਨਹੀਂ ਸੀ। ਬਿਲਾਲ ਤੇ ਸ਼ਾਹਿਦ ਬੱਟ ਨੂੰ ਉਸ ਦੇ ਘਰੋਂ ਚੁੱਕਿਆ ਤੇ ਗੱਡੀ ਲਾਹੌਰ ਸ਼ਹਿਰ ਦੀਆਂ ਗਲੀਆਂ ਨੂੰ ਕੱਟਦੀ ਰਾਵੀ ਵੱਲ ਭੱਜਣ ਲੱਗ ਪਈ। ਟਕਸਾਲੀ ਦਰਵਾਜ਼ਾ, ਹੀਰਾ ਮੰਡੀ, ਸ਼ਹੀਦ ਏ ਆਜ਼ਮ, ਸ. ਭਗਤ ਸਿੰਘ ਦਾ ਸਕੂਲ, ਉਹ ਚੌਂਕ ਜਿੱਥੇ ਜਨਰਲ ਸਾਂਡਰਸ ਨੂੰ ਮਾਰਿਆ ਸੀ। ਬਾਬਾ ਫਰੀਦ ਦਾ ਟਿੱਲਾ ਤੇ ਸ਼ਾਹ ਹੁਸੈਨ ਦਾ ਹੁਜ਼ਰਾ, ਸ਼ਾਹੀ ਕਿਲਾ ਤੇ ਰਣਜੀਤ ਸਿੰਘ ਦੀ ਸਮਾਧ ਬਾਰੇ ਇਕਬਾਲ ਕੈਸਰ ਇੰਝ ਜਾਣਕਾਰੀ ਦੇ ਰਿਹਾ ਸੀ, ਜਿਵੇਂ ਕਿ ਪੱਕਾ ਹੀ ਗਾਈਡ ਦਾ ਕੰਮ ਕਰਦਾ ਹੋਵੇ। ਜਿੰਨਾ ਪਿਆਰ ਤੇ ਜਿੰਨੀ ਸਮਝ ਮੈਂ ਸਿੱਖ ਇਤਿਹਾਸ ਬਾਰੇ ਇਕਬਾਲ ਕੈਸਰ ਵਿਚ ਦੇਖੀ, ਸ਼ਾਇਦ ਸਾਰੇ ਪਾਕਿਸਤਾਨ ਵਿਚ ਹੋਰ ਕਿਧਰੇ ਨਾਂ ਮਿਲਦੀ ਹੋਵੇ। ਅਜੇ ਦਰਿਆ ਰਾਵੀ ਪਾਰ ਕਰਕੇ ਸ਼ਾਹਦਰੇ ਪਹੁੰਚੇ ਹੀ ਸੀ ਕਿ ਮੁਮਤਾਜ ਸਲੋਚ ਸਾਹਿਬ ਦੀ ਝੰਗ ਤੋਂ ਕਾਲ ਆ ਗਈ। ਇਕਬਾਲ ਕੈਸਰ ਥੋੜ੍ਹਾ ਜਿਹੇ ਸੰਜੀਦਾ ਹੋ ਗਏ, ਜਿਸ ਕਰਕੇ ਸਾਰੀ ਗੱਡੀ ਵਿਚ ਚੁੱਪ ਛਾ ਗਈ। ਮੁਮਤਾਜ ਬਲੋਚ ਕਹਿ ਰਹੇ ਸਨ ਕਿ ਟੀਮ ਤਾਂ ਸਾਰੀ ਤਿਆਰ ਬੈਠੀ ਹੈ ਪਰ ਇਕਬਾਲ ਝੰਗ ਦੇ ਵਿਚ ਮਹੁੱਰਮ ਚੱਲ ਰਿਹਾ ਹੈ। ਝੰਗ ਦੇ ਵਸਨੀਕ ਜ਼ਿਆਦਾਤਰ ਸ਼ੀਆ ਮੁਸਲਮਾਨ ਨੇ, ਇਸ ਕਰਕੇ ਧਾਰ ਢੋਲ ਵਜਾਉਣ ਤਾਂ ਇਕ ਪਾਸੇ ਆਪਾਂ ਤਾਂ ਕੁਝ ਇਹਨਾਂ ਦਿਨਾਂ ਵਿਚ ਕਰ ਹੀ ਨਹੀਂ ਸਕਦੇ। ਸਾਰਿਆਂ ਦੇ ਮੂੰਹਾਂ 'ਤੇ ਉਦਾਸੀ ਛਾ ਗਈ ਕਿ ਹੁਣ ਕੀ ਕੀਤਾ ਜਾਵੇ। ਤਾਰਿਕ ਗਿੱਲ ਸਾਹਿਬ ਨੇ ਗੱਡੀ ਹੌਲੀ ਕਰ ਲਈ ਕਿ ਪਤਾ ਨਹੀਂ ਸ਼ਾਇਦ ਵਾਪਸ ਹੀ ਜਾਣਾ ਪਵੇ।


ਖ਼ੈਰ ਇਧਰ ਉਧਰ ਦੀਆਂ ਗੱਲਾਂ ਬਾਤਾਂ ਤੋਂ ਬਾਅਦ ਮੁਮਤਾਜ ਬਲੋਚ ਸਾਹਿਬ ਨੇ ਕਿਹਾ ਕਿ ਜੇਕਰ ਆਪਾਂ ਝੰਗ ਤੋਂ ਬਾਹਰ ਕਿਧਰੇ ਹੋਰ ਦੂਰ ਮਿਲ ਜਾਈਏ, ਉਥੇ ਫੇਰ ਦਰੀਸ ਲੋਕ ਨਾਚ ਦੀ ਸ਼ੂਟਿੰਗ ਕੀਤੀ ਜਾ ਸਕਦੀ ਹੈ। ਫਿਰ ਇਹੋ ਫੈਸਲਾ ਹੋਇਆ ਕਿ ਨਨਕਾਣਾ ਸਾਹਿਬ ਤਾਂ ਜਾਣਾ ਹੀ ਹੈ, ਕਿਉਂ ਨਾ ਸਾਰੀ ਟੀਮ ਨੂੰ ਉਥੇ ਬੁਲਾਇਆ ਜਾਵੇ। ਸਭ ਦੀ ਸਹਿਮਤੀ ਹੋ ਗਈ। ਤੇ ਮੁਮਤਾਜ ਬਲੋਚ ਸਾਹਿਬ ਨੇ ਦੋ ਗੱਡੀਆਂ ਦੇ ਅੰਦਰ 18 ਜਣਿਆਂ ਦੀ ਟੀਮ ਨਨਕਾਣਾ ਸਾਹਿਬ ਨੂੰ ਰਵਾਨਾ ਕਰ ਦਿੱਤੀ। ਸਾਰਿਆਂ ਦੇ ਚਿਹਰਿਆਂ ਤੇ ਮੁੜ ਖੁਸ਼ੀਆਂ ਚਮਕੀਆਂ। ਪਰ ਬੇਟਾ ਤੇਗਇੰਦਰ ਕਹਿ ਰਿਹਾ ਸੀ ਕਿ ਮੇਰੇ ਦਿਲ ਦੀ ਖਾਹਿਸ਼ ਸੀ ਕਿ ਝਨਾਂ ਦਰਿਆ ਦੇ ਕੰਢੇ ਇਸ ਨੂੰ ਰਿਕਾਰਡ ਕੀਤਾ ਜਾਂਦਾ। ਪਰ ਕੋਈ ਗੱਲ ਨਹੀਂ ਕਿਤੇ ਨਾ ਕਿਤੇ ਤਾਂ ਸਮਝੌਤਾ ਕਰਨਾ ਹੀ ਪੈਂਦਾ ਹੈ। ਇਕਬਾਲ ਕੈਸਰ ਨੇ ਕਿਹਾ ਕਿ ਬੇਟਾ ਫਿਕਰ ਨਾ ਕਰ, ਨਨਕਾਣੇ ਵਿਚੋਂ ਗੁਰਦੁਆਰਾ ਤੰਬੂ ਸਾਹਿਬ ਦੇ ਸੇਵਾਦਾਰ ਭੱਟੀ ਸਾਹਿਬ ਮੇਰੇ ਬਹੁਤ ਗੂੜ੍ਹੇ ਮਿੱਤਰ ਨੇ, ਆਪਾਂ ਕੁਝ ਨਾ ਕੁਝ ਕਰ ਹੀ ਲਵਾਂਗੇ। ਇਕਬਾਲ ਕੈਸਰ ਨੇ ਨਾਲ ਲਗਦਾ ਹੀ ਭੱਟੀ ਸਾਹਿਬ ਨੂੰ ਫੋਨ ਘੁੰਮਾ ਦਿੱਤਾ। ਭੱਟੀ ਸਾਹਿਬ ਕਹਿੰਦੇ ਕਿ ਮਾਲਕੋ ਕਿਉਂ ਫਿਕਰ ਕਰਦੇ ਹੋ, ਜੋ ਚਾਹੀਦਾ ਹੈ, ਸਭ ਹਾਜ਼ਰ ਕਰ ਦਿਆਂਗੇ, ਤੁਸੀਂ ਫਿਕਰ ਕਿਉਂ ਕਰਦੇ ਹੋ। ਅਸੀਂ ਗੱਡੀ ਭੇਜ ਕੇ ਝੰਗ ਤੋਂ ਸਭ ਨੂੰ ਬੁਲਾ ਲੈਂਦੇ ਹਾਂ। ਇਹ ਵੀ ਕੋਈ ਗੱਲਾਂ 'ਚੋਂ ਗੱਲ ਹੈ। ਬੱਸ ਆ ਜੋ ਚਾਹ-ਪਾਣੀ-ਮਠਿਆਈ ਤੇ ਦੁਪਹਿਰ ਦਾ ਲੰਗਰ ਤੁਹਾਡੀ ਉਡੀਕ ਕਰ ਰਿਹਾ ਹੈ। ਤਾਰਿਕ ਗਿੱਲ ਸਾਹਿਬ ਕਹਿੰਦੇ ਕਿ ਆਪਣਾ ਕੰਮ ਹੋਵੇ, ਕਿਵੇਂ ਨਾ ਅੱਜ ਤਾਂ ਆਪਾਂ ਬਾਬੇ ਨਾਨਕ ਦੇ ਪਿੰਡ ਜਾ ਰਹੇ ਹਾਂ। ਧਨੋਆ ਅੰਕਲ ਫਿਕਰ ਨਾ ਕਰੋ ਬਾਬਾ ਜੀ ਆਪੇ ਸਾਰੇ ਕੰਮ ਕਰਨਗੇ। ਗੱਡੀ ਦੇ ਅੰਦਰ ਖੁਸ਼ੀ ਦਾ ਮਾਹੌਲ ਦੁਬਾਰਾ ਬਣ ਚੁੱਕਿਆ ਸੀ। ਫਰਵਰੀ ਦਾ ਮਹੀਨਾ, ਕੋਸੀ ਕੋਸੀ ਧੁੱਪ, ਹਰੀਆਂ ਕਚੂਰ ਕਣਕਾਂ ਦੇ ਖੇਤ, ਗੰਨਿਆਂ ਦੇ ਖੇਤਾਂ ਵਿਚ ਟਰੈਕਟਰਾਂ ਦੀਆਂ ਟਰਾਲੀਆਂ ਭਰਾਉਂਦੇ ਜ਼ਿਮੀਦਾਰ, ਪੀਲੇ ਜ਼ਰਦ ਸਰ੍ਹੋਂ ਦੇ ਫੁੱਲ, ਇਕ ਦਿਲਕਸ਼ ਨਜ਼ਾਰਾ ਪੇਸ਼ ਕਰ ਰਹੇ ਸਨ। ਅਸੀਂ ਨਨਕਾਣਾ ਸਾਹਿਬ ਵੱਲ ਜਾਂਦੀ ਸੜਕ ਦਾ ਰੁਖ ਕੀਤਾ। ਇੰਝ ਲੱਗ ਰਿਹਾ ਸੀ ਕਿ ਜਿਵੇਂ ਆਪਣੇ ਹੀ ਪਿੰਡ ਨੂੰ ਜਾਂਦੇ ਹੋਈਏ।

ਤਾਰਿਕ ਗਿੱਲ ਨੇ ਕਿਹਾ ਕਿ ਲਓ ਜੀ ਨਨਕਾਣਾ ਸਾਹਿਬ ਪਹੁੰਚ ਗਏ। ਰੇਲਵੇ ਲਾਈਨ ਪਾਰ ਕਰਦਿਆਂ ਤਾਰਿਕ ਗਿੱਲ ਨੇ ਇਕਬਾਲ ਕੈਸਰ ਹੋਰਾਂ ਨੂੰ ਪੁੱਛਿਆ ਕਿ ਹੁਣ ਦੱਸੋ ਕਿੱਧਰ ਜਾਣਾ ਹੈ। ਇਕਬਾਲ ਕਹਿੰਦਾ, ਬੱਸ ਸਿੱਧਾ ਚਲੀ ਜਾ ਫਿਕਰ ਕਿਉਂ ਕਰਦਾ ਹੈਂ। ਗੱਡੀ ਨਨਕਾਣਾ ਸਾਹਿਬ ਦੇ ਮੇਨ ਬਾਜ਼ਾਰ ਵਿਚ ਹੌਲੀ ਹੌਲੀ ਜਾ ਰਹੀ ਸੀ। ਦੂਰ ਸਾਹਮਣੇ ਜਨਮ ਅਸਥਾਨ ਦਾ ਗੁਰਦੁਆਰਾ ਦਿੱਸ ਰਿਹਾ ਸੀ। ਪਰ ਗੱਡੀ ਸੱਜੇ ਹੱਥ ਇਕ ਛੋਟੇ ਗੁਰਦੁਆਰਾ ਸਾਹਿਬ ਵੱਲ ਮੁੜੀ, ਜਿੱਥੇ ਭੱਟੀ ਸਾਹਿਬ ਸਾਨੂੰ ਉਡੀਕ ਰਹੇ ਸਨ। ਗੱਡੀ ਰੁਕੀ ਇਕਬਾਲ ਕੈਸਰ ਤੇ ਭੱਟੀ ਸਾਹਿਬ ਜੱਫੀ ਪਾ ਕੇ ਇੰਝ ਮਿਲੇ, ਜਿਵੇਂ ਚਿਰਾਂ ਤੋਂ ਵਿੱਛੜੇ ਹੋਏ ਹੋਣ। ਸਾਰਿਆਂ ਨੂੰ ਭੱਟੀ ਸਾਹਿਬ ਹੋਰਾਂ ਨਾਲ ਮਿਲਾਇਆ ਗਿਆ। ਲੰਮਾ ਕੱਦ, ਨੀਲੀ ਪੱਗ, ਕਮੀਜ਼ ਪਜਾਮਾ ਤੇ ਖੁੱਲ੍ਹੀ ਦਾੜ੍ਹੀ। ਭੱਟੀ ਸਾਹਿਬ ਦਾ ਹਸਮੁਖ ਚਿਹਰਾ, ਉਹਨਾਂ ਦੀ ਦਿੱਖ ਨੂੰ ਹੋਰ ਵੀ ਖੂਬਸੂਰਤ ਕਰ ਰਿਹਾ ਸੀ। ਖੱਬੇ ਪਾਸੇ ਗੁਰਦੁਆਰਾ ਸਾਹਿਬ ਦੀ ਪੁਰਾਣੀ ਬਿਲਡਿੰਗ ਪੀਲੇ ਤੇ ਚਿੱਟੇ ਰੰਗ ਵਿਚ ਚਮਕ ਰਹੀ ਸੀ। ਮਿੰਟਾਂ ਸਕਿੰਟਾਂ ਦੇ ਅੰਦਰ ਕੁਰਸੀਆਂ ਡਹਿ ਗਈਆਂ। ਗਰਮ ਗਰਮ ਚਾਹ ਦੇ ਨਾਲ ਪਤਾ ਨਹੀਂ ਕਿੰਨਾ ਕੁਝ ਸੇਵਾਦਾਰ ਲਿਆ ਕੇ ਰੱਖ ਗਏ। ਦੋ ਤਿੰਨ ਟਰੈਕਟਰ ਤੇ ਕਿੰਨਾ ਹੀ ਹੋਰ ਨਿੱਕ ਸੁੱਕ ਗੁਰਦੁਆਰਾ ਸਾਹਿਬ ਦੇ ਅੰਦਰ ਚੱਲ ਰਿਹਾ ਸੀ। ਇੱਥੇ ਗੁਰਦੁਆਰੇ ਦੇ ਅੰਦਰ ਦੋ ਬਹੁਤ ਹੀ ਵੱਡੇ ਵੱਡੇ ਬਿਲਡਿੰਗ ਕੰਪਲੈਕਸ ਬਣ ਰਹੇ ਸਨ। ਕੰਪਲੈਕਸ ਕੀ ਬੱਸ ਇਹ ਕਹਿ ਲਓ ਕਿ ਹਿਲਟਨ ਹੋਟਲ ਤੋਂ ਵੀ ਵਧੀਆ ਸ਼ਾਨਦਾਰ ਲੋਕਾਂ ਦੇ ਰਹਿਣ ਲਈ ਇਹ ਬਿਲਡਿੰਗਾਂ ਬਣ ਰਹੀਆਂ ਸਨ। ਇਸ ਸਾਰੀ ਚੀਜ਼ ਦੀ ਨਿਗਰਾਨੀ ਭੱਟੀ ਸਾਹਿਬ ਖੁਦ ਕਰ ਰਹੇ ਸਨ। ਉਹਨਾਂ ਦੱਸਿਆ ਕਿ ਯੂ. ਕੇ. ਦੀ ਸੰਗਤ ਤੇ ਹੋਰ ਬਾਹਰ ਦੀਆਂ ਸੰਗਤਾਂ ਨੇ ਇਹਨਾਂ ਦੀ ਸੇਵਾ ਸੰਭਾਲੀ ਹੈ। ਕਿੰਨੇ ਹੀ ਰਾਜ, ਮਿਸਤਰੀ ਕੰਮ ਕਰ ਰਹੇ ਸਨ। ਕਿਧਰੇ ਕੰਧਾਂ ਦੀ ਲਪਾਈ ਹੋ ਰਹੀ ਸੀ। ਕਿਧਰੇ ਲੈਂਟਰ ਨੂੰ ਪਾਣੀ ਲੱਗ ਰਿਹਾ ਸੀ ਤੇ ਕਿਧਰੇ ਦਰਵਾਜ਼ਿਆਂ ਦੀਆਂ ਜੋੜੀਆਂ ਤਿਆਰ ਹੋ ਰਹੀਆਂ ਸਨ। ਭੱਟੀ ਸਾਹਿਬ ਮੌਕੇ ਦੇ ਮੁਤਾਬਕ ਸਭ ਨੂੰ ਚੰਗੀ ਤਰ੍ਹਾਂ ਮੁਸਕਰਾਉਂਦੇ ਨਜ਼ਰ ਆ ਰਹੇ ਸਨ। ਇੰਨੇ ਵਧੀਆ ਕੰਪਲੈਕਸ ਦੇਖ ਕੇ ਸਿੱਖ ਕੌਮ ਦੀ ਵਾਕਿਆ ਹੀ ਜਿੰਨੀ ਤਾਰੀਫ਼ ਹੋ ਸਕੇ, ਉਹ ਥੋੜ੍ਹੀ ਹੈ। ਭੱਟੀ ਸਾਹਿਬ ਨੇ ਇਹ ਵੀ ਦੱਸਿਆ ਕਿ ਇੱਥੇ ਖਾਲਸਾ ਸਕੂਲ ਵੀ ਚੱਲ ਰਿਹਾ ਹੈ, ਜਿਸ ਦੇ ਵਿਚ ਤਕਰੀਬਨ 450 ਤੋਂ ਲੈ ਕੇ 500 ਤੱਕ ਬੱਚੇ ਪੜ੍ਹਦੇ ਹਨ। ਮੈਂ ਪੁੱਛਿਆ ਕਿ ਭੱਟੀ ਸਾਹਿਬ ਸਿਰਫ ਜਿਹੜੀਆਂ ਆਪਣੀਆਂ ਸਿੱਖਾਂ ਦੀਆਂ ਫੈਮਲੀਆਂ ਇੱਥੇ ਰਹਿੰਦੀਆਂ ਹਨ, ਕੀ ਇਹ ਬੱਚੇ ਉਹਨਾਂ ਪਰਿਵਾਰਾਂ ਦੇ ਹੀ ਹਨ। ਭੱਟੀ ਸਾਹਿਬ ਨੇ ਕਿਹਾ ਕਿ ਨਹੀਂ, ਇੱਥੇ ਸਾਰੇ ਧਰਮਾਂ ਦੇ ਰਲੇ-ਮਿਲੇ ਬੱਚੇ ਪੜ੍ਹ ਰਹੇ ਹਨ। ਤੇ ਕਦੇ ਵੀ ਕੋਈ ਤਕਲੀਫ਼ ਨਹੀਂ ਆਈ ਤੇ ਨਾ ਹੀ ਕਦੇ ਸ਼ਰਾਰਤ ਹੋਈ ਹੈ। ਤਕਰੀਬਨ 250 ਬੱਚੇ ਸਿੱਖਾਂ ਦੇ ਤੇ 200 ਬੱਚੇ ਹਿੰਦੂ, ਮੁਸਲਮਾਨ ਤੇ ਇਸਾਈ ਮੱਤ ਦੇ ਨੇ। ਭੱਟੀ ਸਾਹਿਬ ਜਿਉਂ ਜਿਉਂ ਇਹਨਾਂ ਦੀਆਂ ਗੱਲਾਂ ਕਰ ਰਹੇ ਸਨ, ਉਹਨਾਂ ਦੀ ਪ੍ਰਸਨੈਲਟੀ ਹੋਰ ਵੀ ਨਿੱਖਰ ਕੇ ਸਾਹਮਣੇ ਆਉਂਦੀ। ਇੱਥੇ ਹੀ ਬੱਸ ਨਹੀਂ ਹੋਰ ਵੀ ਬੜੀਆਂ ਹੀ ਵਧੀਆ ਗੱਲਾਂ ਭੱਟੀ ਸਾਹਿਬ ਨੇ ਸਾਡੇ ਨਾਲ ਸਾਂਝੀਆਂ ਕੀਤੀਆਂ। ਅਸਾਂ ਸਲਾਹ ਕੀਤੀ ਕਿ ਜਿੰਨਾ ਚਿਰ ਵਿਚ ਝੰਗ ਤੋਂ ਟੀਮ ਇੱਥੇ ਅੱਪੜਦੀ ਹੈ, ਅਸੀਂ ਬਾਕੀ ਦੇ ਗੁਰਦੁਆਰਿਆਂ ਦੇ ਦਰਸ਼ਨ ਕਰ ਲਈਏ। ਅਸੀਂ ਪੈਦਲ ਹੀ ਤੁਰ ਕੇ ਗੁਰਦੁਆਰਾ ਜਨਮ ਅਸਥਾਨ ਤੇ ਪਹੁੰਚ ਗਏ। 1992 ਤੋਂ ਬਾਅਦ ਕਿੰਨਾ ਕੁਝ ਬਦਲ ਚੁੱਕਿਆ ਸੀ। ਕਿੰਨੀ ਹੀ ਨਵੀਂ ਕੰਸਟ੍ਰਕਸ਼ਨ ਹੋ ਰਹੀ ਸੀ। ਬਹੁਤ ਵੱਡਾ ਬੋਹੜ ਦਾ ਦਰਖ਼ਤ ਹੋਇਆ ਕਰਦਾ ਸੀ, ਜਿਹੜਾ ਕਿ ਹੁਣ ਉਥੇ ਨਹੀਂ ਰਿਹਾ। ਹੋਰ ਵੀ ਕਿੰਨੇ ਕਮਰਿਆਂ ਦੀ ਢਾਅ ਭੰਨ ਹੋ ਰਹੀ ਸੀ। ਸਾਰਾ ਚੌਗਿਰਦਾ ਸੁਹਣੇ ਫੁੱਲਾਂ ਨਾਲ ਸਜਿਆ ਹੋਇਆ। ਅਸੀਂ ਗੁਰਦੁਆਰੇ ਦੇ ਬਜ਼ੁਰਗ ਭਾਈ ਸਾਹਿਬ ਨੂੰ ਮਿਲੇ ਤੇ ਅੰਦਰ ਜਾ ਕੇ ਮੱਥਾ ਟੇਕਿਆ ਤੇ ਵਾਕ ਲਿਆ। ਲਛਮਣ ਸਿੰਘ ਦਾ ਜੰਡ ਤੇ ਬਾਰਾਂਦਰੀ ਸਭ ਉਵੇਂ ਹੀ ਖੜ੍ਹੇ ਸਨ। ਸਿਰਫ ਇਕ ਬਹੁਤ ਵੱਡੀ ਪਾਲਕੀ ਜਿਹੜੀ ਕਿ ਸੋਨੇ ਦੀ ਬਣੀ ਹੋਈ ਸੀ, ਉਹ ਇਕ ਸ਼ੀਸ਼ੇ ਦੇ ਕਮਰੇ ਦੇ ਅੰਦਰ ਰੱਖੀ ਹੋਈ ਸੀ। ਇਸ ਪਾਲਕੀ ਦੀ ਰਾਖੀ ਵਾਸਤੇ ਇਕ ਪਾਕਿਸਤਾਨ ਪੁਲਿਸ ਦਾ ਨੌਜਵਾਨ ਤਾਇਨਾਤ ਸੀ, ਜਿਸ ਪਾਲਕੀ ਦੇ ਬਾਰੇ ਪਤਾ ਨਹੀਂ ਕਿੰਨਾ ਕੁ ਵਾਦ ਵਿਵਾਦ ਅਖ਼ਬਾਰਾਂ ਵਿਚ ਪੜ੍ਹਿਆ। ਅੱਜ ਇਕ ਸ਼ੀਸ਼ੇ ਦੇ ਕਮਰੇ ਅੰਦਰ ਰੱਖੀ ਹੋਈ ਸੀ। ਇਸ ਗੁਰਦੁਆਰੇ ਤੋਂ ਬਾਅਦ ਪੱਟੀ ਸਾਹਿਬ, ਕਿਆਰਾ ਸਾਹਿਬ ਦੇ ਦਰਸ਼ਨ ਕਰ ਹੀ ਰਹੇ ਸਾਂ ਕਿ ਭੱਟੀ ਸਾਹਿਬ ਦਾ ਫੋਨ ਆਇਆ ਕਿ ਝੰਗ ਤੋਂ ਭਾਈ ਪਰੁਹਾਣੇ ਪਹੁੰਚ ਚੁੱਕੇ ਨੇ। ਅਸੀਂ ਬਹੁਤ ਜਲਦੀ ਸਭ ਥਾਂ ਆਪਣੀ ਹਾਜ਼ਰੀ ਲੁਆ ਕੇ ਵਾਪਸ ਉਥੇ ਹੀ ਆ ਗਏ। ਸਾਰੀ ਦੀ ਸਾਰੀ ਟੀਮ ਬੜੀ ਉਤਸੁਕਤਾ ਨਾਲ ਸਭ ਨੂੰ ਮਿਲੀ। ਭੱਟੀ ਸਾਹਿਬ ਨੇ ਕਿਹਾ ਕਿ ਭਾਈ ਸਾਰੇ ਜਣੇ ਬੈਠੋ ਤੇ ਸਭ ਤੋਂ ਪਹਿਲਾਂ ਲੰਗਰ ਛਕੋ, ਫਿਰ ਆਪਣਾ ਕੰਮ ਕਰਨਾ। ਸਾਰਿਆਂ ਨੇ ਇਕੱਠੇ ਬੈਠ ਕੇ ਲੰਗਰ ਛਕਿਆ ਤੇ ਭੱਟੀ ਸਾਹਿਬ ਤੇ ਇਕਬਾਲ ਕੈਸਰ ਤੇ ਬਾਕੀ ਸੇਵਾਦਾਰਾਂ ਨੇ ਖੁਦ ਲੰਗਰ ਵਰਤਾਇਆ। ਟੀਮ ਦੇ ਵਿਚ ਜਿਹੜੀ ਛੋਟੀ ਉਮਰ ਦੇ ਗੱਭਰੂ ਸਨ, ਉਹ ਇਹ ਸਾਰਾ ਕੁਝ ਦੇਖ ਕੇ ਬਹੁਤ ਹੀ ਖੁਸ਼ ਹੋ ਰਹੇ ਸਨ। ਉਹਨਾਂ ਇਹ ਵੀ ਦੱਸਿਆ ਕਿ ਸਾਨੂੰ ਤਾਂ ਕਿਸੇ ਨੇ ਦੱਸਿਆ ਹੀ ਨਹੀਂ ਕਿ ਸਿੱਖ ਲੋਕ ਕਿੰਨੇ ਚੰਗੇ ਨੇ। ਬੇਟਾ ਤੇਗਇੰਦਰ ਬਹੁਤ ਖੁਸ਼ ਲੱਗ ਰਿਹਾ ਸੀ। ਸਾਹਿਦ ਭੱਟ ਕੈਮਰਾ ਵਗੈਰਾ ਚੈਕ ਕਰ ਰਿਹਾ ਸੀ। ਬੇਟੇ ਨੇ ਭੱਟੀ ਸਾਹਿਬ ਨੂੰ ਪੁੱਛਿਆ ਕਿ ਭੱਟੀ ਅੰਕਲ ਕਿੱਥੇ ਕਰੀਏ ਫਿਰ ਸ਼ੂਟਿੰਗ। ਭੱਟੀ ਸਾਹਿਬ ਨੇ ਕਿਹਾ ਕਿ ਫਿਕਰ ਨਾ ਕਰੋ ਸਭ ਕੁਝ ਤਿਆਰ ਹੈ। ਸਿਰਫ 5 ਮਿੰਟ ਦਿਓ। ਭੱਟੀ ਸਾਹਿਬ ਨੇ ਆਪਣੇ ਨੀਲੇ ਫੋਰਡ ਪਾਈਪ ਅਪ ਟਰੱਕ ਵਿਚ ਕੁਰਸੀਆਂ ਵਗੈਰਾ ਰੱਖੀਆਂ ਤੇ ਦੋ ਜਣੇ ਹੋਰ ਸੁਆਰ ਹੋ ਗਏ। ਤੇ ਕਿਹਾ ਕਿ ਮੇਰੇ ਪਿੱਛੇ ਪਿੱਛੇ ਆਓ। ਨੀਲਾ ਟਰੱਕ, ਅੱਗੇ ਅੱਗ ਤੇ ਪਿੱਛੇ ਪਿੱਛੇ ਬਾਕੀ ਗੱਡੀਆਂ ਦਾ ਕਾਫਲਾ ਜਾ ਰਿਹਾ ਸੀ। ਭੱਟੀ ਸਾਹਿਬ ਜਿੱਧਰ ਵੀ ਜਾਂਦੇ ਲੋਕੀ ਖੜ੍ਹ ਖੜ੍ਹ ਕੇ ਉਹਨਾਂ ਨੂੰ ਸਲਾਮ ਕਰਦੇ। ਜਿਸ ਤੋਂ ਸਾਫ ਪਤਾ ਲੱਗਦਾ ਸੀ ਕਿ ਭੱਟੀ ਸਾਹਿਬ ਦਾ ਨਨਕਾਣੇ ਦੇ ਅੰਦਰ ਬਹੁਤ ਹੀ ਅਸਰ ਰਸੂਖ ਬਣਿਆ ਹੋਇਆ ਹੈ। ਅਸੀਂ ਥੋੜ੍ਹਾ ਦੂਰ ਗਏ ਤਾਂ ਸੜਕ ਦੇ ਪਾਸੇ ਇਕ ਉੱਚੀ ਜਿਹੀ ਜਗ੍ਹਾ ਤੇ ਕਿੱਕਰਾਂ ਦਾ ਝੁੰਡ ਸੀ। ਇਕਬਾਲ ਕੈਸਰ ਹੋਰਾਂ ਦੱਸਿਆ ਕਿ ਇਸ ਕਬਰਿਸਤਾਨ ਦੇ ਅੰਦਰ ਰਾਇ ਬੁਲਾਰ ਦੀ ਕਬਰ ਹੈ, ਜਿਹੜੀ ਕਿ ਬੜੀ ਮੁਸ਼ਕਿਲ ਨਾਲ ਲੱਭੀ ਹੈ। ਥੋੜ੍ਹੀ ਦੂਰ ਜਾ ਕੇ ਟਰੱਕ ਖੱਬੇ ਪਾਸੇ ਇਕ ਕੱਚੇ ਰਸਤੇ ਤੇ ਮੁੜਿਆ। ਥੋੜ੍ਹਾ ਅੱਗੇ ਜਾ ਕੇ ਦੇਖਿਆ ਇਕ ਪਾਸੇ ਕਮਾਦ ਦਾ ਖੇਤ, ਇਕ ਪਾਸੇ ਉੱਚੀ ਉੱਚੀ ਨਿੱਸਰੀ ਹੋਈ ਸਰ੍ਹੋਂ ਤੇ ਵਿਚਕਾਰ ਵਾਹ ਕੇ ਪੱਧਰਾ ਕੀਤਾ ਹੋਇਆ ਖੇਤ, ਤੇ ਦੂਰ ਤੋਂ ਦਿਸਦਾ ਹੋਇਆ ਨਨਕਾਣਾ ਸਾਹਿਬ। ਭੱਟੀ ਸਾਹਿਬ ਕਹਿੰਦੇ ਬੇਟਾ ਇਹ ਜਗ੍ਹਾ ਕਿਵੇਂ ਰਹੂ। ਸ਼ਾਹਿਦ ਬੱਟ ਤੇ ਬੇਟਾ ਕਹਿੰਦੇ ਸ਼ਾਇਦ ਇਸ ਤੋਂ ਵਧੀਆ ਹੋਰ ਕੋਈ ਥਾਂ ਮਿਲ ਹੀ ਨਹੀਂ ਸਕਦੀ।

ਥੋੜ੍ਹੇ ਹੀ ਚਿਰ ਵਿਚ ਸਾਰੀ ਟੀਮ ਤਿਆਰ ਹੋ ਗਈ। ਨੀਲੇ ਚਾਦਰੇ, ਚਿੱਟੇ ਕੁੜਤੇ, ਗੁਲਾਬੀ ਰੰਗ ਦੀਆਂ ਜੈਕਟਾਂ ਤੇ ਝੰਗੀ ਸਟਾਈਲ ਨਾਲ ਬੰਨ੍ਹੀਆਂ ਨੀਲੀਆਂ ਪੱਗਾਂ ਨੇ ਉਹ ਨਜ਼ਾਰਾ ਪੇਸ਼ ਕੀਤਾ ਕਿ ਜਿਸ ਨੂੰ ਦੇਖ ਕੇ ਇੰਝ ਲੱਗਦਾ ਸੀ ਕਿ ਵਾਕਿਆ ਹੀ ਪੰਜਾਬ ਦੇ ਹਰ ਇਲਾਕੇ ਦਾ ਸਭਿਆਚਾਰ ਆਪਣੀ ਇਕ ਪਹਿਚਾਣ ਰੱਖਦਾ ਹੈ। ਦੋ ਢੋਲੀ, ਦੋ ਚਿਮਟੇ ਤੇ 12 ਜਣਿਆ ਦੇ ਹੱਥਾਂ ਵਿਚ ਫੜੀਆਂ ਫੁੰਦਿਆਂ ਨਾਲ ਸ਼ਿੰਗਾਰੀਆਂ ਚੁਟਕੀਆਂ, ਇਕ ਦਿਲਕਸ਼ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਦੋ ਢੋਲਾਂ ਤੇ ਡੱਗੇ, ਦੋ ਚਿਮਟੇ, ਚੁਟਕਿਆਂ ਦੇ ਨਾਲ ਵੱਜਦੀ ਤਾਲ ਤੇ ਬਾਰ ਦੇ ਢੋਲੇ। ਬੱਸ ਇਹ ਨਜ਼ਾਰਾ ਕਿਸੇ ਕਿਤਾਬ ਜਾਂ ਅਖ਼ਬਾਰ ਵਿਚ ਨਹੀਂ ਲਿਖਿਆ ਜਾ ਸਕਦਾ ਤੇ ਨਾ ਹੀ ਬਿਆਨ ਕੀਤਾ ਜਾ ਸਕਦਾ। ਇਸ ਨੂੰ ਮਾਨਣ ਦੇ ਲਈ ਤਾਂ ਸਿਰਫ ਰੌਸ਼ਨ ਅੱਖਾਂ ਚਾਹੀਦੀਆਂ ਨੇ। ਦਰੀਸ ਤੇ ਲੁੱਡੀ ਲੋਕ ਨਾਚਾਂ ਨੇ ਉਹ ਨਜ਼ਾਰਾ ਪੇਸ਼ ਕੀਤਾ, ਜਿਸ ਨੂੰ ਚੜ੍ਹਦੇ ਪੰਜਾਬ ਦਾ ਕੋਈ ਵੀ ਭੰਗੜੇ ਤੇ ਗਿੱਧੇ ਵਾਲਾ ਕਲਾਕਾਰ ਲੱਖ ਚਾਹੇ ਤਾਂ ਵੀ ਪੈਦਾ ਨਹੀਂ ਕਰ ਸਕਦਾ। ਤਕਰੀਬਨ 5-6 ਘੰਟੇ ਇਹ ਸਿਲਸਿਲਾ ਜਾਰੀ ਰਿਹਾ। ਪੰਜਾਬ ਦੇ ਅਲੋਪ ਹੁੰਦੇ ਸਭਿਆਚਾਰ ਦੀ ਇਕ ਵੰਨਗੀ ਫਿਰ ਅੱਜ ਕੈਮਰੇ ਦੇ ਅੰਦਰ ਬੰਦ ਹੋ ਗਈ। ਭੱਟੀ ਸਾਹਿਬ ਨੇ ਉਥੇ ਹੀ ਚਾਹ, ਮਠਿਆਈ ਤੇ ਹੋਰ ਕਿੰਨੇ ਹੀ ਨਿੱਕ ਸੁੱਕ ਮੰਗਾ ਲਿਆ। ਸਭ ਨੇ ਪੂਰਾ ਆਨੰਦ ਲਿਆ। ਝੰਗ ਦੀ ਦਰੀਸ ਦੀ ਟੀਮ ਦਾ ਵਾਪਸ ਜਾਣ ਨੂੰ ਦਿਲ ਨਹੀਂ ਸੀ ਕਰ ਰਿਹਾ। ਭੱਟੀ ਸਾਹਿਬ ਵੀ ਕੱਲੇ ਕੱਲੇ ਮਹਿਸੂਸ ਕਰ ਰਹੇ ਸਨ। ਆਖਿਰਕਾਰ ਸਭ ਤੋਂ ਵਿਦਾਇਗੀ ਲੈ ਕੇ ਫਿਰ ਲਾਹੌਰ ਵੱਲ ਤਾਰਿਕ ਗਿੱਲ ਨੇ ਗੱਡੀ ਦਾ ਮੂੰਹ ਕੀਤਾ। ਵਾਪਸੀ ਵਿਚ ਲਾਹੌਰ ਤੋਂ ਆਉਂਦੀ ਗੱਡੀ ਦਾ ਫਾਟਕ ਬੰਦ ਸੀ। ਅਸੀਂ ਬਾਹਰ ਉਤਰ ਕੇ ਖੜ੍ਹ ਗਏ, ਕਿੰਨੇ ਹੀ ਲੋਕਾਂ ਨੇ ਹਿੱਲਦੇ ਹੱਥਾਂ ਨਾਲ ਵਿਦਾਇਗੀ ਦਿੱਤੀ। ਕੋਲ ਖੜ੍ਹੇ ਲੋਕਾਂ ਨੇ ਕਿਹਾ ਕਿ ਸਰਦਾਰ ਸਾਹਿਬ ਅੱਜ ਇੱਥੇ ਹੀ ਰਹੋ। ਰੇਲ ਗੱਡੀ ਹੌਲੀ ਹੌਲੀ ਨਨਕਾਣਾ ਸਾਹਿਬ ਵੱਲ ਨੂੰ ਜਾ ਰਹੀ ਸੀ ਪਰ ਅਸਾਂ ਲਾਹੌਰ ਵੱਲ ਜਿੱਥੇ ਸ਼ੌਕਤ ਅਲੀ ਪੰਜਾਬੀ ਦੇ ਮਸ਼ਹੂਰ ਗਾਇਕ ਮੇਰਾ ਦੋਸਤ ਸਾਨੂੰ ਉਡੀਕ ਰਿਹਾ ਸੀ। (ਚਲਦਾ)

SARAB REAL ESTATE
CALIFORNIA REALTY
5283 Misty Spring Drive Castro Valley, CA 94522
*Real Estate *Loan Services *Notary Services *Tax Services
Sarabjit Singh Toor
BROKER/REALTOR

Dir. : 510-886-4055
Cell : 510-377-5755
Fax : 510-886-5916
E-mail : Sarbjittoor@sbcglobal.net

ਸ੍ਰੀ ਬੂਟਾ ਰਾਮ ਜੋਸ਼ੀ ਫਰਵਾਲਾ ਵਾਲੇ
Pandit Buta Ram Joshi


ਕਾਰੋਬਾਰ, ਨੌਕਰੀ, ਸੰਤਾਨ ਪਰਾਪਤੀ, ਕੋਰਟ ਕਚਿਹਰੀ, ਜ਼ਮੀਨ ਜਾਇਦਾਦ, ਵਿਦੇਸ਼ ਯਾਤਰਾ ਆਦਿ ਦੇ ਹੱਲ ਵਾਸਤੇ ਮਿਲੋ ਜਾਂ ਫੋਨ ਕਰੋ

(Pharwala Wale) Red Book Astrologer
ਫੋਨ :559-803-0055 ਜਾਂ 559-271-1579
Fresno Astrology Center, Fresno

# ਮੁਖਤਾਰਾਂ ਮਾਈ ਨੇ ਕਾਂਸਟੇਬਲ ਨਾਲ ਵਿਆਹ ਕਰਵਾਇਆ



ਇਸਲਾਮਾਬਾਦ- ਮੁਖਤਾਰਾਂ ਮਾਈ ਨਾਮੀ ਜਿਸ ਔਰਤ ਨੂੰ ਪਾਕਿਸਤਾਨ ਦੀ ਇਕ ਪਿੰਡ ਦੀ ਪੰਚਾਇਤ ਨੇ ਸਮੂਹਿਕ ਬਲਾਤਕਾਰ ਦੀ ਸਜ਼ਾ ਦਿੱਤੀ ਸੀ, ਉਸਨੇ ਇਕ ਪੁਲਿਸ ਕਾਂਸਟੇਬਲ ਨਾਲ ਵਿਆਹ ਕਰਵਾ ਲਿਆ ਹੈ। ਮਾਈ ਨੇ ਬਾਅਦ ਵਿਚ ਔਰਤ ਅਧਿਕਾਰਾਂ ਦੇ ਲਈ ਮੁਹਿੰਮ ਚਲਾਈ ਸੀ।

43 ਸਾਲਾ ਮਾਈ ਨੇ ਐਤਵਾਰ ਨੂੰ ਮੁਜੱਫਰਗੜ੍ਹ ਜ਼ਿਲ੍ਹੇ ਦੇ ਇਕ ਸਾਦੇ ਸਮਾਰੋਹ ਵਿਚ ਨਾਸਿਰ ਅਬਾਸ ਨਾਲ ਵਿਆਹ ਕਰਵਾਇਆ। ਅਬਾਸ ਦਾ ਇਹ ਦੂਜਾ ਵਿਆਹ ਹੈ। ਪਹਿਲੀ ਪਤਨੀ ਤੋਂ ਉਸਦੇ ਪੰਜ ਬੱਚੇ ਹਨ। ਮਾਈ ਦੇ ਪਿਤਾ ਗੁਲਾਮ ਫਰੀਦ ਗੁੱਜਰ ਨੇ ਉਸਦੇ ਨਿਕਾਹ ਦੀ ਪੁਸ਼ਟੀ ਕੀਤੀ। ਜਤੋਈ ਵਿਚ ਇਕ ਸਥਾਨਕ ਪੁਲਿਸ ਸਟੇਸ਼ਨ ਦੇ ਮੁਖੀ ਰਹਿਮਾਨ ਰਸੂਲ ਨੇ ਵੀ ਖ਼ਬਰਾਂ ਦੀ ਪੁਸ਼ਟੀ ਕੀਤੀ ਹੈ। ਉਹਨਾਂ ਨੇ ਦਾ ਨਿਊਜ਼ ਅਖ਼ਬਾਰ ਨੂੰ ਦੱਸਿਆ ਕਿ ਇਹ ਖ਼ਬਰ ਸਹੀ ਹੈ ਕਿ ਮੁਖਤਾਰਾਂ ਮਾਈ ਨੇ ਕਾਂਸਟੇਬਲ ਨਾਸਿਰ ਅਬਾਸ ਨਾਲ ਵਿਆਹ ਕਰਵਾ ਲਿਆ ਹੈ, ਜੋ ਪਹਿਲਾਂ ਤੋਂ ਹੀ ਵਿਆਹਿਆ ਹੈ।


R D Express, Inc




ਲੰਮੇ ਰੂਟ ਲਈ ਜਾਂ ਲਾਗਲੇ ਸ਼ਹਿਰ ਵਿਚ ਲੋਡ ਲੈਣ ਲਈ ਇਕ ਵਾਰ ਫੋਨ ਕਰੋ



SHORT HAUL
LONG HAUL
TRUCKING
Union City CA 94587
JASWANT SINGH SRA (President)
Ph. : 510-475-4141 Fax ; 510-475-4142
Cel : 510-715-9017
E-mail : rdexpressinc@yahoo.com

M.K. Nijjar DDS
Ruchi Nijjar DDS
LASER DENTISTRY




NO SHOTS, NO DRILL, NO PAIN !
☑ Esthetic Crowns, Bridges, & Dentures
☑ Teeth Whitening-Oral Surgery
☑ Root Canal Treatments
☑ Treatment & Prevention of Gum Disease
FAMILY DENTISTRY COSMETIC DENTISTRY
New Patients & Children Welcome WWW.DRNIJJAR.COM
510-794-7058
(Across from Washington Hospital & Bart) 1895 Mowry Ave. Ste 104 Fremont

Effective Eye Care, with Ease!
20/20
Most Insurance Plans Welcome:
VSP



ਅੱਖਾਂ ਦੀ ਚੈਕਿੰਗ, ਮੋਤੀਏ ਦੀ ਸਰਜਰੀ, ਟਾਂਕਿਆਂ ਤੋਂ ਬਿਨਾਂ ਲੈਂਸ ਪਾਏ ਜਾਂਦੇ ਹਨ, ਲੇਜ਼ਰ ਨਾਲ ਅੱਖਾਂ ਦਾ ਠੀਕ ਕਰਨਾ, ਐਨਕਾਂ ਲਾਉਣੀਆਂ ਆਦਿ ਸਾਰੇ ਕੰਮ ਲਈ ਇਕ ਵਾਰ ਡਾਕਟਰ ਦੀ ਸਲਾਹ ਲਈ ਪਹੁੰਚੋ
ਸਾਰੇ ਮੈਡੀਕਲ ਪਲੈਨ ਲੈਂਦੇ ਹਾਂ।



Commitment to a 20/20 vision.
TOTAL EYE CARE
1860 Mowry Avenue | Suite 101 | Fremont, CA



Maskeen K Sabharwal, MD
Eye Physician & Surgeon
1860 Mowry Ave., Ste 101
Fremont, CA 94538
(510) 793-2020
Hills | MediCal
MediCare | Aetna
Blue Shield
Blue Cross and others
By Appointment
Mon- Fri
9 AM to 6 PM
OPEN SATURDAYS
Rajleen K Arora, OD
Optometrist
1741 Broadway Oakland, CA 94612
(510) 835-8344

FARMERS INSURANCE GROUP
FARMERS
ਆਟੋ, ਘਰ, ਬਿਜ਼ਨਸ, ਲਾਈਫ, ਇੰਸ਼ੋਰੈਂਸ ਚੰਗੇ ਭਾਅ ਉੱਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਉ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਰਵੇਜ ਲਓ ਤੇ ਨਿਸ਼ਚਿੰਤ ਹੋ ਜਾਓ
* Auto *Home *Life * Umbrella
*Business Work Comp.



Duabba Insurance Agency
2450, Peralta Blvd. Suite 120, Fremont, CA-94536
Ph.: (510) 797-7989
FAX : (510) 794-7398
Gurcharan Singh Mann
Insurance Agent
Licence # 0C 70672
Visit us@farmers.com
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬੱਧ ਹੈ ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ)

Raja™



Enjoy Special Chaats
KING OF SWEETS NOW PRESENTS
NOW INTRODUCING
CHAAT CORNER
Come and Enjoy Mouth Watering Chaat All Day
• BHEL PAPDI CHAAT • FALUDA KULFI
• GOL GAPPE (PANI PURI) • KHASTA KACHORI
Raja™ SWEETS & INDIAN CUISINE
31583 Alvarado Blvd. Union City, CA 94587
Phone : (510) 489-9100

FARMERS INSURANCE GROUP
FARMERS
ਫਾਰਮਰਜ਼ ਇੰਸ਼ੋਰੈਂਸ ਗਰੁੱਪ
BlueCross Authorized Agent Individual & Group



AVTAR B. SINGH
Insurance Specialist
C.A.Lic.,# OC29943
☑ ਆਟੋ ☑ Auto
☑ ਘਰ ਦੇ ਮਾਲਕ ☑ Home Owners
☑ ਜੀਵਨ ਬੀਮਾ ☑ Life Insurance
☑ ਕਮਰਸ਼ੀਅਲ ☑ Commercial
☑ ਹੈਲਥ ☑ Health
☑ ਵਿਜ਼ਟਰ ਮੈਡੀਕਲ ☑ Visitor Medical
☑ ਰੈਸਟੋਰੈਂਟ ☑ Restaurant
☑ ਹੋਟਲ ਐਂਡ ਮੋਟਲ ☑ Hotel & Motel
ਵਧੀਆ ਰੇਟ ਤੇ ਮਿੱਤਰਤਾ
ਭਰਪੂਰ ਸੇਵਾਵਾਂ ਲਈ ਫੋਨ ਕਰੋ :
Ph.: 510-505-9025
Cell: 510-219-5556, Fax : 510-505-0970
TOLL FREE: 1-888-253-0552
38350 Fremont Blvd #102 Fremont, CA 94536

LEARN DHOL! LEARN DHOL!
Informal lessons in Fremont, CA
Traditional Grooves and/or
more Modern Playing



ਹੁਣ ਫਰੀਮਾਂਟ ਵਿਚ ਢੋਲ ਸਿੱਖ ਸਕਦੇ ਹੋ
2 simple rates: $25 per hour for 1 person
$20 per hour per person for a group of 2 or more
AMAN BANSIL 510-589-2245

# ਇਕ ਵੱਖਰੀ ਪੰਜਾਬੀ ਫਿਲਮ

# "ਜੱਗ ਜਿਉਂਦਿਆਂ ਦੇ ਮੇਲੇ"

ਬਲਬੀਰ ਸਿੰਘ ਐਮ. ਏ.

ਹੁਣੇ ਜਿਹੇ ਸਿਨੇਮਿਆਂ ਵਿਚ ਲੱਗੀ ਪੰਜਾਬੀ ਫਿਲਮ, ਜਿਸਨੇ ਪੰਜਾਬੀ ਸਿਨੇਮਾ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ ਤੇ ਇਉਂ ਲੱਗ ਰਿਹਾ ਹੈ ਕਿ 1915-20 ਤੋਂ ਜਦੋਂ ਤੋਂ ਹਿੰਦੀ ਫਿਲਮਾਂ ਬਣਨੀਆਂ ਸ਼ੁਰੂ ਹੋਈਆਂ, ਉਦੋਂ ਤੋਂ ਹੀ ਪੰਜਾਬੀ ਫਿਲਮਾਂ ਭਾਵੇਂ ਜ਼ਿਆਦਾ ਨਹੀਂ ਬਣੀਆਂ ਪਰ 1928-30 ਵਿਚ ਬਣੀ ਪੰਜਾਬੀ ਫਿਲਮ "ਮੰਗਤੀ" ਜੋ ਕਿ ਲਾਹੌਰ ਦੇ ਸਿਨੇਮਾ ਘਰ ਵਿਚ 6-7 ਮਹੀਨੇ ਤੱਕ ਸਾਰੇ ਸਮੇਂ ਤੱਕ ਪੂਰੀਆਂ ਸੀਟਾਂ ਭਰ ਕੇ ਚਲਦੀ ਰਹੀ, ਬਹੁਤੇ ਲੋਕਾਂ ਨੇ ਉਹ 10-10 ਵਾਰੀ ਵੇਖੀ। ਉਸ ਮਗਰੋਂ 1945 ਵਿਚ ਆਈ 'ਪੋਸਤੀ' ਫਿਲਮ ਜਿਸ ਨੂੰ ਸਰਦੂਲ ਕਵਾਤਰਾ ਤੇ ਭਰਾਵਾਂ ਨੇ 'ਕਵਾਤਰਾ ਫਿਲਮ ਪ੍ਰੋਡਕਸ਼ਨ' ਦੇ ਬੈਨਰ ਥੱਲੇ ਬਣਾਇਆ ਤੇ ਉਸ ਮਗਰੋਂ 1967 ਤੱਕ ਤਕਰੀਬਨ 70-71 ਫਿਲਮਾਂ ਆਈਆਂ। ਇਕ ਤੋਂ ਵੱਧ ਇਕ ਚੰਗੀ ਫਿਲਮ/ ਦੇਸ ਦੇ ਹਿੱਸਿਆ ਵਿਚ ਵੰਡਣ ਦੇ ਬਾਵਜੂਦ ਦੋਹਾਂ ਪੰਜਾਬਾਂ ਵਿਚ ਫਿਲਮਾਂ ਬਣਦੀਆਂ ਰਹੀਆਂ ਤੇ ਦੋਵਾਂ ਪੰਜਾਬਾਂ ਨੇ ਫਿਲਮਾਂ ਬਣਾਉਣ ਵਿਚ ਕਸਰ ਨਹੀਂ ਛੱਡੀ ਪਰ ਫਿਲਮਾਂ ਦਾ ਮਿਆਰ ਪੂਰੇ ਦੇਸ਼ ਦੀਆਂ ਫਿਲਮਾਂ ਦੇ ਪੱਧਰ ਦਾ ਨਾ ਹੋ ਸਕਿਆ। ਫਿਰ 1969 ਵਿਚ ਆਈ "ਨਾਨਕ ਨਾਮ ਜਹਾਜ਼ ਹੈ"। ਉਸ ਫਿਲਮ ਨੇ ਦੁਨੀਆ ਨੂੰ ਧਾਰਮਿਕ ਰੰਗਤ ਵਿਚ ਰੰਗ ਦਿੱਤਾ ਤੇ ਲੋਕਾਂ ਨੂੰ ਹਲੂਣਾ ਦਿੱਤਾ ਕਿ ਚੰਗੇ ਐਕਟਰ ਚੰਗੀ ਕਹਾਣੀ, ਚੰਗੀ ਫਿਲਮ ਬਣਾ ਸਕਦੇ ਹਨ! ਫਿਰ 1980 ਵਿਚ 'ਚੰਨ ਪਰਦੇਸੀ' ਆਈ, ਉਸ ਨੇ ਨੈਸ਼ਨਲ ਇਨਾਮ ਜਿੱਤਿਆ ਤੇ ਫਿਰ 'ਲੌਂਗ ਦਾ ਲਿਸ਼ਕਾਰਾ' ਇਕ ਐਸੀ ਫਿਲਮ ਜਿਸਨੇ ਲੋਕਾਂ ਦੇ ਮਨਾਂ ਵਿਚ ਪੰਜਾਬੀ ਫਿਲਮਾਂ ਵੱਲ ਮੋੜ ਦਿੱਤਾ। ਕਈ ਹੋਰ ਫਿਲਮਾਂ ਤੋਂ ਮਗਰੋਂ 1995 ਦੇ ਕਰੀਬ ਫਿਲਮ ਆਈ 'ਨਸੀਬੋ'। ਸ. ਮਨਮੋਹਨ ਸਿੰਘ ਕੈਮਰਾਮੈਨ ਨੇ ਪਹਿਲੀ ਵਾਰ ਨਿਰਦੇਸ਼ਕ ਦੇ ਤੌਰ 'ਤੇ ਫਿਲਮ ਬਣਾਈ। ਇਸ ਫਿਲਮ ਨੇ ਪੰਜਾਬੀ ਲੋਕਾਂ ਵਿਚ ਫਿਲਮ ਵੇਖਣ ਦੀ ਰੁਚੀ ਪੈਦਾ ਕਰ ਦਿੱਤੀ। ਫਿਰ ਕੀ ਸੀ ਸ. ਮਨਮੋਹਨ ਸਿੰਘ ਨੇ ਇਕ ਤੋਂ ਵੱਧ ਇਕ ਫਿਲਮ ਪੰਜਾਬੀ ਵਿਚ ਬਣਾਈ ਕਿ ਹਰਭਜਨ ਮਾਨ ਤੇ ਸ. ਮਨਮੋਹਨ ਸਿੰਘ ਲੋਕਾਂ ਲਈ ਵਧੀਆ ਫਿਲਮਾਂ ਲੈ ਕੇ ਆਉਣ ਵਾਲੇ ਇਨਸਾਨ ਬਣ ਗਏ। ਇਹ 5-7 ਸਾਲਾਂ ਤੋਂ ਚੱਲ ਰਿਹਾ ਹੈ। ਇਸੇ ਦੌਰਾਨ ਪੰਜਾਬੀ ਦੀ ਇਕ ਹੋਰ ਵਧੀਆ ਫਿਲਮ ਆਈ "ਮਿੱਟੀ ਵਾਜਾਂ ਮਾਰਦੀ"। ਇਸ ਫਿਲਮ ਨੇ ਪੰਜਾਬੀ ਸਿਨੇਮੇ ਨੂੰ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਸਾਰੇ ਦੇਸ਼ਾਂ ਵਿਚ ਪੰਜਾਬੀ ਨੂੰ ਹਿੰਦੀ ਫਿਲਮਾਂ ਵਾਂਗ ਵੇਖਣ ਲਾ ਦਿੱਤਾ।

ਤੇ ਹੁਣੇ ਜਿਹੇ ਪੰਜਾਬੀ ਫਿਲਮ ਜੋ ਸਿਨੇਮਾ ਘਰਾਂ ਵਿਚ ਚੱਲ ਰਹੀ ਹੈ "ਜੱਗ ਜਿਉਂਦਿਆਂ ਦੇ ਮੇਲੇ" ਵੇਖਣ ਨੂੰ ਮਿਲੀ। ਪਹਿਲੀ ਵਾਰ ਨਿਰਦੇਸ਼ਕ ਬਲਜੀਤ ਸਿੰਘ ਦਿਓ ਦੀ ਇਹ ਫਿਲਮ ਕੁਝ ਨਵਾਂ ਰੰਗ ਲੈ ਕੇ ਆਈ ਹੈ ਤੇ ਇਸ ਫਿਲਮ ਵਿਚ ਕਹਾਣੀ ਦਾ ਤਾਲਮੇਲ ਪਹਿਲੀਆਂ ਪੰਜਾਬੀ ਫਿਲਮਾਂ ਤੋਂ ਕੁਝ ਵੱਖਰਾ ਹੈ, ਜੋ ਕਿ ਪਹਿਲਾਂ ਬਹੁਤ ਘੱਟ ਵਿਖਾਇਆ ਗਿਆ ਹੈ ਤੇ ਉਸ ਦੀ ਬਾਬਤ ਕੁਝ ਕਿਹਾ ਜਾਣਾ ਚਾਹੀਦਾ ਹੈ। ਹਰਭਜਨ ਮਾਨ ਨਾਲ ਪਹਿਲੀ ਵਾਰ ਹਿੰਦੀ ਫਿਲਮਾਂ 'ਚੋਂ ਟਿਊਲਿਪ ਜੋਸ਼ੀ ਨਾਲ ਜੋੜੀ ਬਣਾਈ ਗਈ ਤੇ ਇਸ ਲੜਕੀ ਨੇ ਏਕਮ ਤੇ ਮਿੱਤਰੋ ਦਾ ਦੋਹਰਾ ਰੋਲ ਕੀਤਾ, ਜਿਸ ਨਾਲ ਇਸ ਦੀ ਦਿੱਖ ਬਿਲਕੁਲ ਹੀ ਵੱਖਰੀ ਬਣ ਗਈ। ਹਰਭਜਨ ਮਾਨ ਦੇ ਪਿਤਾ ਦਾ ਰੋਲ ਪੁਨੀਤ ਇਸਰ ਨੇ ਬੜੀ ਹੀ ਬਾਖੂਬੀ ਨਿਭਾਇਆ। ਉਸਦੀ ਮਾਂ ਬਣੀ ਵੀ ਰੋਲ ਵਿਚ ਚੰਗੀ ਸੀ। ਚਾਚੇ ਦੇ ਰੋਅਬਦਾਰ ਰੋਲ ਨੂੰ ਵੀ ਇਕ ਪਾਸੇ ਨਹੀਂ ਕੀਤਾ ਜਾ ਸਕਦਾ।




ਗਧੀਲਿਆ ਧਾਰੀਵਾਸ ਦੀ ਲੜਕੀ ਮਿੱਤਰੋ ਦੇ ਰੋਲ ਵਿਚ ਟਿਊਲਿਪ ਜੋਸ਼ੀ ਤੇ ਭੂਆ ਦੇ ਰੋਲ ਵਿਚ ਸੁਨੀਤਾ ਧੀਰ ਤੇ ਉਸਦਾ ਪਿਤਾ ਤੇ ਚਾਚੇ ਦੇ ਰੋਲ ਵਿਚ ਸਭ ਚੰਗੇ ਰੋਲ ਕਰ ਗਏ।

ਸੁਨੀਤਾ ਧੀਰ ਨੇ ਭੂਆ ਦੇ ਰੋਲ ਨੂੰ ਬਾਖੂਬੀ ਨਿਭਾਇਆ। ਮੁਨੀਮ ਦੇ ਰੋਲ ਵਿਚ ਗੁਰਪ੍ਰੀਤ ਘੁੱਗੀ ਤੇ ਮਗਰੋਂ ਕੁੱਤਿਆਂ-ਬਿੱਲਿਆਂ ਦੇ ਡਾਕਟਰ ਦੇ ਰੋਲ ਵਿਚ ਵੀ ਘੁੱਗੀ ਨੇ ਐਤਕੀ ਹਾਸ ਰਸ ਨਾਲ ਇਕ ਨਵਾਂ ਵਿਸ਼ਾ ਸ਼ੁਰੂ ਕਰ ਦਿੱਤਾ ਕਿ ਜੋ ਆਮ ਕਰਕੇ ਆਪਦੇ ਲੋਕਾਂ ਵਿਚ ਪਰਵਾਨ ਨਹੀਂ ਹੁੰਦਾ। ਇਕ ਪੰਜਾਬੀ ਸਰਦਾਰਾਂ ਦੇ ਪੁੱਤਰ ਦਾ ਵਿਆਹ ਇਕ ਕਾਲੀ ਲੜਕੀ ਨਾਲ। ਪਰ ਇਸ ਫਿਲਮ ਵਿਚ ਇਹ ਪਹਿਲੀ ਵਾਰ ਦਿਖਾਇਆ ਗਿਆ ਹੈ ਕਿ ਦੋਵੇਂ ਇਕ-ਦੂਸਰੇ ਨੂੰ ਪਿਆਰ ਵੀ ਕਰਦੇ ਹਨ ਤੇ ਇਹ ਵੀ ਪਹਿਲੀ ਵਾਰ ਵਿਖਾਇਆ ਗਿਆ ਹੈ ਕਿ ਲੜਕੀ ਵੱਡੀ ਵਕੀਲ ਹੈ, ਅਮੀਰ ਹੈ ਤੇ ਇਹ ਇਕ ਇਨਕਲਾਬ ਹੈ। ਪੰਜਾਬੀ ਫਿਲਮਾਂ ਵਿਚ ਜੋ ਪਹਿਲਾਂ ਕਦੇ ਨਹੀਂ ਲਿਆਂਦਾ ਗਿਆ। ਮਾਮੇ ਦੇ ਰੋਲ ਨੂੰ ਵੀ ਚੰਗਾ ਨਿਭਾਇਆ ਹੈ ਤੇ ਮਾਮੀ ਤੇ ਮਾਮੇ ਦੇ ਲੜਕੇ ਦੇ ਰੋਲ ਵਿਚ ਵੀ ਉਹ ਐਕਟਰ ਸਹੀ ਉਤਰੇ ਹਨ। ਚਾਚੇ ਦੇ ਲੜਕੇ ਦਾ ਵਧੀਆ ਕਿਰਦਾਰ ਹੈ। ਪੰਜਾਬੀ ਫਿਲਮਾਂ ਵਿਚ ਨਵਾਂ ਚਿਹਰਾ ਕਬੂਲ ਹੋਵੇਗਾ। ਸਭ ਤੋਂ ਵੱਧ ਦਿਲਕਸ਼ ਰਹੀ ਕਹਾਣੀ ਦੇ ਪਾਤਰ ਹਨ, ਜਦੋਂ ਮਾਮੇ ਕੋਲ ਭਾਣਜਾ (ਹਰਭਜਨ ਮਾਨ) ਪਹੁੰਚਦਾ ਹੈ, ਵੈਨਕੂਵਰ ਵਿਚ, ਉਸ ਨੂੰ ਉਸਦੀ ਮਿੱਤਰੋ ਦੀ ਸ਼ਕਲ ਦੀ ਕੁੜੀ ਮਿਲਦੀ ਹੈ, ਉਹ ਚੌਂਕਦਾ ਹੈ ਕਿ ਮਿੱਤਰੋ ਉਸਦੇ ਹੱਥਾਂ ਵਿਚ ਦਮ ਤੋੜ ਗਈ ਸੀ। ਇਹ ਲੜਕੀ ਦੇ ਬਾਰੇ ਕੁਝ ਵੀ ਜਾਣੇ ਬਗੈਰ ਉਸ ਵੱਲ ਖਿੱਚਿਆ ਜਾਂਦਾ ਹੈ ਤੇ ਦਿਲੋਂ ਚਾਹੁਣ ਲੱਗਦਾ ਹੈ ਪਰ ਉਸ ਨੂੰ ਜਦੋਂ ਪਤਾ ਲੱਗਦਾ ਹੈ ਕਿ ਲੜਕੀ ਅੰਨ੍ਹੀ ਹੈ, ਵੇਖ ਨਹੀਂ ਸਕਦੀ, ਉਸਦੀ ਚਾਹਤ ਵਿਚ ਕੋਈ ਘਾਟ ਨਹੀਂ ਆਉਂਦੀ ਸਗੋਂ ਉਹ ਉਸੇ ਮਨ ਨਾਲ ਪਿਆਰ ਕਰਨ ਲੱਗਦਾ ਹੈ। ਲੜਕੀ ਨਾ ਦੇਖ ਸਕਣ ਦੇ ਬਾਵਜੂਦ ਵੀ ਮਹਿਸੂਸਦੀ ਹੈ ਕਿ ਕੋਈ ਹੈ ਜੋ ਉਸ ਨੂੰ ਚਾਹੁੰਦਾ ਹੈ। ਇਹ ਅੰਨ੍ਹੀ ਲੜਕੀ ਨਾਲ ਪਿਆਰ ਕਰਨ ਦੀ ਗੱਲ ਪੰਜਾਬੀ ਫਿਲਮਾਂ ਵਿਚ ਪਹਿਲੀ ਵਾਰ ਵਿਖਾਈ ਹੈ ਤੇ ਇਹ ਇਕ ਨਵਾਂ ਇਨਕਲਾਬ ਹੈ ਤੇ ਪੰਜਾਬੋਂ ਆਉਣ ਵਾਲੇ ਲੜਕਿਆਂ ਲਈ ਆਮ ਕਰਕੇ ਇਹੀ ਸੋਚ ਹੈ ਕਿ ਲੜਕੇ ਆਉਂਦੇ ਹੀ ਸੋਹਣੀ ਤੋਂ ਸੋਹਣੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਹਨ, ਜਿਵੇਂ ਲੜਕੀਆਂ ਬਾਹਰੋਂ ਜਾ ਕੇ ਪੰਜਾਬ ਵਿਚ ਇੰਟਰਵਿਊ ਕਰ ਕਰਕੇ ਸੌ 'ਚੋਂ ਇਕ ਚੁਣਦੀਆਂ ਹਨ। ਇਸ ਫਿਲਮ ਨੇ ਇਕ ਨਵਾਂ ਰਸਤਾ ਖੋਲ੍ਹਿਆ ਹੈ, ਜਿਸ ਨਾਲ ਸਾਡੇ ਉਹਨਾਂ ਧੀਆਂ ਪੁੱਤਰਾਂ ਦੀ ਵੀ ਕੁਝ ਜ਼ਿੰਦਗੀ ਸੌਖੀ ਹੋ ਸਕੇਗੀ। ਜਿਹੜੇ ਕਿਸੇ ਪੱਖੋਂ ਪੂਰੇ ਨਹੀਂ ਹਨ ਪਰ ਦਿਲ ਤਾਂ ਬਾਕੀਆਂ ਵਰਗਾ ਹੀ ਸੁਪਨੇ ਸਜਾ ਕੇ ਬੈਠਾ ਹੈ। ਫਿਲਮ ਅੱਜ ਤੱਕ ਦੀਆਂ ਪੰਜਾਬੀ ਫਿਲਮਾਂ ਤੋਂ ਹਟ ਕੇ ਵਧੀਆ ਗਰੇਡ ਦੀ ਫਿਲਮ ਹੈ। ਕਿਸੇ ਵੀ ਇੰਟਰਨੈਸ਼ਨਲ ਮੇਲੇ ਵਿਚ ਜੇਕਰ ਚਲੀ ਗਈ ਤਾਂ ਇਕ ਵੱਡਾ ਇਨਾਮ ਪੱਕਾ ਹੈ। ਮੇਰੀ ਇਹ ਤਮੰਨਾ ਹੈ ਕਿ ਇਸ ਤਰ੍ਹਾਂ ਦੀਆਂ ਫਿਲਮਾਂ ਬਣਾਉਣ ਵਾਲਿਆਂ ਨੂੰ ਗੁਰੂ ਹੋਰ ਤਾਕਤ ਬਖਸ਼ੇ। ਬਲਜੀਤ ਸਿੰਘ ਦਿਓ ਤੇ ਬਲਦੇਵ ਗਿੱਲ ਕਹਾਣੀ ਲਈ ਵਧਾਈ ਦੇ ਪਾਤਰ ਹਨ। ਸੰਘੇੜਾ ਭਰਾਵਾਂ, ਮਾਨ ਹਰਭਜਨ ਚਾਹਲ ਸਾਹਿਬ ਦੇ ਖਰਚੇ ਪੈਸੇ ਅਜਾਈਂ ਨਹੀਂ ਜਾਣਗੇ।

ਮਿਊਜ਼ਿਕ ਵੇਵਸ ਤੇ ਐਚ. ਐਂਡ ਐਚ. ਪ੍ਰੋਡਕਸ਼ਨਜ਼ ਦੀ ਪੇਸ਼ਕਸ਼ ਨਾਲ ਪੰਜਾਬੀ ਦੀਆਂ ਚੰਗੀਆਂ ਫਿਲਮਾਂ ਦੀ ਕਤਾਰ ਵਿਚ ਅੱਗੇ ਹੋ ਕੇ ਖੜ੍ਹੋ ਗਈ ਹੈ।

ਬਲਜੀਤ ਸਿੰਘ ਦਿਓ ਇੰਗਲੈਂਡ ਦੇ ਜੰਮਪਲ ਹੋ ਕੇ ਛੋਟੀ ਉਮਰੇ ਉਹ ਮੱਲ ਮਾਰ ਗਏ ਹਨ, ਜੋ ਵੱਡੇ ਵੱਡੇ ਡਾਇਰੈਕਟਰ ਨਹੀਂ ਮਾਰ ਸਕਦੇ। ਸਾਰੇ ਵਧਾਈ ਦੇ ਪਾਤਰ ਹਨ। ਗੁਰੂ ਕੋਲੋਂ ਇਨ੍ਹਾਂ ਲਈ ਹੋਰ ਖੁਸ਼ੀਆਂ ਦੀ ਅਰਦਾਸ ਕਰਦੇ ਹਾਂ। ਮਿਊਜ਼ਿਕ ਵੇਵਸ ਤੇ ਡਾਇਰੈਕਟਰ ਤੇ ਸਾਰੇ ਸਟਾਫ ਨੂੰ ਵਧਾਈਆਂ ਦੇਣ ਲਈ ਵੈਨਕੂਵਰ ਵਿਚ ਸ. ਸੁਰਿੰਦਰ ਸਿੰਘ ਸੰਘੇੜਾ ਤੇ ਬਾਕੀ ਵੀਰਾਂ ਨੂੰ ਫੋਨ 604-825-9133 ਜਾਂ 604-599-6962 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੁਖਬੀਰ ਵਿਦੇਸ਼ੀ ਦੌਰੇ 'ਤੇ, ਬਠਿੰਡਾ 'ਚ ਉਮੀਦਵਾਰ ਦਾ ਐਲਾਨ ਹੁਣ 20 ਤੋਂ ਬਾਅਦ

ਜਲੰਧਰ : ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਬੀਤੀ ਰਾਤ ਵਿਦੇਸ਼ੀ ਦੌਰੇ ਲਈ ਰਵਾਨਾ ਹੋ ਗਏ ਹਨ ਜਿੱਥੋਂ ਉਨ੍ਹਾਂ ਦੀ ਵਾਪਸੀ 20 ਦੀ ਰਾਤ ਨੂੰ ਹੋਣ ਦੇ ਆਸਾਰ ਹਨ। ਦੱਸਿਆ ਜਾਂਦਾ ਹੈ ਕਿ ਪਰਿਵਾਰਕ ਮੈਂਬਰਾਂ ਨੇ ਹੀ ਸੁਖਬੀਰ ਨੂੰ ਕੁਝ ਦਿਨਾਂ ਲਈ ਵਿਦੇਸ਼ ਜਾਣ ਦੀ ਸਲਾਹ ਦਿੱਤੀ ਸੀ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਉਨ੍ਹਾਂ ਦੇ ਸਿਆਸੀ ਰੁਝੇਵੇਂ ਕਾਫੀ ਵਧ ਗਏ ਸਨ।

ਅਜੇ ਇਹ ਨਹੀਂ ਪਤਾ ਲੱਗਾ ਹੈ ਕਿ ਸੁਖਬੀਰ ਕਿਹੜੇ ਦੇਸ਼ ਦੇ ਦੌਰੇ 'ਤੇ ਗਏ ਹਨ। ਅਕਾਲੀ ਹਲਕਿਆਂ ਨੇ ਦੱਸਿਆ ਕਿ ਸੁਖਬੀਰ ਦੇ ਵਿਦੇਸ਼ ਵਿਚ ਹੋਣ ਕਾਰਨ ਹੁਣ ਬਠਿੰਡਾ ਸੰਸਦੀ ਸੀਟ 'ਤੇ ਅਕਾਲੀ ਦਲ ਦੇ ਉਮੀਦਵਾਰ ਦਾ ਐਲਾਨ 20 ਮਾਰਚ ਤੋਂ ਬਾਅਦ ਹੀ ਹੋਵੇਗਾ ਕਿਉਂਕਿ ਸੁਖਬੀਰ ਕੋਲ ਅਕਾਲੀ ਦਲ ਦੇ ਮੁਖੀ ਦਾ ਅਹੁਦਾ ਵੀ ਹੈ। ਅਕਾਲੀ ਦਲ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਕਾਂਗਰਸ ਉਮੀਦਵਾਰ ਨੂੰ ਦੇਖ ਕੇ ਉਹ ਆਪਣੇ ਪਾਰਟੀ ਉਮੀਦਵਾਰ ਬਾਰੇ ਫੈਸਲਾ ਲਵੇਗਾ। ਕਾਂਗਰਸ ਵਲੋਂ ਕੱਲ ਤਕ ਆਪਣਾ ਉਮੀਦਵਾਰ ਐਲਾਨਿਆ ਜਾਵੇਗਾ।


ਸੁਖਬੀਰ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਬਠਿੰਡਾ ਸੀਟ ਤੋਂ ਬਾਦਲ ਪਰਿਵਾਰ ਦਾ ਮੈਂਬਰ ਚੋਣ ਲੜੇਗਾ ਪਰ ਮੈਂਬਰ ਬਾਰੇ ਸ਼ੁਰੂ ਤੋਂ ਹੀ ਰਾਜ਼ ਬਣਿਆ ਰਿਹਾ ਹੈ ਪਰ ਅਕਾਲੀ ਨੇਤਾ ਇਹ ਮੰਨ ਕੇ ਚੱਲ ਰਹੇ ਹਨ ਕਿ ਆਖਰੀ ਫੈਸਲਾ ਸ਼ਾਇਦ ਹਰਸਿਮਰਤ ਕੌਰ ਬਾਦਲ ਦੇ ਪੱਖ ਵਿਚ ਜਾ ਸਕਦਾ ਹੈ।



ਪਰਵਾਸੀ ਲੇਖਕ ਸ. ਤਰਲੋਚਨ ਸਿੰਘ ਦੁਪਾਲ ਪੁਰ ਦੇ ਸਪੁੱਤਰ ਹਰਦੀਪ ਸਿੰਘ ਦਾ ਸ਼ੁੱਭ ਅਨੰਦ ਕਾਰਜ ਬੀਬੀ ਗੁਰਦੀਪ ਕੌਰ ਨਾਲ਼ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ। ਫੋਨ ਨੰ : 408-903-9952, 01823-244072

## ਪਾਕਿਸਤਾਨ ਵਿਚ ਜਸ਼ਨ ਦਾ ਮਾਹੌਲ





ਇਸਲਾਮਬਾਦ- ਪਾਕਿਸਤਾਨ ਵਿਚ ਬਰਖਾਸਤ ਜੱਜਾਂ ਦੀ ਬਹਾਲੀ ਦੇ ਫੈਸਲੇ ਦਾ ਦੇਸ਼ ਭਰ ਵਿਚ ਸਵਾਗਤ ਹੋ ਰਿਹਾ ਹੈ। ਦੇਸ਼ ਪਰ ਵਿਚ ਜਸ਼ਨ ਵੀ ਮਨਾਇਆ ਜਾ ਰਿਹਾ ਹੈ। ਸਾਬਕਾ ਮੁੱਖ ਜੱਜ ਇਫਤਿਖਾਰ ਮੁਹੰਮਦ ਚੌਧਰੀ ਦੇ ਘਰ ਤੋਂ ਬਾਹਰ ਲੋਕਾਂ ਦਾ ਹਜੂਮ ਜੁੜਿਆ ਹੋਇਆ ਹੈ। ਚੌਧਰੀ ਨੇ ਪਾਕਿਸਤਾਨ ਵਿਚ ਲੋਕਤੰਤਰ ਦੀ ਮੁੜ ਬਹਾਲੀ ਦੇ ਲਈ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਹੈ। ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਸਾਲ 2007 ਵਿਚ ਐਮਰਜੈਂਸੀ ਲਗਾਉਂਦੇ ਹੋਏ ਕਈ ਜੱਜਾਂ ਨੂੰ ਬਰਖਾਸਤ ਕਰ ਦਿੱਤਾ ਸੀ।

ਜੱਜਾਂ ਦੀ ਬਹਾਲੀ ਨੂੰ ਲੈ ਕੇ ਸੋਮਵਾਰ ਨੂੰ ਰਾਜਧਾਨੀ ਇਸਲਾਮਾਬਾਦ ਵਿਚ ਵੱਡੀ ਰੈਲੀ ਹੋਣ ਵਾਲੀ ਸੀ ਅਤੇ ਸੰਸਦ ਤੋਂ ਬਾਹਰ ਧਰਨਾ ਦੇਣ ਦੀ ਯੋਜਨਾ ਸੀ।

ਦੇਸ਼ ਦੇ ਕਈ ਹਿੱਸਿਆਂ ਤੋਂ ਲੋਕ ਇਸ ਰੈਲੀ ਵਿਚ ਹਿੱਸਾ ਲੈਣ ਦੇ ਲਈ ਇਸਲਾਮਾਬਾਦ ਪਹੁੰਚ ਰਹੇ ਸਨ ਅਤੇ ਸਰਕਾਰ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ।

## ਅਫ਼ਗਾਨਿਸਤਾਨ ਵਿਚ ਵਿਸਫੋਟ, 8 ਜਵਾਨਾਂ ਦੀ ਮੌਤ

ਕਾਬਲ- ਅਫ਼ਗਾਨਿਸਤਾਨ ਦੇ ਦੱਖਣੀ ਹੇਲਮੰਡ ਰਾਜ ਵਿਚ ਸੋਮਵਾਰ ਨੂੰ ਇਕ ਆਤਮਘਾਤੀ ਹਮਲੇ ਵਿਚ ਘੱਟ ਤੋਂ ਘੱਟ ਅੱਠ ਪੁਲਿਸ ਜਵਾਨ ਮਾਰੇ ਗਏ, ਜਦਕਿ ਨਾਗਰਿਕਾਂ ਸਮੇਤ 22 ਹੋਰ ਵਿਅਕਤੀ ਜ਼ਖਮੀ ਹੋ ਗਏ। ਸਿਨਹੂਆ ਖ਼ਬਰ ਏਜੰਸੀ ਮੁਤਾਬਕ ਹੇਲਮੰਡ ਰਾਜ ਦੇ ਲਸ਼ਕਰ ਗਾਹ ਜ਼ਿਲ੍ਹੇ ਵਿਚ ਸਥਿਤ ਪੁਲਿਸ ਦਫ਼ਤਰ ਤੋਂ ਬਾਹਰ ਸਥਾਨਕ ਸਮੇਂ ਮੁਤਾਬਕ ਸਵੇਰੇ ਦਸ ਵਜੇ ਇਕ ਆਤਮਘਾਤੀ ਹਮਲਾਵਰ ਨੇ ਖੁਦ ਨੂੰ ਉਡਾ ਦਿੱਤਾ।

## ਅਸੁਰੱਖਿਅਤ ਖੇਤਰਾਂ ਤੋਂ ਨਹੀਂ ਹਟੇਗੀ ਅਮਰੀਕੀ ਫੌਜ

ਬਗਦਾਦ- ਇਰਾਕੀ ਪ੍ਰਧਾਨ ਮੰਤਰੀ ਨੂਰੀ ਮਲਿਕੀ ਨੇ ਕਿਹਾ ਹੈ ਕਿ ਅਮਰੀਕੀ ਸੈਨਿਕਾਂ ਨੂੰ ਦੇਸ਼ ਦੇ ਉਹਨਾਂ ਇਲਾਕਿਆਂ ਤੋਂ ਨਹੀਂ ਹਟਾਇਆ ਜਾਵੇਗਾ, ਜੋ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹਨ।

ਮਲਿਕੀ ਨੇ ਕਿਹਾ ਕਿ ਉਹਨਾਂ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਹੋਰ ਪ੍ਰਮੁੱਖ ਅਮਰੀਕੀ ਸੈਨਿਕ ਅਧਿਕਾਰੀਆਂ ਨੂੰ ਇਸ ਗੱਲ ਦੀ ਸੂਚਨਾ ਦੇ ਦਿੱਤੀ ਹੈ ਕਿ ਸੈਨਿਕ ਵਾਪਸੀ ਦੇ ਸਮਝੌਤੇ 'ਤੇ ਇਰਾਕ ਸਰਕਾਰ ਸਹਿਮਤ ਹੈ ਪਰ ਇਹ ਸੁਰੱਖਿਆ ਸਥਿਤੀ ਨਾਲ ਜੁੜਿਆ ਹੋਇਆ ਹੈ।

ਅਲ ਮਲਿਕੀ ਨੇ ਕਿਹਾ, ਜਦੋਂ ਤੱਕ ਪ੍ਰਭਾਵਿਤ ਇਲਾਕੇ ਸੌ ਫੀਸਦੀ ਸੁਰੱਖਿਅਤ ਅਤੇ ਕੰਟਰੋਲ ਵਿਚ ਨਹੀਂ ਆ ਜਾਂਦੇ, ਉਦੋਂ ਤੱਕ ਉਹ ਅਮਰੀਕੀ ਸੈਨਿਕਾਂ ਨੂੰ ਹਟਾਉਣਾ ਨਹੀਂ ਚਾਹੁੰਦੇ ਹਨ। ਪ੍ਰਧਾਨ ਮੰਤਰੀ ਅਲ ਮਲਿਕੀ ਨੇ ਆਸਟ੍ਰੇਲੀਆ ਤੋਂ ਬਗਦਾਦ ਜਾਂਦੇ ਹੋਏ ਜਹਾਜ਼ ਵਿਚ ਇਹ ਗੱਲਾਂ ਕਹੀਆਂ।

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ

ਫਰਿਜ਼ਨੋ- ਬੀਤੇ ਐਤਵਾਰ ਗੁਰੂ ਰਵਿਦਾਸ ਜੀ ਦਾ 632ਵਾਂ ਪ੍ਰਕਾਸ਼ ਦਿਹਾੜੀ ਇਲਾਕੇ ਦੀਆਂ ਅਤੇ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਦੀਆਂ ਸਮੂਹ ਸੰਗਤਾਂ ਦੇ ਇਕੱਠ ਵਿਚ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਬੜੀ ਸ਼ਰਧਾ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਭਾਰੀ ਦੀਵਾਨ ਸਜਾਇਆ ਗਿਆ। ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਰਾਮ ਸਿੰਘ ਨੇ ਕਥਾ ਰਾਹੀਂ ਗੁਰੂ ਜੀ ਦੀ ਜੀਵਨੀ ਬਾਰੇ ਚਾਨਣਾ ਪਾਇਆ। ਸ੍ਰੀ ਸੰਤੋਖ ਸਿੰਘ ਝਿੰਗੜਾ, ਸ੍ਰੀ ਪਾਲੀ ਮਹੇ ਅਤੇ ਸ੍ਰੀ ਪਿਆਰਾ ਰਾਮ ਬਿਰਦੀ ਨੇ ਗੁਰੂ ਸਾਹਿਬ ਦੀ ਮਹਿਮਾ ਗਾਈ। ਭਾਈ ਰਘਬੀਰ ਸਿੰਘ ਜਲੰਧਰ ਵਾਲੇ ਦੇ ਰਾਗੀ ਜਥੇ ਨੇ ਬਹੁਤ ਹੀ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਗਿਆਨੀ ਮਹਿੰਦਰ ਸਿੰਘ ਕਾਹਲੋਂ ਨੇ ਇਕ ਸ਼ਬਦ ਗਾਇਨ ਕੀਤਾ। ਸ੍ਰੀ ਰਾਜ ਬਰਾੜ ਨੇ ਵੀ ਇਕ ਗੀਤ ਰਾਹੀਂ ਗੁਰੂ ਜੀ ਦੀ ਮਹਿਮਾ ਗਾਈ। ਰੇਡੀਓ 'ਰੂਹ ਪੰਜਾਬ ਦੀ' ਵੱਲੋਂ ਇਸ ਸਮਾਗਮ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ। ਇਸ ਸ਼ੁਭ ਦਿਹਾੜੇ 'ਤੇ ਕੈਲੀਫੋਰਨੀਆ ਦੀਆ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦੇ ਪਹੁੰਚੇ ਸਨ। ਡਾ. ਹਰਮੇਸ਼ ਕੁਮਾਰ, ਸ੍ਰੀ ਸੁਖਰਾਜ ਚੋਪੜਾ, ਸ੍ਰੀ ਸਤਨਾਮ ਬਸਰਾ, ਸ੍ਰੀ ਕੇਵਲ ਸਿੰਘ, ਸ੍ਰੀ ਸੰਤੋਖ ਸਿੰਘ ਝਿੰਗੜਾ, ਸ੍ਰੀ ਪ੍ਰੇਮ ਚੁੰਬਰ, ਸ੍ਰੀ ਬਲਜੀਤ ਸਿੰਘ ਪਿਟਸਬਰਗ, ਸ੍ਰੀ ਰਜਿੰਦਰ ਕੁਮਾਰ, ਸ੍ਰੀ ਸੁਰਜੀਤ ਬਰਾੜ, ਸ. ਸੰਤੋਖ ਸਿੰਘ ਮਿਨਹਾਸ, ਸਭਨਾਂ ਨੇ ਆਪਣੇ ਵਿਚਾਰਾਂ ਰਾਹਹੀਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਗੁਰੂ ਸਾਹਿਬ ਦਾ ਉਪਦੇਸ਼ 'ਮਤਿ ਸੰਗਿਤ ਮਿਲ ਤਹੀਐ ਮਾਧੋ ਜੈਸੇ ਮਧੁਪ ਮਖੀਰਾ" ਨੂੰ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਅਮਲੀ ਜੀਵਨ ਵਿਚ ਅਪਨਾਉਣ ਲਈ ਕਿਹਾ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਅਤੇ ਸ੍ਰੀ ਨਿਸ਼ਾਨ ਸਾਹਿਬ ਨੂੰ ਨਵੇਂ ਚੋਲੇ ਪਹਿਨਾਉਣ ਦੀ ਸੇਵਾ ਗੁਰੂ ਘਰ ਦੇ ਸ਼ਰਧਾਲੂ ਸ. ਕੁਲਬੀਰ ਸਿੰਘ ਹੇਅਰ ਅਤੇ ਬੀਬੀ ਸਿਮਰਨ ਹੇਅਰ ਵੱਲੋਂ ਕੀਤੀ ਗਈ। ਗੁਰੂ ਘਰ ਵੱਲੋਂ ਇਹਨਾਂ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਸ਼ੁਭ ਦਿਹਾੜੇ 'ਤੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਸਹਿਯੋਗ ਸਦਕਾ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਫੋਟੋ ਗੁਰੂ ਘਰ ਦੇ ਲੰਗਰ ਹਾਲ ਵਿਚ ਲਗਾਈ ਗਈ। ਸ੍ਰੀ ਚੁੰਬਰ ਵੱਲੋਂ ਕੱਢਿਆ ਅਖ਼ਬਾਰ 'ਅੰਬੇਦਕਰ ਟਾਈਮਜ਼' ਬਾਰੇ ਵੀ ਚਾਨਣਾ ਪਾਇਆ ਗਿਆ। ਇਸ ਮੌਕੇ 'ਤੇ ਇਲਾਕੇ ਦੀਆਂ ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵਿਸ਼ੇਸ਼ ਹਾਜ਼ਰੀ ਭਰੀ। ਗੁਰੂ ਘਰ ਦੀਆਂ ਸੰਗਤਾਂ ਨੇ ਤਿੰਨੇ ਦਿਨ ਤਨ, ਮਨ, ਧਨ ਨਾਲ ਸੇਵਾ ਕੀਤੀ। ਘਰ ਬੈਠੀਆਂ ਸੰਗਤਾਂ ਨੇ ਵੀ 'ਰੇਡੀਓ ਰੂਹ ਪੰਜਾਬ ਦੀ' ਕੋਸ਼ਿਸ਼ ਸਦਕਾ ਇਸ ਸਮਾਗਮ ਦਾ ਖੂਬ ਆਨੰਦ ਮਾਣਿਆ। ਸ੍ਰੀ ਹਰਵਿੰਦਰ ਕੁਮਾਰ ਨੂਰ ਵੱਲੋਂ ਲੰਗਰ ਦੀ ਸੇਵਾ ਨਿਭਾਈ ਗਈ। ਗੁਰੂ ਘਰ ਵੱਲੋਂ ਭਾਈ ਪਿਰਥੀ ਮਹਿਮੀ ਅਤੇ ਹਰਵਿੰਦਰ ਕੁਮਾਰ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਮੌਕੇ 'ਤੇ ਐਮ. ਐਚ. ਵਨ ਦੀ ਟੀਮ ਨੇ ਵੀ ਹਾਜ਼ਰੀ ਭਰੀ।



ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਪ੍ਰੇਮ ਚੁੰਬਰ ਦੁਆਰਾ ਕੱਢੀ ਗਈ ਨਵੀਂ ਅਖ਼ਬਾਰ 'ਅੰਬੇਦਕਰ ਟਾਇਮਜ਼ ਨੂੰ ਰਿਲੀਜ਼ ਕਰਦੀਆਂ ਸੰਗਤਾਂ ਅਤੇ ਅਹਿਮ ਸ਼ਖਸੀਅਤਾਂ।

## ਕਨੇਡੀਅਨ ਨਰਸ ਸਮੇਤ ਤਿੰਨਾਂ ਨੂੰ ਅਗਵਾ ਕਰਨ ਵਾਲਿਆਂ ਦੀ ਪਛਾਣ ਕੀਤੀ

ਡਰਾਫੁਰ- ਉੱਤਰੀ ਡਰਾਫੁਰ ਦੇ ਸਟੇਟ ਗਵਰਨਰ ਨੇ ਅੱਜ ਇੱਥੇ ਦੱਸਿਆ ਕਿ ਤਿੰਨ ਕੌਮਾਂਤਰੀ ਸਹਾਇਤਾ ਵਰਕਰਾਂ ਨੂੰ ਅਗਵਾ ਕਰਨ ਵਾਲੇ ਵਿਅਕਤੀਆਂ, ਜਿਨ੍ਹਾਂ ਵਿਚੋਂ ਇਕ ਕਨੇਡੀਅਨ ਨਰਸ ਵੀ ਸ਼ਾਮਲ ਹੈ, ਦੀ ਗਿਣਤੀ ਅੱਠ ਦੇ ਕਰੀਬ ਹੈ। ਗਵਰਨਰ ਓਸਮਾਨ ਮੁਹੰਮਦ ਯੂਸਫ ਕਿਬਿਰ ਨੇ ਸੂਡਾਨੀ ਮੀਡੀਆ ਨੂੰ ਦੱਸਿਆ ਕਿ ਅਗਵਾਕਾਰਾਂ ਕੋਲ ਆਧੁਨਿਕ ਹਥਿਆਰ ਸਨ ਅਤੇ ਉਹ ਤਿੰਨੇ ਸਹਾਇਤਾ ਵਰਕਰਾਂ ਨੂੰ ਅਗਵਾ ਕਰਕੇ ਕਿਤੇ ਅਗਿਆਤ ਸਥਾਨ ਉੱਤੇ ਲੈ ਗਏ ਹਨ। ਉਹਨਾਂ ਕਿਹਾ ਕਿ ਅਗਵਾਕਾਰਾਂ ਨੇ ਉਹਨਾਂ ਨਾਲ ਫੋਨ ਉੱਤੇ ਸੰਪਰਕ ਕੀਤਾ ਹੈ ਅਤੇ ਉਹਨਾਂ ਕਿਹਾ ਹੈ ਕਿ ਉਹ ਹਿੰਸਾ ਵਿਚ ਵਿਸ਼ਵਾਸ ਨਹੀਂ ਰੱਖਦੇ ਅਤੇ ਉਹਨਾਂ ਦੀਆਂ ਰਾਨਸਮ ਸਬੰਧੀ ਮੰਗਾਂ ਉੱਤੇ ਗੌਰ ਕੀਤਾ ਜਾਵੇ। ਵਰਣਨਯੋਗ ਹੈ ਕਿ ਕਨੇਡੀਅਨ ਨਰਸ ਸਮੇਤ 3 ਇੰਟਰਨੈਸ਼ਨਲ ਸਹਾਇਤਾ ਕਾਮਿਆਂ ਨੂੰ ਇੱਥੋਂ 200 ਕਿਲੋਮੀਟਰ ਦੂਰ ਪੱਛਮ ਵੱਲ ਅਲ ਫਾਸ਼ਰ

## ਲਿੰਕਨ ਦੀ ਘੜੀ 'ਤੇ ਲਿਖਿਆ ਗੁਪਤ ਸੰਦੇਸ਼ ਮਿਲਿਆ

ਵਾਸ਼ਿੰਗਟਨ- ਸਾਬਕਾ ਅਮਰੀਕੀ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੀ ਘੜੀ 'ਤੇ ਘੜੀਸਾਜ਼ ਦੁਆਰਾ ਲਿਖਿਆ ਗਿਆ ਇਕ ਗੁਪਤ ਸੰਦੇਸ਼ ਮਿਲਿਆ ਹੈ। ਇਸਨੂੰ ਘੜੀਸਾਜ ਨੇ ਘੜੀ ਠੀਕ ਕਰਦੇ ਵਕਤ 1861 ਵਿਚ ਗ੍ਰਹਿ ਯੁੱਧ ਦੀ ਖ਼ਬਰ ਮਿਲਣ ਤੋਂ ਬਾਅਦ ਦਰਜ ਕੀਤਾ ਸੀ। ਸਮਿਥਸੋਨੀਅਨ ਦੇ ਨੈਸ਼ਨਲ ਮਿਊਜ਼ੀਅਮ ਆਫ਼ ਅਮਰੀਕਨ ਹਿਸਟਰੀ ਨੇ ਐਲਾਨ ਕੀਤਾ ਹੈ ਕਿ ਇਕ ਗੁਪਤ ਸੰਦੇਸ਼ ਮਿਲਿਆ ਹੈ। ਮਿਊਜ਼ੀਅਮ ਨੇ ਇਕ ਬਿਆਨ ਵਿਚ ਕਿਹਾ ਹੈ ਕਿ 1906 ਵਿਚ ਦਾ ਨਿਊਯਾਰਕ ਟਾਈਮਜ਼ ਦੇ ਨਾਲ ਇੰਟਰਵਿਊ ਵਿਚ 84 ਸਾਲਾ ਜਾਨਾਥਨ ਡਿਲਨ ਨੇ ਦੱਸਿਆ ਸੀ ਕਿ ਵਾਸ਼ਿੰਗਟਨ ਵਿਚ ਪੈਨਸਲਵੇਨੀਆ ਐਵੇਨਿਊ ਦੀ ਐਮ. ਡਬਲਿਊ. ਗਲਟ ਐਂਡ ਕੰਪਨੀ ਦੇ ਲਈ ਕੰਮ ਕਰਦੇ ਸਨ। ਉਥੇ ਉਹ ਲਿੰਕਨ ਦੀ ਘੜੀ ਠੀਕ ਕਰ ਰਹੇ ਸਨ। ਰਿਪੋਰਟ ਵਿਚ ਡਿਲਨ ਨੇ ਦੱਸਿਆ ਕਿ ਦੁਕਾਨ ਦੇ ਮਾਲਕ ਨੇ ਐਲਾਨ ਕੀਤਾ ਕਿ ਗ੍ਰਹਿ ਯੁੱਧ ਦੀ ਪਹਿਲੀ ਗੋਲੀ ਚੱਲ ਚੁੱਕੀ ਹੈ। ਉਸ ਵਕਤ ਉਹਨਾਂ ਦੇ ਕੋਲ ਘੜੀ ਦਾ ਬਿਨਾਂ ਕਸਿਆ ਡਾਇਲ ਸੀ ਅਤੇ ਉਹਨਾਂ ਨੇ ਨੋਕਦਾਰ ਚੀਜ਼ਾਂ ਨਾਲ ਧਾਤੂ 'ਤੇ ਲਿਖਿਆ, ਪਹਿਲੀ ਗੋਲੀ ਚੱਲ ਚੁੱਕੀ ਹੈ। ਗੁਲਾਮ ਪ੍ਰਥਾ ਖਤਮ ਹੋ ਗਈ। ਸ਼ੁਕਰ ਹੈ ਸਾਡੇ ਰਾਸ਼ਟਰਪਤੀ ਹਨ ਜੋ ਕੋਸ਼ਿਸ਼ ਕਰਨਗੇ। ਸੰਦੇਸ਼ ਲਿਖ ਕੇ ਹਸਤਾਖਰ ਕੀਤੇ, ਤਾਰੀਖ ਪਾਈ ਅਤੇ ਡਾਇਲ ਨੂੰ ਬੰਦ ਕਰ ਦਿੱਤਾ। ਡਿਲਨ ਨੇ ਨਿਊਯਾਰਕ ਟਾਈਮਜ਼ ਨੂੰ ਦੱਸਿਆ ਕਿ ਉਹਨਾਂ ਦੀ ਜਾਣਕਾਰੀ ਵਿਚ ਕਿਸੇ ਨੇ ਵੀ ਉਹਨਾਂ ਦੇ ਲਿਖੀ ਨੂੰ ਨਹੀਂ ਦੇਖਿਆ। ਡਿਲਨ ਦੇ ਵੰਸ਼ਜ ਡਾਊਂਗ ਸਟਲੇਸ ਦੁਆਰਾ ਸੰਪਰਕ ਕੀਤੇ ਜਾਣ ਤੇ ਮਿਊਜ਼ੀਅਮ ਡਾਇਲ ਹਟਾ ਕੇ ਅੰਦਰ ਲਿਖੇ ਘੜੀਸਾਜ ਦੇ ਸੰਦੇਸ਼ ਨੂੰ ਦੇਖਣ ਲਈ ਤਿਆਰ ਹੋ ਗਏ। ਮਿਊਜ਼ੀਅਮ ਨੇ ਘੜੀ ਦੇ ਡਾਇਲ ਦੇ ਪਿੱਛੇ ਵੱਲ ਅੰਕਿਤ ਸੰਦੇਸ਼ ਪਾਇਆ।



## ਬੀ. ਸੀ. ਦੀ ਮਾਡਲ ਦੇ ਕਾਤਲ ਨੂੰ ਚੀਨ ਵਿਚ ਸਜ਼ਾ-ਏ-ਮੌਤ

ਬੀਜਿੰਗ-ਪਿਛਲੇ ਸਾਲ ਸ਼ੰਘਾਈ ਵਿਚ ਇਕ 19 ਸਾਲਾ ਚੀਨੀ ਨੌਜਵਾਨ ਦੁਆਰਾ ਕਨੇਡੀਅਨ ਮਾਡਲ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਸਥਾਨਕ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਡਿਆਨਾ ਓ ਬ੍ਰੇਨ ਨਾਂ ਦੀ 22 ਸਾਲਾ ਮਾਡਲ, ਜੋ ਸਾਲਟ ਸਪ੍ਰਿੰਗ ਆਈਲੈਂਡ, ਬੀ. ਸੀ. ਦੀ ਰਹਿਣ ਵਾਲੀ ਸੀ, ਬੀਤੇ ਸਾਲ ਜੁਲਾਈ ਮਹੀਨੇ ਆਪਣੇ ਅਪਾਰਟਮੈਂਟ ਵਿਚ ਮ੍ਰਿਤਕ ਪਾਈ ਗਈ ਸੀ, ਜਿੱਥੇ ਕਿ ਉਹ ਠਹਿਰੀ ਸੀ। ਨਵੰਬਰ ਮਹੀਨੇ ਚੀਨੀ ਸੁਰੱਖਿਆ ਏਜੰਸੀਆਂ ਨੇ ਇਸ ਮਾਮਲੇ ਦੀ ਜਾਂਚ ਤੋਂ ਬਾਅਦ ਚਿਨ ਜੁਨ ਨਾਂ ਦੇ ਨੌਜਵਾਨ ਨੂੰ ਪਕੜਿਆ ਸੀ, ਜਿਸ ਦੀ ਸੁਣਵਾਈ ਦਰਮਿਆਨ ਅੱਜ ਚੀਨੀ ਅਦਾਲਤ ਨੇ ਜੁਨ ਨੂੰ ਦੋਸ਼ੀ ਮੰਨਦਿਆਂ ਮੌਤ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਉਸ ਨੂੰ ਤੁਰੰਤ ਮੌਤ ਦੀ ਸਜ਼ਾ ਸੁਣਾਉਣ ਦੇ ਹੁਕਮ ਨਹੀਂ ਦਿੱਤੇ ਬਲਕਿ ਉਸ ਨੂੰ ਦੋ ਸਾਲ ਨਿਗਰਾਨੀ ਅਧੀਨ ਰੱਖਿਆ ਜਾਵੇਗਾ। ਜੇਕਰ ਇਸ ਸਮੇਂ ਦਰਮਿਆਨ ਉਹ ਚੰਗਾ ਵਿਵਹਾਰ ਕਰਦਾ ਹੈ ਤਾਂ ਉਸ ਦੀ ਸਜ਼ਾ ਘਟਾਈ ਜਾ ਸਕਦੀ ਹੈ ਅਤੇ ਇਸ ਨੂੰ ਉਮਰ ਕੈਦ ਵਿਚ ਬਦਲਿਆ ਜਾ ਸਕਦਾ ਹੈ।

## ਮਲੇਸ਼ੀਆਈ ਸੰਸਦ ਤੋਂ ਭਾਰਤੀ ਮੂਲ ਦਾ ਸਾਂਸਦ ਸਸਪੈਂਡ

ਕੁਆਲਾਲੰਪੁਰ- ਮਲੇਸ਼ੀਆ ਦੀ ਸੰਸਦ ਤੋਂ ਇਕ ਜਾਤੀ ਭਾਰਤੀ ਸਾਂਸਦ ਨੂੰ ਇਕ ਸਾਲ ਦੇ ਲਈ ਸਸਪੈਂਡ ਕਰ ਦਿੱਤਾ ਗਿਆ। ਵਿਰੋਧੀ ਦਲ ਡੀ. ਏ. ਪੀ. ਦੇ ਗੋਵਿੰਦ ਸਿੰਘ ਦੇਵ ਨੂੰ ਬਦਮਿਜਾਜ਼ੀ ਦਾ ਦੋਸ਼ੀ ਪਾਇਆ ਗਿਆ, ਜਿਨ੍ਹਾਂ ਨੇ 2006 ਵਿਚ ਹੋਈ ਇਕ ਮੰਗੋਲੀਆਈ ਔਰਤ ਦੀ ਹੱਤਿਆ ਦੇ ਮਾਮਲੇ ਵਿਚ ਮਲੇਸ਼ੀਆਈ ਉਪ ਪ੍ਰਧਾਨ ਮੰਤਰੀ ਨਾਜਿਬ ਰਜਾਕ ਨੂੰ ਹੱਤਿਆਰਾ ਕਿਹਾ ਸੀ। ਸਪੀਕਰ ਪਾਂਡੀਕਰ ਅਮੀਨ ਮੁਲੀਆ ਨੇ ਕਿਹਾ ਕਿ ਦੇਵ ਨੂੰ ਉਹਨਾਂ ਦੀਆਂ ਟਿੱਪਣੀਆਂ ਦੇ ਕਾਰਨ ਸਾਂਸਦਾਂ ਦੇ ਬਹੁਮਤ ਨੇ ਬਿਨਾਂ ਕਿਸੇ ਭੱਤੇ ਅਤੇ ਲਾਭ ਦੇ ਸਸਪੈਂਡ ਕਰ ਦਿੱਤਾ। ਦੇਵ ਦੇ ਪਿਤਾ ਕਿਰਪਾਲ ਸਿੰਘ ਵੀ ਵਿਰੋਧੀ ਧਿਰ ਦੇ ਸਾਂਸਦ ਹਨ।

## ਲੋਕਤੰਤਰ ਮਜ਼ਬੂਤ ਕਰਾਂਗੇ- ਨਵਾਜ਼ ਸ਼ਰੀਫ

ਇਸਲਾਮਾਬਾਦ- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਲਾਂਗ ਮਾਰਚ ਨੂੰ ਖਤਮ ਕਰਨ ਦਾ ਐਲਾਨ ਕਰਨ ਤੋਂ ਬਾਅਦ ਕਿਹਾ ਕਿ ਜਲਦੀ ਹੀ ਉਹ ਪਾਕਿਸਤਾਨ ਵਿਚ ਅਸਲੀ ਲੋਕਤੰਤਰ ਸਥਾਪਤ ਕਰਨ ਵਿਚ ਆਪਣੀ ਭੂਮਿਕਾ ਨਿਭਾਉਣਗੇ। ਪਾਕਿਸਤਾਨ ਦੇ ਗੁਜਰਾਂਵਾਲਾ ਵਿਚ ਆਪਣੀ ਵਾਹਨ ਵਿਚੋਂ ਇਕ ਮਾਈਕ ਦੇ ਜ਼ਰੀਏ ਉਹਨਾਂ ਨੇ ਐਲਾਨ ਕੀਤਾ ਕਿ ਅਸੀਂ ਇਸ ਲਾਂਗ ਮਾਰਚ ਨੂੰ ਖਤਮ ਕਰਨ ਦਾ ਐਲਾਨ ਕਰਦੇ ਹਾਂ। ਇਸ ਦੌਰਾਨ ਉਹਨਾਂ ਦੇ ਵਾਹਨ 'ਤੇ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਸੀ ਅਤੇ ਉਹਨਾਂ ਦੇ ਸਮਰਥਨ ਵਿਚ ਨਾਅਰੇ ਲਗਾਏ ਜਾ ਰਹੇ ਸਨ।




# ਰੇਡੀਓ ਰੂਹ ਪੰਜਾਬ ਦੀ

ਸੈਂਟਰਲ ਵੈਲੀ ਫਰਿਜਨੋ ਏਰੀਏ ਬੇਕਰਸਫੀਲਡ ਤੋਂ ਲੈ ਕੇ ਮੋਡੈਸਟੋ ਤੱਕ **900AM DIAL** ਤੋਂ ਸੁਣੇ ਜਾਣ ਵਾਲਾ ਰੇਡੀਓ ਪਰੋਗਰਾਮ ਜਿਸ ਦੇ ਹੋਸਟ ਕੁਲਵੀਰ ਹੇਅਰ, ਜਸਵੰਤ ਮਹਿਮੀ, ਬਲਵੀਰ ਢਿਲੋ ਹਨ। ਹਰ ਸ਼ਨੀਵਾਰ 3 ਵਜੇ ਤੋਂ ਲੈ ਕੇ 4 ਵਜੇ ਸ਼ਾਮ ਗੀਤ ਸੰਗੀਤ ਅਤੇ 6 ਵਜੇ ਟਾਕ ਸ਼ੋਅ ਸੁਣ ਸਕਦੇ ਹੋ।



Email : radioroohpunjabdi@yahoo.com

ਦੁਨੀਆਂ ਦੇ ਕਿਸੇ ਵੀ ਕੋਣੇ ਵਿਚ ਪਰੋਗਰਾਮ ਸੁਨਣ ਲਈ WWW.KBIF900AM.COM ਤੇ ਲਾਗ ਇਨ ਕਰੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਕੁਲਵੀਰ ਸਿੰਘ ਹੇਅਰ 559-907-6544
ਜਸਵੰਤ ਮਹਿਮੀ 559-250-3310
ਬਲਵੀਰ ਢਿਲੋ 559-285-4184


## ਅਗਲੇ ਰਾਸ਼ਟਰਪਤੀ ਦੇ ਅਹੁਦੇ ਦਾ ਦਾਅਵੇਦਾਰ ਨਹੀਂ ਤਾਲਿਬਾਨੀ

ਕਾਬਲ- ਇਰਾਕ ਦੇ ਰਾਸ਼ਟਰਪਤੀ ਜਲਾਲ ਤਾਲਿਬਾਨੀ ਨੇ ਕਿਹਾ ਕਿ ਉਹ ਅਗਲੇ ਰਾਸ਼ਟਰਪਤੀ ਲਈ ਬੇਨਤੀ ਪੱਤਰ ਨਹੀਂ ਦੇਣਗੇ। ਤਾਲਿਬਾਨੀ ਨੇ ਦੱਸਿਆ ਕਿ ਇਸ ਸਾਲ ਉਹਨਾਂ ਦਾ ਕਾਰਜਕਾਲ ਖਤਮ ਹੋਣ ਤੋਂ ਬਾਅਦ ਉਹ ਆਪਣਾ ਸਮਾਂ ਯਾਦਾਂ ਨੂੰ ਅੱਖਰ ਦੇਣ ਦੇ ਕੰਮ ਵਿਚ ਗੁਜ਼ਾਰਨਗੇ। ਟਰਕੀ ਦੇ ਲਈ ਯਾਤਰਾ 'ਤੇ ਜਾਣ ਤੋਂ ਪਹਿਲਾਂ ਉਹਨਾਂ ਨੇ ਕਿਹਾ ਕਿ ਰਾਸ਼ਟਰਪਤੀ ਦੇ ਅਹੁਦੇ ਦੇ ਅਗਲੇ ਕਾਰਜਕਾਲ ਦੇ ਲਈ ਉਹ ਖੁਦ ਦਾ ਨਾਂ ਦਾਖਲ ਨਹੀਂ ਕਰੇਗਾ, ਇਸ ਦੀ ਬਜਾਏ ਉਹ ਆਪਣੀਆਂ ਯਾਦਾਂ ਨੂੰ ਲਿਖਣ ਦਾ ਕੰਮ ਕਰੇਗਾ। ਸਾਲ 1933 ਵਿਚ ਜਨਮੇ ਤਾਲਿਬਾਨੀ ਦਾ ਪਿਛਲੇ ਸਾਲ ਦਿਲ ਦਾ ਅਪਰੇਸ਼ਨ ਹੋ ਚੁੱਕਾ ਹੈ।

## ਆਪਣੀ ਭੈਣ ਦੀ ਕਾਤਲ ਸੀ ਕਿਲਯੋਪੇਟ੍ਰਾ

ਵੀਆਨਾ- ਉਸਦੇ ਖੂਬਸੂਰਤ ਚਿਹਰੇ ਦੇ ਪਿੱਛੇ ਇਕ ਕਾਤਰ ਲੁਕਿਆ ਸੀ, ਇਸਦੀ ਭਿਣਕ ਸ਼ਾਇਦ ਹੀ ਕਿਸੇ ਨੂੰ ਰਹੀ ਹੋਵੇਗੀ। ਅਸੀਂ ਗੱਲ ਕਰ ਰਹੇ ਹਾਂ ਹੁਸਨ ਦੀ ਮੱਲਿਕਾ ਕਿਲਯੋਪੇਟ੍ਰਾ ਦੀ।

ਮਿਸਰ ਦੀ ਰਾਣੀ ਨੇ ਪ੍ਰੇਮੀ ਮਾਰਕ ਐਂਟਨੀ ਦੇ ਨਾਲ ਮਿਲ ਕੇ ਆਪਣੀ ਹੀ ਛੋਟੀ ਭੈਣ ਰਾਜਕੁਮਾਰੀ ਅਰਸੀਨੋ ਦੇ ਕਤਲ ਦੀ ਸਾਜਿਸ਼ ਰਚੀ ਸੀ। ਹਾਲ ਹੀ ਵਿਚ ਮਿਲੇ ਆਰਸੀਨੇ ਦੇ ਪਿੰਜਰ ਦੇ ਆਧਾਰ 'ਤੇ ਆਸਟ੍ਰੀਆ ਦੇ ਪੁਰਾਤਤਵ ਮਾਹਿਰਾਂ ਅਤੇ ਫੋਰੈਂਸਿਕ ਮਾਹਿਰਾਂ ਨੇ ਦਾਅਵਾ ਕੀਤਾ ਹੈ ਕਿ ਅਰਸੀਨੋ ਦੀ ਹੱਤਿਆ ਕੀਤੀ ਗਈ ਸੀ। ਕਰੀਬ ਦੋ ਹਜ਼ਾਰ ਸਾਲ ਪਹਿਲਾਂ ਮਾਰੀ ਗਈ ਆਰਸੀਨੋ ਅਜਿਹੀ ਪਹਿਲੀ ਟਾਲੇਮੀ ਵੰਸ਼ਜ਼ ਹੈ, ਜਿਸਦਾ ਕੋਈ ਨਿਸ਼ਾਨ ਮਿਲਿਆ ਹੈ।

ਅਰਸੀਨੋ ਦਾ ਪਿੰਜਰ ਤੁਰਕੀ ਦੇ ਅਫੇਸਸ ਦੇ ਮਕਬਰੇ ਤੋਂ ਪ੍ਰਾਪਤ ਹੋਇਆ ਹੈ। ਪੁਰਾਤਤਵ ਮਾਹਿਰਾਂ ਦੇ ਮੁਤਾਬਕ ਅਰਸੀਨੋ ਅਤੇ ਉਸਦੀ ਵੱਡੀ ਭੈਣ ਕਿਲਯੋਪੇਟ੍ਰਾ ਵਿਚਕਾਰ ਨਫ਼ਰਤ ਸੀ। ਇਹ ਖਾਈ ਇੰਨੀ ਵੱਧ ਚੁੱਕੀ ਸੀ ਕਿ ਕਿਲਯੋਪੇਆ੍ਰ ਨੇ ਐਂਟਨੀ ਨੂੰ ਹੁਕਮ ਦੇ ਦਿੱਤਾ ਕਿ ਉਹ ਉਸਦੀ ਭੈਣ ਨੂੰ ਮਾਰ ਦੇਵੇ।

ਖੋਜੀ ਦਲ ਦੇ ਮੁਖੀ ਡਾ. ਹਿਲਕੇ ਥ੍ਰੂਅਰ ਦੇ ਮੁਤਾਬਕ ਟਾਲੇਮੀ ਵੰਸ਼ਜ ਦੇ ਪਿੰਜਰ ਮਿਲਣਾ ਕਿਸੇ ਵੀ ਪੁਰਾਤਤਵ ਮਾਹਿਰ ਦੇ ਲਈ ਮਾਣ ਵਾਲੀ ਗੱਲ ਹੈ। ਫੋਰੈਂਸਿਕ ਜਾਂਚ ਦੱਸਦੀ ਹੈ ਕਿ ਅਰਸੀਨੋ ਦੀ ਮਾਂ ਅਫ਼ਰੀਕੀ ਮੂਲ ਦੀ ਸੀ।




# ਪੰਜਾਬ ਲੋਕ ਸਭਾ ਚੋਣਾਂ 2009



### ਤੀਜੇ ਮੋਰਚੇ ਦੀ ਮੁੱਖ ਧੁਰੀ ਹੈ ਬਸਪਾ

## ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਦੇ ਦਾਅਵੇ ਨੂੰ ਨਕਾਰਨਾ ਸੌਖਾ ਨਹੀਂ ਹੋਵੇਗਾ



ਨਵੀਂ ਦਿੱਲੀ– ਤੁਮਕੁਰ ਦੀ ਸਫਰ ਰੈਲੀ ਤੋਂ ਉਤਸ਼ਾਹਿਤ ਤੀਜੇ ਮੋਰਚੇ ਦੇ ਲੀਡਰ ਹੁਣ ਵਿਕਲਪਿਕ ਨੀਤੀਆਂ ਪੇਸ਼ ਕਰਨ ਦੀ ਤਿਆਰੀ ਵਿਚ ਹਨ। ਇਸ ਦੇ ਲਈ ਰਾਸ਼ਟਰੀ ਨੀਤੀ ਦਸਤਾਵੇਜ ਤਿਆਰ ਕੀਤਾ ਜਾ ਰਿਹਾ ਹੈ।ਬਸਪਾ ਪ੍ਰਮੁੱਖ ਮਾਇਆਵਤੀ ਦੀ ਰਿਹਾਇਸ਼ ’ਤੇ ਆਯੋਜਿਤ ਡਿਨਰ ਵਿਚ ਮੋਰਚੇ ਦੇ ਲੀਡਰ ਇਸ ਦਸਤਾਵੇਜ ਤੋਂ ਇਲਾਵਾ ਅਗਲੀ ਰਣਨੀਤੀ ਉਤੇ ਵਿਚਾਰ ਕਰ ਰਹੇ ਹਨ। ਤੀਜੇ ਮੋਰਚੇ ਵੱਲੋਂ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਐਲਾਨ ਕਰਨ ਸਬੰਧੀ ਅੜਿੱਕਿਆਂ ਦੇ ਕਾਰਨ ਇਹ ਡਿਨਰ ਕਾਫੀ ਮਹੱਤਵਪੂਰਨ ਹੋ ਗਿਆ ਹੈ।

ਤੀਜੇ ਮੋਰਚੇ ਦੇ ਲੀਡਰ ਮੰਨ ਰਹੇ ਹਨ ਕਿ ਬਸਪਾ ਦੇ ਜੁੜਨ ਤੋਂ ਬਾਅਦ ਮੋਰਚੇ ਦੀ ਹੈਸੀਅਤ ਵਧੀ ਹੈ। ਇਸਤੋਂ ਬਸਪਾ ਨੂੰ ਵੀ ਫਾਇਦਾ ਮਿਲਣਾ ਤੈਅ ਹੈ। ਬਸਪਾ ਦੇ ਇਕ ਲੀਡਰ ਮੁਤਾਬਕ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਕਿਹਾ ਕਰਦੇ ਸਨਕਿ ਜਿਸ ਦਿਨ ਉਹ ਜਾਤੀਵਾਦ ਦੇ ਗੜ੍ਹ ਯੂ.ਪੀ. ਨੂੰ ਕਬਜੇ ਵਿਚ ਕਰ ਲੈਣਗੇ, ਉਸ ਦਿਨ ਦਿੱਲੀ ’ਤੇ ਕਬਜਾ ਕਰਨਾ ਆਸਾਨ ਹੋ ਜਾਵੇਗਾ। ਯੂ.ਪੀ. ’ਤੇ ਕਬਜਾ ਕੀਤਿਆਂ ਬਸਪਾ ਨੂੰ ਦੋ ਸਾਲ ਹੋਣ ਵਾਲੇ ਹਨ। ਅਤੇ ਤੀਜੇ ਮੋਰਚੇ ਦੀ ਤੁਮਕੁਰ ਰੈਲੀ ਵਿਚ ਮਿਲੇ ਮਹੱਤਵ ਤੋਂ ਬਾਅਦ ਬਸਪਾ ਨੂੰ ਹੁਣ ਦਿੱਲੀ ਦਾ ਤਖਤ ਨੇੜੇ ਦਿਖਾਈ ਦੇਣ ਲੱਗਿਆ ਹੈ। 1984 ਵਿਚ ਹੋਂਦ ਵਿਚ ਆਈ ਬਸਪਾ ਹੁਣ ਚੋਣ ਕਮਿਸ਼ਨ ਤੋਂ ਕੌਮੀ ਪਾਰਟੀ ਦੀ ਮਾਨਤਾ ਪ੍ਰਾਪਤ ਕਰਨ ਵਾਲੀ ਛੇਵੀਂ ਪਾਰਟੀ ਬਣ ਗਈ ਹੈ। ਬਸਪਾ ਸਾਰੀਆਂ 543 ਸੀਟਾਂ ਉਤੇ ਉਮੀਦਵਾਰ ਉਤਾਰਨ ਜਾ ਰਹੀ ਹੈ। ਹੁਣ ਤੱਕ 300 ਸੀਟਾਂ ’ਤੇ ਉਮੀਦਵਾਰ ਉਤਾਰ ਚੁੱਕੀ ਹੈ। ਇਹਨਾਂ ਵਿਚੋਂ ਖੱਬੇ ਮੋਰਚੇ ਦੇ ਗੜ੍ਹ ਪੱਛਮੀ ਬੰਗਾਲ ਅਤੇ ਕੇਰਲ ਵੀ ਸ਼ਾਮਲ ਹਨ। ਬਸਪਾ ਦਾ ਉਦੇਸ਼ ਵੋਟ ਪ੍ਰਤੀਸ਼ਤ ਵਧਾ ਕੇ ਕੌਮੀ ਪਾਰਟੀ ਦਾ ਦਰਜਾ ਪ੍ਰਾਪਤ ਕਰਨਾ ਵੀ ਹੁੰਦਾ ਹੈ। ਨਾਲ ਹੀ ਦੇਸ਼ ਭਰ ਵਿਚ ਉਸਦਾ ਸੰਗਠਨ ਵੀ ਆਕਾਰ ਲੈਂਦਾ ਜਾ ਰਿਹਾ ਹੈ।


2004 ਵਿਚ ਬਸਪਾ ਨੇ ਕੁੱਲ 435 ਸੀਟਾਂ ਉਤੇ ਚੋਣ ਲੜੀ ਅਤੇ 19 ਸੀਟਾਂ ਜਿੱਤੀਆਂ। ਹਾਲਾਂਕਿ ਉਸਦੇ 358 ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਹੋ ਗਈਆਂ ਪਰ ਸੀਟਾਂ ਦੇ ਹਿਸਾਬ ਨਾਲ ਉਸਨੂੰ 6.66 ਫੀਸਦੀ ਵੋਟਾਂ ਪ੍ਰਾਪਤ ਕਰਨ ਵਿਚ ਸਫਲਤਾ ਮਿਲੀ। ਜਦਕਿ 1999 ਵਿਚ ਉਹ 14 ਸੀਟਾਂ ਜਿੱਤੀ ਸੀ। ਉੱਤਰੀ ਭਾਰਤ ਵਿਚ ਤਾਂ ਬਸਪਾ ਯੂ.ਪੀ. ਵਿਚ ਆਪਣੇ



ਦਮ ’ਤੇ ਸੱਤਾ ਵਿਚ ਹੈ, ਜਦਕਿ ਪੰਜਾਬ, ਹਰਿਆਣਾ, ਉਤਰਾਖੰਡ, ਰਾਜਸਥਾਨ, ਮੱਧ ਪ੍ਰਦੇਸ਼ ਵਿਚ ਵੱਡੀ ਤਾਕਤ ਬਣ ਚੁੱਕੀ ਹੈ, ਪਰ ਦੱਖਣ ਵਿਚਬਸਪਾ ਦੇ ਲਈ ਹਾਲੇ ਰਸਤਾ ਆਸਾਨ ਨਹੀਂ ਹੈ। ਇਸ ਵਾਰ ਵੀ ਬਸਪਾ ਦੱਖਣ ਦੀਆਂ ਸਾਰੀਆਂ ਸੀਟਾਂ ਉਤੇ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰਨ ਜਾ ਰਹੀ ਹੈ।

ਹਾਲੇ ਇੱਥੇ ਬਸਪਾ ਦੀ ਹਾਜ਼ਰੀ ਦੋ ਸੌ ਤੋਂ ਪੰਜ ਹਜ਼ਾਰ ਵੋਟਾਂ ਤੱਕ ਸੀਮਤ ਹਨ। ਪੱਛਮੀ ਬੰਗਾਲ ਵਿਚ ਬਸਪਾ ਇਕ ਪਾਰਸ਼ਦ ਤੱਕ ਸੀਮਤ ਹੈ। ਬਸਪਾ ਦੇ ਲੀਡਰ ਮੰਨ ਰਹੇ ਹਨ ਕਿ ਤੀਜਾ ਮੋਰਚਾ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦਾਅਵੇਦਾਰ ਐਲਾਨ ਕਰੇ ਜਾਂ ਨਹੀਂ ਪਰ ਚੋਣਾਂ ਤੋਂ ਬਾਅਦ ਤੀਜੇ ਮੋਰਚੇ ਵਿਚ ਸਭ ਤੋਂ ਜ਼ਿਆਦਾ ਸਾਂਸਦਾਂ ਵਾਲੀ ਪਾਰਟੀ ਉਹੀ ਹੋਵੇਗੀ।

## ਕੈਪਟਨ ਨੇ ਲਲਕਾਰਿਆ ਅਕਾਲੀਆਂ ਨੂੰ, 13 ਦੀਆਂ 13 ਸੀਟਾਂ ਜਿੱਤਣ ਦਾ ਦਾਅਵਾ



ਲੁਧਿਆਣਾ– ਪੰਜਾਬ ਕਾਂਗਰਸ ਕੰਪੇਨ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਨੇ ਪੰਜਾਬ ਵਿਚ ਅਰਧ–ਸੈਨਿਕ ਬਲਾਂ ਦੀ ਦੇਖ ਰੇਖ ਵਿਚ ਸ਼ਾਂਤੀਪੂਰਨ ਚੋਣਾਂ ਕਰਵਾਉਣ ਦਾ ਭਰੋਸਾ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਕਾਂਗਰਸ ਪੂਰੀ ਤਰ੍ਹਾਂ ਇੱਕਜੁਟ ਹੈ ਅਤੇ ਪੰਜਾਬ ਦੀਆਂ ਸਾਰੀਆਂ 13 ਸੀਟਾਂ ਜਿੱਤ ਕੇ ਅਕਾਲੀ–ਭਾਜਪਾ ਗੱਠਜੋੜ ਦਾ ਸਫਾਇਆ ਕਰੇਗੀ। ਬਹੁਚਰਚਿਤ ਸਿਟੀ ਸੈਂਟਰ ਘੁਟਾਲੇ ਦੀ ਸੁਣਵਾਈ ਦੇ ਲਈ ਅਦਾਲਤ ਪਹੁੰਚੇ ਕੈਪਟਨ ਨੂੰ ਵਰਕਰਾਂ ਨੇ ਹੱਥੋ–ਹੱਥ ਲਿਆ। ਭਾਰੀ ਧੱਕਾ–ਮੁੱਕੀ ਵਿਚਕਾਰ ਕੈਪਟਨ ਦੇ ਸੁਰੱਖਿਆ ਕਰਮਚਾਰੀਆਂ ਨੂੰ ਬਹੁਤ ਮਿਹਨਤ ਕਰਨੀ ਪਈ।

ਕੈਪਟਨ ਤਹਿਸ਼ੁਦਾ ਸਮੇਂ ’ਤੇ ਕਚਹਿਰੀ ਪਹੁੰਚੇ, ਜਿੱਥੇ ਉਹਨਾਂ ਦੇ ਸਵਾਗਤ ਦੇ ਲਈ ਵਰਕਰਾਂ ਦਾ ਹਜੂਮ ਇਕੱਠਾ ਹੋਇਆ ਸੀ। ਪੇਸ਼ੀ ਭੁਗਤਣ ਤੋਂ ਬਾਅਦ ਬਾਹਰ ਨਿਕਲਦੇ ਹੀ ਕੈਪਟਨ ਨੇ ਪੱਤਰਕਾਰਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਪੰਚਾਇਤ ਅਤੇ ਬਲਾਕ ਕਮੇਟੀ ਚੋਣਾਂ ਦੌਰਾਨ ਅਕਾਲੀ–ਭਾਜਪਾ ਗੱਠਜੋੜ ਦੁਆਰਾ ਕੀਤੀ ਗਈ ਗੁੰਡਾਗਰਦੀ ਦੇ ਬਾਰੇ ਉਹਨਾਂ ਨੇ ਚੋਣ ਕਮਿਸ਼ਨ ਨੂੰ ਜਾਣਕਾਰੀ ਦਿੱਛੀ ਸੀ। ਕਮਿਸ਼ਨ ਨੇ ਭਰੋਸਾ ਦਿੱਤਾ ਹੈ ਕਿ ਅਰਧ ਸੈਨਿਕ ਬਲਾਂ ਦੀ ਦੇਖ ਰੇਖ ਵਿਚ ਚੋਣਾਂ ਕਰਵਾਈਆਂ ਜਾਣਗੀਆਂ ਅਤੇ ਅਰਧ ਸੈਨਿਕ ਬਲਾਂ ਦੇ ਅਧਿਕਾਰੀ ਰਾਜ ਸਰਕਾਰ ਨਹੀਂ ਬਲਕਿ ਸਿੱਧੇ ਚੋਣ ਕਮਿਸ਼ਨ ਨੂੰ ਰਿਪੋਰਟ ਕਰਨਗੇ। ਕੈਪਟਨ ਨੇ ਕਿਹਾ ਕਿ ਕਮਿਸ਼ਨ ਨੂੰ ਉਹਨਾਂ ਛੇ ਹਜ਼ਾਰ ਵਰਕਰਾਂ ਦੀ ਸੂਚੀ ਵੀ ਸੌਂਪੀ ਗਈ ਹੈ, ਜਿਹਨਾਂ ਦੇ ਖਿਲਾਫ ਬਾਦਲ ਸਰਕਾਰ ਨੇ ਪਰਚੇ ਦਰਜ ਕੀਤੇ ਹੋਏ ਹਨ। ਕੈਪਟਨ ਨੂੰ ਕੰਪੇਨ ਤੋਂ ਬਾਹਰ ਰੱਖਣ ਦੀਆਂ ਕੋਸ਼ਿਸਾਂ ਨਾਲ ਜੁੜੇ ਇਕ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਕੁਝ ਲੀਡਰ ਅਕਾਲੀਆਂ ਨਾਲ ਮਿਲ ਕੇ ਅਜਿਹਾ ਕਰ ਸਕਦੇ ਹਨ ਪਰ ਪੰਜਾਬ ਕਾਂਗਰਸ ਇੱਕਜੁਟ ਹੈ ਅਤੇ ਉਹਨਾਂ ਨੂੰ ਸਾਰਿਆਂ ਤੋਂ ਪੂਰਾ ਸਹਿਯੋਗ ਮਿਲ ਰਿਹਾ ਹੈ। ਪੰਜਾਬ ਦੀ ਜਨਤਾ ਬਾਦਲ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੀ ਹੈ ਅਤੇ ਕਾਂਗਰਸ ਸਾਰੀਆਂ 13 ਸੀਟਾਂ ਜਿੱਤ ਕੇ ਗੱਠਜੋੜ ਦਾ ਪੰਜਾਬ ਤੋਂ ਸਫਾਇਆ ਕਰੇਗੀ। ਉਹਨਾਂ ਦੱਸਿਆ ਕਿ ਦਿੱਲੀ ਵਿਚ ਸਕਰੀਨਿੰਗ ਕਮੇਟੀ ਦੀ ਕਾਰਵਾਈ ਚੱਲ ਰਹੀ ਹੈ ਅਤੇ ਜਲਦੀ ਹੀ ਉਮੀਦਵਾਰਾਂ ਦਾ ਐਲਾਨ ਹੋਣ ਵਾਲਾ ਹੈ। ਉਮੀਦਵਾਰਾਂ ਦਾ ਐਲਾਨ ਹੋਣ ਤੋਂ ਤੁਰੰਤ ਬਾਅਦ ਹੀ ਪੰਜਾਬ ਕਾਂਗਰਸ ਪ੍ਰਚਾਰ ਦਾ ਰਸਤਾ ਤੈਅ ਕਰੇਗੀ ਅਤੇ ਦੇਖਦੇ ਹੀ ਦੇਖਦੇ ਸਾਰੇ ਪੰਜਾਬ ਵਿਚ ਕਾਂਗਰਸ ਛਾ ਜਾਵੇਗੀ।

## ਟਿਕਟਾਂ ਲੈਣ ਦੇ ਦਾਅਵੇਦਾਰ ਕਾਂਗਰਸੀ

ਲੋਕ ਸਭਾ ਚੋਣਾਂ ਦੇ ਲਈ ਦੋ ਦਿਨਾਂ ਤੋਂ ਦਿੱਲੀ ਵਿਚ ਕਾਂਗਰਸ ਹਾਈ ਕਮਾਨ ਜ਼ੋਰ ਅਜ਼ਮਾਇਸ਼ ਕਰ ਰਹੀ ਹੈ ਕਿ ਆਖਿਰ ਕਿਹੜੀ ਸੀਟ ਕਿਸਨੂੰ ਦਿੱਤੀ ਜਾਵੇ। ਕਾਂਗਰਸ ਹਾਈ ਕਮਾਨ ਨੇ ਨਕਸ਼ਾ ਤਿਆਰ ਕੀਤਾ ਸੀ ਕਿ ਇਕ ਸੀਟ ਤੋਂ ਤਿੰਨ ਤੋਂ ਜ਼ਿਆਦਾ ਦਾਅਵੇਦਾਰ ਨਹੀਂ ਹੋਣੇ ਚਾਹੀਦੇ। ਹੋਇਆ ਇਹ ਹੈ ਕਿ ਕਈ ਸੀਟਾਂ ਉਤੇ ਤਾਂ ਤਿੰਨ ਤੋਂ ਜ਼ਿਆਦਾ ਦਾਅਵੇਦਾਰ ਸਨ, ਜਿਹਨਾਂ ਸੀਟਾਂ ’ਤਤੇ ਇਕ ਜਾਂ ਦੋ ਉਮੀਦਵਾਰ ਸਨ, ਉਹਨਾਂ ’ਤੇ ਤਿੰਨ ਦੀ ਗਿਣਤੀ ਪੂਰੀ ਕਰਨ ਦੇ ਲਈ ਇਕ ਇਕ ਜਾਂ ਦੋ ਦੋ ਹੋਰ ਤਿਆਰ ਹੋ ਗਏ।

**ਫਿਰੋਜ਼ਪੁਰ ਤੋਂ ਟਿਕਟ ਦੇ ਦਾਅਵੇਦਾਰ**

ਸੀਨੀਅਰ ਕਾਂਗਰਸ ਲੀਡਰ ਜਗਮੀਤ ਸਿੰਘ ਬਰਾੜ, ਜਾਖੜ ਪਰਿਵਾਰ ਤੋਂ ਅਬੋਹਰ ਦੇ ਵਿਧਾਇਕ ਸੁਨੀਲ ਜਾਖੜ ਅਤੇ ਗੁਰੂ ਹਰਸਰਾਏ ਦੇ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਚੋਣਾਂ ਵਿਚ ਆਪਣੇ ਲਈ ਟਿਕਟ ਮੰਗ ਰਹੇ ਹਨ।

**ਫਰੀਦਕੋਟ ਤੋਂ ਦਾਅਵੇਦਾਰ**

ਨਿਹਾਲ ਸਿੰਘ ਵਾਲਾ ਦੇ ਵਿਧਾਨਿਕ ਅਜੀਤ ਸਿੰਘ ਸ਼ਾਂਤ, ਪੈਰਾਸ਼ੂਟ ਦੇ ਜ਼ਰੀਏ ਫਰੀਦਾਬਾਦ ਤੋਂ ਆਈ ਸ਼ਰਨ ਕੌਰ, ਕੇਵਲ ਸਿੰਘ ਢਿੱਲੋਂ, ਪੰਜਗਰਾਈ ਦੇ ਵਿਧਾਇਕ ਜੋਗਿੰਦਰ ਸਿੰਘ ਬੱਲੂਆਣਾ, ਸਾਬਕਾ ਆਈ.ਐਸ. ਅਧਿਕਾਰੀ ਗਿਰੀਰਾਜ ਅਤੇ ਪ੍ਰਕਾਸ਼ ਸਿੰਘ ਭੱਟੀ ਸਮੇਤ ਛੇ ਦਾਅਵੇਦਾਰ ਇਸ ਸੀਟ ਤੋਂ ਟਿਕਟ ਦੀ ਮੰਗ ਕਰ ਰਹੇ ਹਨ।

**ਬਠਿੰਡਾ ਤੋਂ ਦਾਅਵੇਦਾਰ**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੇ ਮੁੰਡੇ ਦੇ ਲਈ ਬਠਿੰਡਾ ਤੋਂ ਟਿਕਟ ਦੀ ਮੰਗ ਕਰ ਰਹੇ ਹਨ ਅਤੇ ਦਿੱਲੀ ਵਿਚ ਡਟੇ ਹੋਏ ਹਨ। ਰਣਇੰਦਰ ਸਿੰਘ ਤੋਂ ਇਲਾਵਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਅਤੇ ਪਹਿਲਾਂ ਹੋਈਆਂ ਚੋਣਾਂ ਦੌਰਾਨ ਅੰਮ੍ਰਿਤਸਰ ਤੋਂ ਨਵਜੋਤ ਸਿੰਘ ਸਿੱਧੂ ਦੇ ਖਿਲਾਫ ਚੋਣ ਲੜ ਚੁੱਕੇ ਸੰਤਪਾਲ ਸਿੰਗਲਾ ਵੀ ਬਠਿੰਡਾ ਤੋਂ ਟਿਕਟ ਦੀ ਦਾਅਵੇਦਾਰੀ ਕਰ ਰਹੇ ਹਨ।

**ਸੰਗਰੂਰ ਤੋਂ ਦਾਅਵੇਦਾਰ**

ਇੱਥੋਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਆਪਣੇ ਮੁੰਡੇ ਰਾਹੁਲ ਇੰਦਰ ਸਿੰਘ, ਸਾਬਕਾ ਵਿਧਾਇਕ ਅਰਵਿੰਦ ਖੰਨਾ, ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਅਤੇ ਵਿਧਾਇਕ ਸੁਰਿੰਦਰਪਾਲ ਸਿੰਘ ਸੀਬੀਆ ਆਪਣੇ ਲਈ ਟਿਕਟਾਂ ਦੀ ਦਾਅਵੇਦਾਰੀ ਕਰ ਰਹੇ ਹਨ। ਦੇਖਿਆ ਜਾਵੇ ਤਾਂ ਮੈਡਮ ਭੱਠਲ ਦਾ ਪਲੜਾ ਭਾਰੀ ਲੱਗ ਰਿਹਾ ਹੈ।

**ਫਤਿਹਗੜ੍ਹ ਸਾਹਿਬ ਤੋਂ ਦਾਅਵੇਦਾਰ**

ਨਵੇਂ ਬਣੇ ਹਲਕੇ ਫਤਿਹਗੜ੍ਹ ਸਾਹਿਬ ਤੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ, ਰਾਏ ਸਿੰਘ, ਵਿਧਾਇਕ ਸਾਧੂ ਸਿੰਘ ਧਰਮਸੋਤ ਅਤੇ ਸੁਖਦੇਵ ਸਿੰਘ ਲਿਬੜਾ ਟਿਕਟ ਦੇ ਚੱਕਰ ਵਿਚ ਹਨ। ਦੂਜੇ ਪਾਸੇ ਚਰਨਜੀਤ ਸਿੰਘ ਅਟਵਾਲ ਅਕਾਲੀ ਦਲ ਦੇ ਉਮੀਦਵਾਰ ਹਨ ਅਤੇ ਲਿਬੜਾ ਐਤਕੀ ਕਾਂਗਰਸ ਦੀ ਟਿਕਟ ਤੋਂ ਉਹਨਾਂ ਨੂੰ ਟੱਕਰ ਦੇਣ ਦੇ ਰੌਂਅ ਵਿਚ ਹਨ।

**ਪਟਿਆਲਾ ਅਤੇ ਲੁਧਿਆਣਾ ਤੋਂ ਦਾਅਵੇਦਾਰ**

ਪਟਿਆਲਾ ਵਿਚ ਮਹਾਰਾਣੀ ਪ੍ਰਨੀਤ ਕੌਰ ਤੋਂ ਇਲਾਵਾ ਕਾਂਗਰਸ ਦੇ ਕੋਲ ਦੂਜਾ ਜਾਂ ਤੀਜਾ ਮਜਬੂਤ ਦਾਅਵੇਦਾਰ ਹੀ ਨਹੀਂ ਹੈ ਤਾਂ ਪਰਨੀਤ ਕੌਰ ਦੀ ਟਿਕਟ ਪੱਕੀ ਹੀ ਸਮਝੋ। ਇਹ ਕੈਪਟਨ ਅਮਰਿੰਦਰ ਸਿੰਘ ਦਾ ਹੋਮ ਜ਼ਿਲ੍ਹਾ ਹੈ ਅਤੇ ਉਹਨਾਂ ਦੀ ਚੱਲੇਗੀ ਵੀ। ਲੁਧਿਆਣਾ ਵਿਚ ਵੀ ਮਨੀਸ਼ ਤਿਵਾੜੀ ਤੋਂ ਇਲਾਵਾ ਕਾਂਗਰਸ ਦੇ ਕੋਲ ਵੱਡੀ ਤੋਪ ਹੈ ਹੀ ਨਹੀਂ। ਕਾਂਗਰਸ ਤੋਂ ਦੋ ਵਾਰ ਚੋਣ ਲੜ ਚੁੱਕੇ ਗਾਲਿਬ ਅਕਾਲੀ ਦਲ ਵਿਚ ਚਲੇ ਗਏ ਹਨ, ਅਜਿਹੇ ਵਿਚ ਤਿਵਾੜੀ ਦਾ ਨੰਬਰ ਪੱਕਾ ਹੈ।

**ਆਨੰਦਪੁਰ ਸਾਹਿਬ ਤੋਂ ਦਾਅਵੇਦਾਰ**

ਇੱਥੋਂ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧ ਰੱਖਣ ਵਾਲੀ ਅਤੇ ਦਿੱਲੀ ਵਿਚ ਸੋਨੀਆ ਦੇ ਨਾਲ ਚੰਗਾ ਮੇਲ ਜੋਲ ਰੱਖਣ ਵਾਲੀ ਅੰਬਿਕਾ ਸੋਨੀ ਨੰਬਰ ਇਕ ਦੀ ਦਾਅਵੇਦਾਰ ਹੈ, ਤਾਂ ਨੰਗਲ ਦੇ ਵਿਧਾਇਕ ਕੰਵਰ ਪਾਲ ਸਿੰਘ ਰਾਣਾ, ਚਮਕੌਰ ਸਾਹਿਬ ਦੇ ਵਿਧਾਇਕ ਚਰਨਜੀਤ ਸਿੰਘ ਅਤੇ ਮੋਰਿੰਡਾ ਦੇ ਸਾਬਕਾ ਵਿਧਾਇਕ ਜਗਮੋਹਨ ਸਿੰਘ ਕੰਗ ਤੋਂ ਇਲਾਵਾ ਧੱਕੜ ਲੀਡਰ ਬੀਰ ਦਵਿੰਦਰ ਸਿੰਘ ਵੀ ਟਿਕਟ ਦੀ ਤਾਕ ਵਿਚ ਹਨ।

**ਜਲੰਧਰ ਤੋਂ ਦਾਅਵੇਦਾਰ**

ਇੱਥੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਜ਼ਿਆਦਾ ਨਜ਼ਦੀਕ ਹਨ, ਪਰ ਚੌਧਰੀ ਸੰਤੋਖ ਸਿੰਘ, ਚੌਧਰੀ ਜਗਜੀਤ ਸਿੰਘ ਅਤੇ ਬੂਟਾ ਸਿੰਘ ਵੀ ਇੱਥੋਂ ਟਿਕਟ ਦੇ ਚੱਕਰ ਵਿਚ ਫਿਰਦੇ ਹਨ।

**ਖਡੂਰ ਸਾਹਿਬ ਤੋਂ ਰਾਣੇ ਦਾ ਹੱਥ ਉਪਰ**

ਇੱਥੋਂ ਰਾਣਾ ਗੁਰਜੀਤ ਸਿੰਘ ਸਿਅਸੀ ਹੋਲੀ ਖੇਡਣ ਲਈ ਤਿਆਰ ਹਨ। ਜਲੰਧਰ ਤੋਂ ਸਾਂਸਦ ਰਹਿ ਚੁੱਕੇ ਗੁਰਜੀਤ ਸਿੰਘ ਕਿਹੜੀ ਚੋਣ ਕਿਵੇਂ ਲੜਨੀ ਹੈ, ਇਸ ਦੇ ਬੜੇ ਮਾਹਿਰ ਦੱਸੇ ਜਾਂਦੇ ਹਨ। ਰਾਣਾ ਗੁਰਜੀਤ ਸਿੰਘ ਤੋਂ ਇਲਾਵਾ ਕਾਂਗਰਸ ਦੇ ਕੋਲ ਖਡੂਰ ਸਾਹਿਬ ਦ ਲਈ ਵੱਡਾ ਦਾਅਵੇਦਾਰ ਹੈ ਹੀ ਨਹੀਂ। ਜਸਬੀਰ ਸਿੰਘ ਡਿੰਪਾ ਦਾਅਵੇਦਾਰੀ ਤਾਂ ਦਿਖਾ ਰਹੇ ਸਨ, ਪਰ ਰਾਣਾ ਦੇ ਕੱਦ ਮੂਹਰੇ ਬੌਣੇ ਨਜ਼ਰ ਆ ਰਹੇ ਹਨ। ਇਸ ਕਰਕੇ ਰਾਣਾ ਦੀ ਟਿਕਟ ਪੱਕੀ ਸਮਝੋ।

**ਗੁਰਦਾਸਪੁਰ ਤੋਂ ਦਾਅਵੇਦਾਰ**

ਲਗਾਤਾਰ ਤਿੰਨ ਚੋਣਾਂ ਜਿੱਤ ਚੁੱਕੇ ਭਾਜਪਾ ਦੇ ਵਿਨੋਦ ਖੰਨਾ ਨੂੰ ਇਸ ਵਾਰ ਹਰਾਉਣ ਲਈ ਪ੍ਰਤਾਪ ਸਿੰਘ ਬਾਜਵਾ, ਅਸ਼ਵਨੀ ਕੁਮਾਰ, ਅਸ਼ਵਨੀ ਸੇਖੜੀ ਅਤੇ ਸਵਰਣ ਸਰਕਾਰੀਆ ਕਾਂਗਰਸ ਤੋਂ ਟਿਕਟ ਮੰਗ ਰੇ ਹਨ। ਸੁਖਬੰਸ ਕੌਰ ਭਿੰਡਰ ਤੋਂ ਬਾਅਦ ਕਾਂਗਰਸ ਦੇ ਕੋਲ ਅਜਿਹਾ ਚਿਹਰਾ ਸਾਹਮਣੇ ਨਹੀਂ ਆਇਆ ਜੋ ਵਿਨੋਦ ਖੰਨਾ ਨੂੰ ਚਿੱਤ ਕਰ ਸਕੇ।

**ਹੁਸ਼ਿਆਰਪੁਰ ਤੋਂ ਦਾਅਵੇਦਾਰੀ**

ਇੱਥੋਂ ਕਾਂਗਰਸ ਦੀ ਸੀਨੀਅਰ ਲੀਡਰ ਅਤੇ ਕੌਮੀ ਸਫਾਈ ਕਰਮਚਾਰੀ ਕਮਿਸ਼ਨ ਦੀ ਚੇਅਰਮੈਨ ਸੰਤੋਸ਼ ਚੌਧਰੀ, ਸ਼ਮਸ਼ੇਰ ਸਿੰਘ ਦੂਲੋ ਵੀ ਟਿਕਟ ਦੀ ਤਾਕ ਵਿਚ ਹਨ। ਸੰਤੋਸ਼ ਚੌਧਰੀ ਮਜ਼ਬੂਤ ਉਮੀਦਵਾਰ ਹੈ ਪਰ ਕੈਪਟਨ ਦੀ ਚੱਲੀ ਤਾਂ ਚੌਧਰੀ ਜਾਂ ਦੂਲੋ ਦਾ ਭਲਾ ਹੋ ਸਕਦਾ ਹੈ।

## ਪ੍ਰਧਾਨ ਮੰਤਰੀ ਉੱਤੇ ਅੰਮ੍ਰਿਤਸਰ ਤੋਂ ਚੋਣ ਲੜਨ ਲਈ ਦਬਾਅ



ਅੰਮ੍ਰਿਤਸਰ– ਪੰਜਾਬ ਵਿਚ ਕਾਂਗਰਸ ਹਾਈ ਕਮਾਨ ਅਜਿਹੀ ਰਾਜਨੀਤੀ ਤਿਆਰ ਕਰਨ ਜਾ ਰਹੀ ਹੈ, ਜਿਸ ਵਿਚ ਪ੍ਰਦੇਸ਼ ਦੀਆਂ 13 ਸੀਟਾਂ ਪੰਜੇ ਦੇ ਖਾਤੇ ਵਿਚ ਆ ਸਕਣ। ਇਸ ਦੇ ਲਈ ਕਾਂਗਰਸ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਥਾਨਕ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਉਣ ਦੀ ਚਾਹਵਾਨ ਹੈ, ਤਾਂ ਜੋ ਉਹਨਾਂ ਦੇ ਸਾਫ ਸੁਥਰੇ ਅਕਸ ਦਾ ਲਾਭ ਲੈ ਕੇ ਪੂਰੇ ਰਾਜ ਦੀ ਚੋਣ ਜਿੱਤੀ ਜਾ ਸਕੇ। ਪਰ ਅੰਮ੍ਰਿਤਸਰ ਸੀਟ ਤੋਂ ਚੋਣ ਲੜਨ ਦਾ ਫੈਸਲਾ ਮਨਮੋਹਨ ਸਿੰਘ ਅਤੇ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਉਤੇ ਨਿਰਭਰ ਕਰਦਾ ਹੈ।ਕਾਂਗਰਸ ਦੇ ਭਰੋਸੇਯੋਗ ਸੂਤਰਾਂ ਮੁਤਾਬਕ ਕਾਂਗਰਸ ਹਾਈ ਕਮਾਨ ਦੇ ਜ਼ਿਆਦਾਤਰ ਲੀਡਰਾਂ ਵੱਲੋਂ ਪਾਰਟੀ ਉਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਉਹਨਾਂ ਦੇ ਸ਼ਹਿਰ ਤੋਂ ਚੋਣ ਲੜਵਾਈ ਜਾਵੇ, ਕਿਉਂਕਿ ਇਸ ਨਾਲ ਕਾਂਗਰਸ ਨੂੰ ਰਾਜ ਦੀਆਂ ਦੂਜੀਆਂ ਸੀਟਾਂ ’ਤੇ ਵੀ ਫਾਇਦਾ ਮਿਲਣ ਦੀ ਸੰਭਾਵਨਾ ਹੈ। ਡਾ. ਮਨਮੋਹਨ ਸਿੰਘ ਪਹਿਲੇ ਸਿੱਖ ਹਨ, ਜਿਹਨਾਂ ਨੂੰ ਪ੍ਰਧਾਨ ਮੰਤਰੀ ਬਣਨ ਦਾ ਮਾਣ ਹਾਸਲ ਹੈ। ਹਾਈ ਕਮਾਨ ਦੇ ਕੁਝ ਲੀਡਰ ਉਹਨਾਂ ਦੇ ਅਕਸ ਨੂੰ ਰਾਜ ਵਿਚ ਇਸਤੇਮਾਲ ਕਰਕੇ ਅਕਾਲੀ ਦਲ ਬਾਦਲ ਨੂੰ ਚਾਰੇ ਖਾਨੇ ਚਿੱਤ ਕਰਨਾ ਚਾਹੁੰਦੇ ਹਨ, ਕਿਉਂਕਿ ਅਕਾਲੀ ਦਲ ਹਮੇਸ਼ਾ ਕਾਂਗਰਸ ਨੂੰ ਸਿੱਖਾਂ ਦੀ ਦੁਸ਼ਮਣ ਜਮਾਤ ਦੱਸ ਕੇ ਇਸਦਾ ਚੋਣਾਂ ਵਿਚ ਫਾਇਦਾ ਲੈਂਦਾ ਰਿਹਾ ਹੈ। ਜੇਕਰ ਮਨਮੋਹਨ ਸਿੰਘ ਇੱਥੋਂ ਚੋਣ ਲੜਨ ਲਈ ਤਿਆਰ ਹੋ ਜਾਂਦੇ ਹਨ ਤਾਂ ਸਿੱਖ ਉਹਨਾਂ ਨੂੰ ਕਦੀ ਵੀ ਹਾਰਿਆ ਹੋਇਆ ਨਹੀਂ ਦੇਖਣਾ ਚਾਹੁਣਗੇ। ਪਾਰਟੀ ਪੱਧਰ ਤੋਂ ਉਪਰ ਉੱਠ ਕੇ ਉਹਨਾਂ ਨੂੰ ਵੋਟ ਮਿਲੇਗੀ। ਇਸ ਕਰਕੇ ਰਾਜ ਦੇ ਸਾਰੇ ਕਾਂਗਰਸੀ ਵੀ ਉਹਨਾਂ ਦੇ ਨਾਂ ਉਤੇ ਸਹਿਮਤੀ ਜਾਹਿਰ ਕਰ ਚੁੱਕੇ ਹਨ।ਕਾਂਗਰਸ ਦੀ ਟਿਕਟ ਦੇ ਲਈ ਹਾਈ ਕਮਾਨ ਵੱਲੋਂ ਭੇਜੇ ਆਬਜਰਵਰ ਨੇ ਹਲਕਾ ਅੰਮ੍ਰਿਤਸਰ ਲੋਕ ਸਭਾ ਤੋਂ ਵਿਧਾਇਕ ਓਮਪ੍ਰਕਾਸ਼ ਸੋਨੀ, ਵਿਧਾਇਕ ਸੁਖਵਿੰਦਰ ਸਿੰਘ ਸੁਖ ਸਰਕਾਰੀਆ ਅਤੇ ਸਾਬਕਾ ਵਿਧਾਇਕ ਇਕਬਾਲ ਸਿੰਘ ਦੇ ਨਾਂ ਵੀ ਭੇਜੇ ਹਨ। ਸੋਨੀ ਦਾ ਸਮਰਥਕ ਸਾਬਕਾ ਵਿਧਾਇਕ ਠੇਕੇਦਾਰ ਹਰਜਿੰਦਰ ਸਿੰਘ ਅਤੇ ਜੁਗਲ ਕਿਸ਼ੋਰ ਕਰ ਰਹੇ ਹਨ। ਜਦਕਿ ਸੁੱਖ ਸਰਕਾਰੀਆ ਦੇ ਸਮਰਥਨ ਵਿਚ ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ ਅਤੇ ਹਰਪ੍ਰਤਾਪ ਸਿੰਘ ਅਰਨਾਲਾ ਜ਼ੋਰ ਅਜ਼ਮਾਇਸ਼ ਕਰ ਰਹੇ ਹਨ। ਟਿਕਟ ਦੇ ਲਈ ਸੋਨੀ ਅਤੇ ਸਖ ਸਰਕਾਰੀਆ ਸਖਤ ਟੱਕਰ ਦੇ ਰਹੇ ਹਨ। ਬਾਹਰਲਾ ਵਿਅਕਤੀ ਹੋਣ ਦੇ ਕਾਰਨ ਇਕਬਾਲ ਸਿੰਘ ਇਸ ਦੌੜ ਵਿਚ ਪੱਛੜਦੇ ਦਿਖਈ ਦੇ ਰਹੇ ਹਨ। ਇਹਨਾਂ ਲੀਡਰਾਂ ਨੇ ਪਿਛਲੇ ਕਈ ਦਿਨਾਂ ਤੋਂ ਦਿੱਲੀ ਵਿਚ ਡੇਰੇ ਪਾਏ ਹੋਏ ਸਨ, ਜੋ ਹੋਲੀ ਕਾਰਨ ਚੁੱਕ ਲਏ ਹਨ ਅਤੇ ਹੋਲੀ ਤੋਂ ਬਾਅਦ ਫਿਰ ਦੁਬਾਰਾ ਡੇਰੇ ਲਗਾ ਲੈਣ ਦੀ ਸੰਭਾਵਨਾ ਹੈ।

# ਜ਼ੈਦੀ ਨੂੰ ਰਿਹਾਅ ਕਰਨ ਦੀ ਅਪੀਲ

ਬਗਦਾਦ-ਇਰਾਕ ਦੇ ਇਕ ਸ਼ੀਆ ਧਰਮ ਗੁਰੂ ਨੇ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ’ਤੇ ਜੁੱਤੀ ਸੁੱਟਣ ਵਾਲੇ ਇਰਾਕੀ ਪੱਤਰਕਾਰ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ ਹੈ। ਬੁਸ਼ ’ਤੇ ਜੁੱਤੀ ਚਲਾਉਣ ਵਾਲੇ ਪੱਤਰਕਾਰ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਸ਼ੇਖ ਸੁਹੈਲ ਅਲ-ਇਕਾਬੀ ਨੇ ਕਿਹਾ ਕਿ ਪੱਤਰਕਾਰ ਮੁਤੰਦਰ ਅਲ ਜ਼ੈਦੀ ਨੂੰ ਸਜ਼ਾ ਦੇਣਾ, ਇਰਾਕੀ ਜਨਤਾ ਨੂੰ ਸਜ਼ਾ ਦੇਣਾ ਹੈ, ਜਿਨ੍ਹਾਂ ਨੇ ਅਮਰੀਕੀ ਕਬਜ਼ੇ ਨੂੰ ਨਕਾਰ ਦਿੱਤਾ। ਅਲ ਇਕਾਬੀ ਅਮਰੀਕਾ ਵਿਰੋਧੀ ਧਰਮ ਗੁਰੂ ਮੁਕਦਾ ਅਲ ਸਦਰ ਦੇ ਅਨੁਯਾਈ ਹਨ। ਬਗਦਾਦ ਦੇ ਸਦਰ ਸਿਟੀ ਵਿਚ ਇਕਾਬੀ ਇਕ ਧਾਰਮਿਕ ਬਿਆਨ ਦੇ ਰਹੇ ਸਨ। ਸਦਰ ਸਿਟੀ ਸ਼ੀਆ ਬਹੁਗਿਣਤੀ ਇਲਾਕਾ ਹੈ।

# ਅਮਰੀਕਾ ਨੇ ਜ਼ਾਹਿਰ ਕੀਤੀ ਪਾਕਿਸਤਾਨ ਪ੍ਰਤੀ ਬੇਵਸਾਹੀ

ਵਾਸ਼ਿੰਗਟਨ- ਅਮਰੀਕੀ ਕਾਂਗਰਸ ਦੇ ਸ਼ਕਤੀਸ਼ਾਲੀ ਲੀਡਰਾਂ ਅਤੇ ਓਬਾਮਾ ਪ੍ਰਸ਼ਾਸਨ ਦੇ ਖ਼ੁਫ਼ੀਆ ਅਧਿਕਾਰੀਆਂ ਨੇ ਪਾਕਿਸਤਾਨ ਦੀ ਉਸਦੇ ਖੇਤਰ ਦੇ ਅੰਦਰ ਅੱਤਵਾਦੀਆਂ ਨਾਲ ਸਫਲਤਾ ਪੂਰਵਕ ਲੜਨ ਦੀ ਸਮਰੱਥਾ ਅਤੇ ਇੱਛਾ ’ਤੇ ਸ਼ੱਕ ਜ਼ਾਹਿਰ ਕੀਤਾ ਹੈ। ਅਮਰੀਕੀ ਕਾਂਗਰਸ ਵਿਚ ਵਰਤਮਾਨ ਅਤੇ ਭਵਿੱਖ ਵਿਚ ਵਿਸ਼ਵ ਦੇ ਖ਼ਤਰਿਆਂ ਦੇ ਬਾਰੇ ਰਿਪੋਰਟ ਪੇਸ਼ ਹੋਣ ਦੇ ਦੌਰਾਨ ਮੈਂਬਰਾਂ ਨੇ ਕਿਹਾ ਕਿ ਪਾਕਿਸਤਾਨ ਦੇ ਇਤਿਹਾਸ ਨੂੰ ਦੇਖਦੇ ਹੋਏ ਉਸਦੀ ਪੂਰੇ ਮਨ ਨਾਲ ਅੱਤਵਾਦੀਆਂ ਦੇ ਖ਼ਿਲਾਫ਼ ਜੰਗ ਛੇੜਨ ਦੀ ਇੱਛਾ ਉੱਤੇ ਸ਼ੱਕ ਹੈ। ਕਾਂਗਰਸ ਦੇ ਮੈਂਬਰਾਂ ਨੇ ਇਹ ਵੀ ਕਿਹਾ ਕਿ ਲਸ਼ਕਰੇ ਤੋਇਬਾ ਵਰਗੇ ਕਈ ਅੱਤਵਾਦੀ ਸੰਗਠਨਾਂ ਨੂੰ ਪਾਕਿਸਤਾਨ ਤੋਂ ਸਮਰਥਨ ਮਿਲਣ ਵਿਚ ਵੀ ਸ਼ੱਕ ਹੈ। ਸੈਨੇਟ ਦੀ ਹਥਿਆਰਬੰਦ ਸੇਵਾਵਾਂ ਦੀ ਕਮੇਟੀ ਦੇ ਸਾਹਮਣੇ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਡੈਨਿਸ ਬਲੇਅਰ ਅਤੇ ਰੱਖਿਆ ਖ਼ੁਫ਼ੀਆ ਏਜੰਸੀਆਂ ਦੇ ਡਾਇਰੈਕਟਰ ਮੇਪਲਸ ਨੇ ਕਿਹਾ ਕਿ ਪਾਕਿਸਤਾਨ ਬੀਤੇ ਇਕ ਸਾਲ ਤੋਂ ਅੱਤਵਾਦੀਆਂ ਦੇ ਖ਼ਿਲਾਫ਼ ਮੁਹਿੰਮ ਛੇੜ ਰਿਹਾ ਹੈ, ਪਰ ਉਸਦੇ ਨਤੀਜੇ ਕੋਈ ਜ਼ਿਆਦਾ ਚੰਗੇ ਨਹੀਂ ਮਿਲੇ।

# ਬੀ. ਡੀ. ਆਰ. ਦੀ ਬਗਾਵਤ ਦੇ ਪਿੱਛੇ ਅੱਤਵਾਦੀ ਤੱਤ !

ਢਾਕਾ- ਬੰਗਲਾਦੇਸ਼ ਵਿਚ ਪਿਛਲੇ ਮਹੀਨੇ ਹੋਈ ਬੰਗਲਾਦੇਸ਼ ਰਾਈਫਸ ਦੀ ਬਗਾਵਤ ਵਿਚ ਮਾਰੇ ਗਏ ਲੋਕਾਂ ਵਿਚੋਂ, ਅੱਤਵਾਦੀਆਂ ਦੇ ਖ਼ਿਲਾਫ਼ ਮੁਹਿੰਮਾਂ ਨਾਲ ਸਬੰਧਤ ਇਕ ਪ੍ਰਮੁੱਖ ਸੈਨਿਕ ਅਧਿਕਾਰੀ ਵੀ ਮਾਰਿਆ ਗਿਆ ਸੀ। ਇਹ ਜਾਣਕਾਰੀ ਵੀਰਵਾਰ ਨੂੰ ਮੀਡੀਆ ਦੀ ਇਕ ਰਿਪੋਰਟ ਵਿਚ ਦਿੱਤੀ ਗਈ।

ਅਖ਼ਬਾਰ ਡੇਲੀ ਸਟਾਰ ਦੇ ਮੁਤਾਬਕ ਇਸ ਵਿਦਰੋਹ ਦੇ ਪਿੱਛੇ ਅੱਤਵਾਦੀਆਂ ਦਾ ਹੱਥ ਹੋ ਸਕਦਾ ਹੈ। ਇਸ ਬਗਾਵਤ ਵਿਚ ਮਾਰੇ ਗਏ ਕਰਨਲ ਗੁਲਜਾਰੂਦੀਨ ਅਹਿਮਦ ਨੂੰ ਇਸਲਾਮੀ ਅੱਤਵਾਦੀਆਂ ਦੇ ਖ਼ਿਲਾਫ਼ ਮੁਹਿੰਮਾਂ ਅਤੇ ਉਹਨਾਂ ਨੂੰ ਲੱਭ ਲੈਣ ਵਿਚ ਮਾਹਿਰ ਮੰਨਿਆ ਜਾਂਦਾ ਸੀ।

ਕੁਝ ਸਰਕਾਰੀ ਅਧਿਕਾਰੀਆਂ ਨੇ ਇਸ ਕਤਲੇਆਮ ਦੇ ਪਿੱਛੇ ਅੱਤਵਾਦੀ ਤੱਤਾਂ ਦਾ ਹੱਥ ਹੋਣ ਵੱਲ ਸੰਕੇਤ ਕੀਤਾ ਹੈ ਪਰ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਉਹਨਾਂ ਨੇ ਆਪਣਾ ਨਾਂ ਜਾਹਿਰ ਨਾ ਕਰਨ ਲਈ ਕਿਹਾ।

# ਪੰਜਾਬ-ਸਿੰਧ ਵਿਚ ਸਿਆਸੀ ਸਭਾਵਾਂ ਉੱਤੇ ਪਾਬੰਦੀ

ਇਸਲਾਮਾਬਾਦ- ਪਾਕਿਸਤਾਨ ਵਿਚ ਅਧਿਕਾਰੀਆਂ ਨੇ ਪੰਜਾਬ ਅਤੇ ਸਿੰਧ ਰਾਜ ਵਿਚ ਰਾਜਨੀਤਿਕ ਸਭਾਵਾਂ ਉੱਤੇ ਪਾਬੰਦੀ ਲਗਾ ਦਿੱਤੀ ਹੈ। ਇਹ ਐਲਾਨ ਉਥੇ ਵਿਰੋਧੀ ਦਲਾਂ ਅਤੇ ਵਕੀਲਾਂ ਦੀਆਂ ਪ੍ਰਸਤਾਵਿਤ ਰੈਲੀਆਂ ਤੋਂ ਐਨ ਪਹਿਲਾਂ ਕੀਤਾ ਹੈ। ਪਾਕਿਸਤਾਨ ਵਿਚ ਵਿਰੋਧੀ ਧਿਰਾਂ ਅਤੇ ਸਰਕਾਰ ਤੋਂ ਨਰਾਜ਼ ਵਕੀਲਾਂ ਨੇ ਵੀਰਵਾਰ 12 ਮਾਰਚ ਨੂੰ ਵੱਖ ਵੱਖ ਸ਼ਹਿਰਾਂ ਵਿਚ ਰੈਲੀਆਂ ਕਰਕੇ ਇਸਲਾਮਾਬਾਦ ਵੱਲ ਕੂਚ ਕਰਨ ਦਾ ਐਲਾਨ ਕੀਤਾ ਹੋਇਆ ਹੈ। ਪਾਕਿਸਤਾਨ ਵਿਚ ਵਿਰੋਧੀ ਧਿਰ ਅਤੇ ਵਕੀਲਾਂ ਦਾ ਵਿਰੋਧ ਪਿਛਲੇ ਮਹੀਨੇ ਆਏ ਸੁਪਰੀਮ ਕੋਰਟ ਦੇ ਉਸ ਫੈਸਲੇ ਨਾਲ ਜੁੜਿਆ ਹੈ, ਜਿਸ ਵਿਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਤੇ ਉਹਨਾਂ ਦੇ ਭਰਾ ਦੇ ਖ਼ਿਲਾਫ਼ ਫੈਸਲਾ ਸੁਣਾਇਆ ਸੀ। ਅਦਾਲਤ ਨੇ ਨਵਾਜ਼ ਸਰੀਫ ਅਤੇ ਪੰਜਾਬ ਰਾਜ ਦੇ ਮੁੱਖ ਮੰਤਰੀ ਅਤੇ ਉਹਨਾਂ ਦੇ ਭਰਾ ਸ਼ਹਿਬਾਜ਼ ਸ਼ਰੀਫ ਦੇ ਖ਼ਿਲਾਫ਼ ਕਿਸੇ ਵੀ ਚੁਣੇ ਹੋਏ ਅਹੁਦੇ ਉੱਤੇ ਬੈਠਣ ਦੀ ਪਾਬੰਦੀ ਲਗਾ ਦਿੱਤੀ।

# ਸਮੁੰਦਰੀ ਖੇਤਰ ਵਿਚ ਤਣਾਅ ਘਟਾਉਣਗੇ ਅਮਰੀਕਾ-ਚੀਨ




ਵਾਸ਼ਿੰਗਟਨ- ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਹੈ ਕਿ ਅਮਰੀਕਾ ਅਤੇ ਚੀਨ ਆਪਣੇ ਵਿਚਕਾਰ ਤਣਾਅ ਨੂੰ ਘੱਟ ਕਰਨ ਅਤੇ ਦੱਖਣੀ ਚੀਨ ਸਾਗਰ ਵਿਚ ਅਮਰੀਕੀ ਅਤੇ ਚੀਨੀ ਜਹਾਜ਼ਾਂ ਵਿਚਕਾਰ ਟਕਰਾਅ ਦੀ ਸਥਿਤੀ ਤੋਂ ਬਚਣ ਦੀ ਦਿਸ਼ਾ ਵਿਚ ਕੰਮ ਕਰਨ ਉਤੇ ਰਾਜ਼ੀ ਹੋ ਗਏ ਹਨ।

ਹਿਲੇਰੀ ਨੇ ਦੱਸਿਆ ਕਿ ਉਹ ਅਤੇ ਚੀਨੀ ਵਿਦੇਸ਼ ਮੰਤਰੀ ਯਾਂਗ ਜੀ. ਏ. ਚੀ. ਇਸ ਗੱਲ ਉਤੇ ਰਾਜ਼ੀ ਹੋਏ ਹਨ ਕਿ ਭਵਿੱਖ ਵਿਚ ਇਸ ਕਿਸਮ ਦੀ ਸਥਿਤੀ ਤੋਂ ਬਚਿਆ ਜਾਵੇ।

ਵਿਦੇਸ਼ ਮੰਤਰਾਲੇ ਵਿਚ ਯਾਂਗ ਦੇ ਨਾਲ ਬੈਠਕ ਤੋਂ ਬਾਅਦ ਹਿਲੇਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ ਦੋਵੇਂ ਇਸ ਗੱਲ ਉਤੇ ਰਾਜ਼ੀ ਹਾਂ ਕਿ ਸਾਨੂੰ ਇਹ ਯਕੀਨੀ ਕਰਨ ਦੇ ਲਈ ਕੰਮ ਕਰਨਾ ਚਾਹੀਦਾ ਹੈ ਕਿ ਇਸ ਕਿਸਮ ਦੀਆਂ ਘਟਨਾਵਾਂ ਭਵਿੱਖ ਵਿਚ ਦੁਬਾਰਾ ਨਾ ਹੋਣ। ਉਹਨਾਂ ਦਾ ਬਿਆਨ ਇਸ ਗੱਲ ਦਾ ਸੰਕੇਤ ਹੈ ਕਿ ਦੋਵੇਂ ਦੇਸ਼ਾਂ ਦੇ ਵਿਚਕਾਰ ਹੁਣ ਜੋ ਸਥਿਤੀ ਹੈ, ਉਹ ਆਮ ਨਹੀਂ ਹੈ।

# ਘੱਟ ਗਿਣਤੀ ਨੌਜਵਾਨ ਦੀ ਹੱਤਿਆ, ਜ਼ਰਦਾਰੀ ਨੇ ਮੰਗੀ ਰਿਪੋਰਟ

ਇਸਲਾਮਾਬਾਦ- ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿਚ ਘੱਟ ਗਿਣਤੀ ਹਿੰਦੂ ਭਾਈਚਾਰੇ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਰੀਬ ਇਕ ਮਹੀਨਾ ਪਹਿਲਾਂ ਪਰਿਵਾਰ ਸਮੇਤ ਅਗਵਾ ਕਰ ਲਏ ਗਏ ਹਿੰਦੂ ਨੌਜਵਾਨ ਦੀ ਲਾਸ਼ ਮੰਗਲਵਾਰ ਨੂੰ ਇਕ ਰੇਲਵੇ ਟ੍ਰੈਕ ’ਤੇ ਪਾਈ ਗਈ। ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਘਟਨਾ ਦੀ ਨਿੰਦਾ ਕਰਦੇ ਹੋਏ ਰਾਜ ਸਰਕਾਰ ਤੋਂ ਰਿਪੋਰਟ ਮੰਗੀ ਹੈ। ਸਿੰਧ ਦੇ ਸੁਕਰ ਇਲਾਕੇ ਦੇ ਇਕ ਪਿੰਡ ਵਿਚ ਰਹਿਣ ਵਾਲੇ ਇਸ ਨੌਜਵਾਨ ਦੇ ਪਰਿਵਾਰ ਦੇ ਹੋਰ ਲੋਕਾਂ ਦਾ ਹਾਲੇ ਕੁਝ ਵੀ ਪਤਾ ਨਹੀਂ ਲੱਗ ਸਕਿਆ ਹੈ। ਅਗਵਾਕਾਰਾਂ ਨੇ ਮੰਗਲਵਾਰ ਨੂੰ ਨੌਜਵਾਨ ਦੇ ਪਰਿਵਾਰ ਵਾਲਿਆਂ ਨੂੰ ਉਹਨਾਂ ਦੀ ਲਾਸ਼ ਸਾਂਗੀ ਰੇਲਵੇ ਸਟੇਸ਼ਨ ਦੇ ਨੇੜੇ ਪਏ ਹੋਣ ਦੀ ਸੂਚਨਾ ਦਿੱਤੀ। ਇਰਾਨ ਦੀ ਦੋ ਦਿਨਾ ਯਾਤਰਾ ’ਤੇ ਗਏ ਰਾਸ਼ਟਰਪਤੀ ਜ਼ਰਦਾਰੀ ਨੇ ਹੋਲੀ ਤੋਂ ਇਕ ਦਿਨ ਪਹਿਲਾਂ ਹਿੰਦੂ ਨੌਜਵਾਨ ਦੀ ਹੱਤਿਆ ਦੀ ਨਿੰਦਾ ਕਰਦੇ ਹੋਏ ਹਤਿਆਰਿਆਂ ਨੂੰ ਗ੍ਰਿਫ਼ਤਾਰ ਕਰਕੇ ਸਜ਼ਾ ਦੇਣ ਲਈ ਕਿਹਾ ਹੈ। ਜ਼ਰਦਾਰੀ ਨੇ ਨਿਰਦੇਸ਼ ਦਿੱਤੇ ਹਨ ਕਿ ਨੌਜਵਾਨ ਦੇ ਅਗਵਾ ਕੀਤੇ ਪਰਿਵਾਰ ਵਾਲਿਆਂ ਦੀ ਜਲਦੀ ਤੋਂ ਜਲਦੀ ਭਾਲ ਕੀਤੀ ਜਾਵੇ। ਜ਼ਰਦਾਰੀ ਨੇ ਨੌਜਵਾਨ ਦੇ ਪਰਿਵਾਰ ਦੇ ਪ੍ਰਤੀ ਹਮਦਰਦੀ ਜ਼ਾਹਿਰ ਕਰਦੇ ਹੋਏ ਘੱਟ ਗਿਣਤੀ ਭਾਈਚਾਰੇ ਦੇ ਸਾਂਸਦ ਰਮੇਸ਼ ਲਾਲ ਨੂੰ ਨੌਜਵਾਨ ਦੇ ਪਰਿਵਾਰ ਵਾਲਿਆਂ ਨਾਲ ਮੁਲਾਕਾਤ ਕਰਨ ਲਈ ਕਿਹਾ ਹੈ।



# ਐਟਮੀ ਕਰਾਰ ਉੱਤੇ ਅਮਰੀਕਾ ਦਾ ਭਾਰਤ ਨੂੰ ਭਰੋਸਾ

ਵਾਸ਼ਿੰਗਟਨ- ਓਬਾਮਾ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਭਾਰਤ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਤਿਹਾਸਕ ਭਾਰਤ-ਅਮਰੀਕਾ ਪਰਮਾਣੂ ਸਮਝੌਤੇ ਤੇ ਅੱਗੇ ਵਧੇਗਾ। ਇਸ ਸਮਝੌਤੇ ਉੱਤੇ ਜਾਰਜ ਬੁਸ਼ ਦੇ ਕਾਰਜਕਾਲ ਵਿਚ ਦਸਤਖ਼ਤ ਕੀਤੇ ਗਏ ਸਨ।

ਅਮਰੀਕਾ ਨੇ ਕਿਹਾ ਹੈ ਕਿ ਦੋਵੇਂ ਦੇਸ਼ਾਂ ਨੂੰ ਅੱਤਵਾਦ ਨਾਲ ਲੜਨ ਅਤੇ ਜਲਵਾਯੂ ਤਬਦੀਲੀ ਵਰਗੇ ਅੰਤਰ ਰਾਸ਼ਟਰੀ ਮੁੱਦਿਆਂ ’ਤੇ ਸਹਿਯੋਗ ਕਰਨ ਦੀ ਜ਼ਰੂਰਤ ਹੈ।

ਅਮਰੀਕੀ ਵਿਦੇਸ਼ ਵਿਭਾਗ ਦੇ ਪ੍ਰਮੁੱਖ ਅਧਿਕਾਰੀਆਂ ਨੇ ਵਿਦੇਸ਼ ਸਕੱਤਰ ਸ਼ਿਵ ਸ਼ੰਕਰ ਮੈਨਨ ਨੂੰ ਉਕਤ ਭਰੋਸਾ ਦਿੱਤਾ ਹੈ। ਮੈਨਨ ਚਾਰ ਦਿਨਾਂ ਦੀ ਅਮਰੀਕਾ ਯਾਤਰਾ ਉੱਤੇ ਹਨ। ਮੈਨਨ ਨੇ ਸੋਮਵਾਰ ਨੂੰ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨਾਲ ਮੁਲਾਕਾਤ ਕੀਤੀ ਅਤੇ ਪਰਮਾਣੂ ਸਮਝੌਤਾ, ਅੱਤਵਾਦ ਦੇ ਖਿਲਾਫ ਜੰਗ ਵਿਚ ਸਹਿਯੋਗ, ਦੁਵੱਲੇ ਮੁੱਦਿਆਂ, ਸ੍ਰੀਲੰਕਾਈ ਸੰਘਰਸ਼ ਅਤੇ ਅਫ਼ਗਾਨਿਸਤਾਨ ਵਿਚ ਸਥਿਤੀ ’ਤੇ ਕਾਬੂ ਪਾਉਣ ਦੇ ਉਪਾਵਾਂ ਸਮੇਤ ਵੱਖ ਵੱਖ ਮੁੱਦਿਆਂ ’ਤੇ ਚਰਚਾ ਕੀਤੀ।

ਰਾਜਨੀਤਿਕ ਮਾਮਲਿਆਂ ਦੇ ਉਪ ਮੰਤਰੀ ਨਿਕੋਲਸ ਬਰਨਸ ਦੇ ਨਾਲ ਅੱਜ ਹੋਈ ਗੱਲਬਾਤ ਦੇ ਦੌਰਾਨ ਮੈਨਨ ਨੇ ਗੈਰ ਫੌਜੀ ਪਰਮਾਣੂ ਸਮਝੌਤਾ ਅਤੇ ਹੋਰ ਦੁਵੱਲੇ ਮੁੱਦਿਆਂ ’ਤੇ ਚਰਚਾ ਕੀਤੀ। ਹਿਲੇਰੀ ਨੇ ਮੈਨਨ ਨੂੰ ਦੱਸਿਆ ਕਿ ਦੋਵੇਂ ਦੇਸ਼ਾਂ ਨੂੰ ਦੁਵੱਲੇ ਅਤੇ ਅੰਤਰ ਰਾਸ਼ਟਰੀ ਮੁੱਦਿਆਂ ’ਤੇ ਸਹਿਯੋਗ ਵਧਾਉਣ ਦੀ ਜ਼ਰੂਰਤ ਹੈ, ਜਿਨ੍ਹਾਂ ਵਿਚ ਜਲਵਾਯੂ ਤਬਦੀਲੀ ਅਤੇ ਅੱਤਵਾਦ ਦੇ ਖਿਲਾਫ ਲੜਾਈ ਦਾ ਮੁੱਦਾ ਸ਼ਾਮਲ ਹੈ।

# ਇਰਾਨ ਨਾਲ ਕਰਾਰ ਨੂੰ ਠੰਡੇ ਬਸਤੇ ਵਿਚ ਪਾ ਸਕਦਾ ਹੈ ਰੂਸ

ਮਾਸਕੋ- ਅਮਰੀਕਾ ਅਤੇ ਰੂਸ ਦੇ ਆਪਸੀ ਰਿਸ਼ਤਿਆਂ ਨੂੰ ਬਿਹਤਰ ਬਣਾਉਣ ਦੇ ਸੰਕੇਤਾਂ ਤੋਂ ਬਾਅਦ ਮਾਸਕੋ ਇਰਾਨ ਦੇ ਨਾਲ ਹਵਾਈ ਰੱਖਿਆ ਪ੍ਰਣਾਲੀ ਐਸ-300 ਦੀ ਸਪਲਾਈ ਦੇ ਲਈ ਹੋਏ ਕਰਾਰ ਨੂੰ ਫਿਲਹਾਲ ਠੰਡੇ ਬਸਤੇ ਵਿਚ ਪਾ ਸਕਦਾ ਹੈ।

ਰੂਸ ਦੇ ਉੱਚ ਰੱਖਿਆ ਸੂਤਰਾਂ ਦੇ ਹਵਾਲੇ ਨਾਲ ਮੰਗਲਵਾਰ ਨੂੰ ਖ਼ਬਰ ਆਈ ਹੈ ਕਿ ਇਸ ਕਰਾਰ ਨੂੰ ਰੋਕਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸਦਾ ਫੈਸਲਾ ਰਾਜਨੀਤਿਕ ਪੱਧਰ ’ਤੇ ਲਿਆ ਜਾਣਾ ਹੈ। ਇਰਾਨ ਦੇ ਨਾਲ ਇਹ ਸਮਝੌਤਾ 2005 ਵਿਚ ਹੋਇਆ ਸੀ ਪਰ ਹੁਣ ਤੱਕ ਇਸ ਨੂੰ ਲਾਗੂ ਨਹੀਂ ਕੀਤਾ ਗਿਆ ਹੈ। ਹਾਲਾਂਕਿ ਇਸ ਸਬੰਧ ਵਿਚ ਰੂਸੀ ਅਧਿਕਾਰੀਆਂ ਦੀ ਪ੍ਰਤੀਕਿਰਿਆ ਨਹੀਂ ਲਈ ਜਾ ਸਕੀ।

ਅਮਰੀਕਾ ਅਤੇ ਰੂਸ ਨੇ ਪਿਛਲੇ ਹਫਤੇ ਆਪਣੇ ਸੰਬੰਧਾਂ ਵਿਚ ਗਰਮਾਹਟ ਲਿਆਉਣ ਦੇ ਸੰਕੇਤ ਦਿੱਤੇ ਸਨ, ਜਦੋਂ ਦੋਵੇਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਇਰਾਨ, ਅਫ਼ਗਾਨਿਸਤਾਨ ਅਤੇ ਉੱਤਰੀ ਕੋਰੀਆ ਦੇ ਮੁੱਦੇ ’ਤੇ ਸਾਂਝੀ ਰਣਨੀਤੀ ਬਣਾਉਣ ’ਤੇ ਸਹਿਮਤੀ ਜ਼ਾਹਿਰ ਕੀਤੀ ਸੀ।

ਵਰਣਨਯੋਗ ਹੈ ਕਿ ਰੂਸ ਅਤੇ ਇਰਾਨ ਵਿਚਕਾਰ ਐਸ-300 ਦੀ ਸਪਲਾਈ ਦੇ ਲਈ ਹੋਏ ਸਮਝੌਤੇ ਤੋਂ ਅਮਰੀਕਾ ਅਤੇ ਪੱਛਮੀ ਏਸ਼ੀਆ ਵਿਚ ਉਸਦੇ ਨੇੜਲੇ ਸਹਿਯੋਗੀ ਇਜ਼ਰਾਈਲ ਨੇ ਨਰਾਜ਼ਗੀ ਜ਼ਾਹਿਰ ਕੀਤੀ ਸੀ।

# ਪਾਕਿਸਤਾਨ ਵਿਚ ਫਿਰ ਦੁਬਾਰਾ ਰਾਜ ਪਲਟੇ ਦੇ ਆਸਾਰ ਵਧੇ

ਇਸਲਾਮਾਬਾਦ- ਪਾਕਿਸਤਾਨ ਵਿਚ ਇਕ ਵਾਰ ਫਿਰ ਰਾਜਨੀਤਿਕ ਸੰਕਟ ਡੂੰਘਾ ਹੋ ਗਿਆ ਹੈ। ਸੂਤਰਾਂ ਦੇ ਮੁਤਾਬਕ ਉਥੇ ਸੱਤਾ ਪਲਟੇ ਦੀ ਸੰਭਾਵਨਾ ਪ੍ਰਬੱਲ ਹੋ ਗਈ ਹੈ। ਸਰਕਾਰ ਨੇ ਜਿੱਥੇ ਇਕ ਪਾਸੇ ਨਵਾਜ਼ ਸ਼ਰੀਫ ਅਤੇ ਉਹਨਾਂ ਦੇ ਭਰਾ ਸ਼ਹਿਬਾਜ਼ ਸ਼ਰੀਫ ਦੀ ਨਜ਼ਰਬੰਦੀ ਦੇ ਆਦੇਸ਼ ਦੇ ਦਿੱਤੇ ਹਨ, ਉਥੇ ਹੀ ਦੂਜੇ ਪਾਸੇ ਰਾਸ਼ਟਰਪਤੀ ਜ਼ਰਦਾਰੀ ਨੂੰ ਦੇਸ਼ ਵਿਚ ਨਾ ਆਉਣ ਦੀ ਚਿਤਾਵਨੀ ਦੇ ਦਿੱਤੀ ਗਈ ਹੈ। ਦੂਜੇ ਪਾਸੇ ਪਾਕਿਸਤਾਨ ਦੇ ਇਕ ਨਿਊਜ਼ ਚੈਨਲ ਦੇ ਮੁਤਾਬਕ ਪਾਕਿਸਤਾਨ ਦੇ ਪੰਜਾਬ ਅਤੇ ਸਿੰਧ ਰਾਜ ਵਿਚ ਬੁੱਧਵਾਰ ਨੂੰ ਅਚਾਨਕ ਰਾਜਨੀਤਿਕ ਸਭਾਵਾਂ ਉੱਤੇ ਰੋਕ ਲਗਾ ਦਿੱਤੀ ਗਈ ਹੈ ਅਤੇ ਕਈ ਸਿਆਸੀ ਲੋਕਾਂ ਦੀ ਗ੍ਰਿਫ਼ਤਾਰੀ ਦੇ ਆਦੇਸ਼ ਦੇ ਦਿੱਤੇ ਗਏ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਮੁਤਾਬਕ ਪਾਕਿ ਦੇ ਫੌਜ ਮੁਖੀ ਜਨਰਲ ਕਿਆਨੀ ਨੇ ਪ੍ਰਧਾਨ ਮੰਤਰੀ ਗਿਲਾਨੀ ਨਾਲ ਮੁਲਾਕਾਤ ਕੀਤੀ ਹੈ।

# ਸਕਾਟਲੈਂਡਯਾਰਡ ਅਤੇ ਐਫ. ਬੀ. ਆਈ. ਟੀਮਾਂ ਢਾਕਾ ਪਹੁੰਚੀਆਂ

ਢਾਕਾ- ਪਿਛਲੇ ਮਹੀਨੇ ਬੰਗਲਾਦੇਸ਼ ਵਿਚ ਸੁਰੱਖਿਆ ਬਲਾਂ ਦੇ ਵਿਦਰੋਹ ਦੀ ਜਾਂਚ ਕਰਨ ਦੇ ਲਈ ਹੁਣ ਬ੍ਰਿਟਿਸ਼ ਪੁਲਿਸ ਜਾਂਚ ਏਜੰਸੀ ਸਕਾਟਲੈਂਡਯਾਰਡ ਦੀ ਇਕ ਟੀਮ ਉਥੇ ਗਈ ਹੈ।

ਅਮਰੀਕੀ ਕੇਂਦਰੀ ਜਾਂਚ ਏਜੰਸੀ ਐਫ. ਬੀ. ਆਈ. ਦੀ ਇਕ ਟੀਮ ਪਹਿਲਾਂ ਤੋਂ ਹੀ ਢਾਕਾ ਵਿਚ ਹੈ। ਬੰਗਲਾਦੇਸ਼ ਦੀ ਅਪਰਾਧਿਕ ਜਾਂਚ ਬਰਾਂਚ ਸੀ. ਆਈ. ਏ. ਨੇ ਐਫ. ਬੀ. ਆਈ. ਤੋਂ ਜਾਂਚ ਵਿਚ ਸਹਿਯੋਗ ਮੰਨਿਆ ਹੈ।

ਵਰਣਨਯੋਗ ਹੈ ਕਿ ਪਿਛਲੇ ਮਹੀਨੇ 25-26 ਫਰਵਰੀ ਨੂੰ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿਚ ਬੰਗਲਾਦੇਸ਼ ਰਾਈਫਲਸ ਦੇ ਜਵਾਨਾਂ ਨੇ ਵਿਦਰੋਹ ਕਰ ਦਿੱਤਾ ਸੀ। ਇਸ ਤੋਂ ਬਾਅਦ ਫੌਜ ਅਤੇ ਬੰਗਲਾਦੇਸ਼ ਰਾਈਫਲਸ ਦੇ ਜਵਾਨਾਂ ਵਿਚਕਾਰ ਭਿਆਨਕ ਗੋਲੀਬਾਰੀ ਹੋਈ ਸੀ। ਬੀ. ਡੀ. ਆਰ. ਦੇ ਜਵਾਨਾਂ ਦਾ ਹਥਿਆਰਬੰਦ ਵਿਦਰੋਹ ਢਾਕਾ ਤੋਂ ਬਾਹਰ 12 ਹੋਰ ਸ਼ਹਿਰਾਂ ਵਿਚ ਫੈਲ ਗਿਆ ਸੀ। ਪਹਿਲਾਂ ਕਿਹਾ ਗਿਆ ਸੀ ਕਿ ਇਸ ਵਿਦਰੋਹ ਵਿਚ ਡੇਢ ਸੌ ਲੋਕ ਮਾਰੇ ਗਏ ਹਨ ਪਰ ਬਾਅਦ ਵਿਚ ਅਧਿਕਾਰੀਆਂ ਨੇ ਇਹਨਾਂ ਦੀ ਗਿਣਤੀ ਘਟਾ ਕੇ 74 ਕਰ ਦਿੱਤੀ ਸੀ।

# ਅਫਗਾਨ ਚੋਣਾਂ ਵਿਚ ਸੈਨਿਕ ਸਹਾਇਤਾ ਦੇਵੇਗਾ ਨਾਟੋ

ਬ੍ਰਸੇਲਸ-ਸੈਨਿਕ ਸੰਗਠਨ ਉੱਤਰ ਅਟਲਾਂਟਿਕ ਸੰਧੀ ਸੰਗਠਨ ਦੇ ਜਨਰਲ ਸਕੱਤਰ ਜਨਰਲ ਜਾਪ ਡੀ. ਸ਼ੇਫਰ ਨੇ ਅਫਗਾਨਿਸਤਾਨ ਨੂੰ ਭਰੋਸਾ ਦਿੱਤਾ ਹੈ ਕਿ ਸੰਗਠਨ ਉਥੇ ਹੋਣ ਵਾਲੇ ਆਗਾਮੀ ਚੋਣਾਂ ਵਿਚ ਸੈਨਿਕ ਸਹਾਇਤਾ ਉਪਲਬਧ ਕਰਵਾਉਣ ਦੀ ਤਿਆਰੀ ਕਰ ਰਿਹਾ ਹੈ।

ਨਾਟੋ ਦੇ ਬੁਲਾਰੇ ਜੇਮਸ ਅਪਾਥੁਰਾਈ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸ਼ੇਫਰ ਨੇ ਅਫਗਾਨਿਸਤਾਨ ਦੇ ਰੱਖਿਆ ਮੁਖੀ ਜਨਰਲ ਬਿਸਮਿਲਾਹ ਖਾਨ ਦੇ ਨਾਲ ਇੱਥੇ ਨਾਟੋ ਹੈਡਕੁਆਰਟਰ ਵਿਚ ਬੁੱਧਵਾਰ ਨੂੰ ਹੋਈ ਮੁਲਾਕਾਤ ਵਿਚ ਇਹ ਭਰੋਸਾ ਦਿੱਤਾ।

ਬੁਲਾਰੇ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਹੋਣ ਵਾਲੀਆਂ ਚੋਣਾਂ ਨੂੰ ਨਾਟੋ ਦੇਸ਼ ਦੀ ਲੋਕਤੰਤਰੀ ਤਰੱਕੀ ਦੇ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਅਤੇ ਅਸੀਂ ਇਸ ਵਿਚ ਆਪਣੀ ਭੂਮਿਕਾ ਨਿਭਾਵਾਂਗੇ। ਅਫਗਾਨਿਸਤਾਨ ਵਿਚ ਨਾਟੋ ਦੇ ਅੰਤਰ ਰਾਸ਼ਟਰੀ ਸੁਰੱਖਿਆ ਸਹਾਇਤਾ ਫੌਜ ਦੀ ਮੁਹਿੰਮ ਦੇ ਤਹਿਤ 55,000 ਸੈਨਿਕ ਤਾਇਨਾਤ ਹਨ।

# ਚੀਨੀ ਫੌਜ ਮੁਖੀ ਦਾ ਅਮਰੀਕੀ ਸਮੁੰਦਰੀ ਫੌਜ ’ਤੇ ਦੋਸ਼ !

ਬੀਜਿੰਗ- ਚੀਨ ਦੇ ਫੌਜ ਮੁਖੀ ਦਾ ਮੰਨਣਾ ਹੈ ਕਿ ਚੀਨ ਦੇ ਦੱਖਣੀ ਤਟ ਤੇ ਅਮਰੀਕੀ ਸਮੁੰਦਰੀ ਫੌਜ ਦੇ ਬੇੜੇ ਜਾਸੂਸੀ ਮੁਹਿੰਮ ਉੱਤੇ ਸਨ।

ਇਸ ਤੋਂ ਇਲਾਵਾ ਸਮੁੰਦਰੀ ਬੇੜਿਆਂ ਨੇ ਚੀਨੀ ਬੇੜਿਆਂ ਦੀਆਂ ਕਾਰਵਾਈਆਂ ਦਾ ਬਚਾਅ ਕੀਤਾ। ਪੈਂਟਾਗਨ ਨੇ ਕਿਹਾ ਸੀ ਕਿ ਚੀਨ ਦੇ ਬੇੜਿਆਂ ਨੇ ਅਮਰੀਕੀ ਬੇੜਿਆਂ ਨੂੰ ਨੁਕਸਾਨ ਪਹੁੰਚਾਇਆ। ਚੀਨ ਦੇ ਅੰਗਰੇਜ਼ੀ ਅਖ਼ਬਾਰ ਚਾਈਨਾ ਡੇਲੀ ਦੀ ਰਿਪੋਰਟ ਦੇ ਮੁਤਾਬਕ ਚੀਨੀ ਫੌਜ ਦੇ ਮੁਖੀ ਅਧਿਕਾਰੀਆਂ ਨੇ ਅਮਰੀਕੀ ਜਾਸੂਸਾਂ ਦੀ ਆਲੋਚਨਾ ਕੀਤੀ ਹੈ। ਅਖ਼ਬਾਰ ਨੇ ਵਾਈਸ ਐਡਮਿਰਲ ਚਿਨ ਮਾਓ ਦੇ ਹਵਾਲੇ ਨਾਲ ਲਿਖਿਆ ਹੈ ਕਿ ਬੇੜੇ ਕੀ ਕਰ ਰਹੇ ਸਨ। ਕੋਈ ਵੀ ਆਪਣੀਆਂ ਅੱਖਾਂ ਨਾਲ ਦੇਖ ਸਕਦਾ ਹੈ ਅਤੇ ਸਾਡੀ ਸਮੁੰਦਰੀ ਫੌਜ ਹੋਰ ਵੀ ਸਪਸ਼ਟ ਦੇਖ ਸਕਦੀ ਹੈ।

ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਅਪਰਾਧਿਕ ਰਿਕਾਰਡ ਵਾਲਾ ਵਿਅਕਤੀ ਇਕ ਪਰਿਵਾਰ ਦੇ ਮਕਾਨ ਤੋਂ ਬਾਹਰ ਇੱਧਰ ਉਧਰ ਮੰਡਰਾ ਰਿਹਾ ਹੋਵੇ। ਜਦੋਂ ਪਰਿਵਾਰ ਦਾ ਵਿਅਕਤੀ ਬਾਹਰ ਆ ਕੇ ਮੰਡਰਾ ਰਹੇ ਵਿਅਕਤੀ ਤੋਂ ਪੁੱਛਦਾ ਹੈ ਕਿ ਉਹ ਇੱਥੇ ਕੀ ਕਰ ਰਿਹਾ ਹੈ ਤਾਂ ਵਿਅਕਤੀ ਸ਼ਿਕਾਇਤ ਕਰਦਾ ਹੈ ਕਿ ਮੇਜ਼ਬਾਨ ਨੇ ਉਸਦੇ ਅਧਿਕਾਰਾਂ ਦਾ ਘਾਣ ਕੀਤਾ ਹੈ।

# ਮੌਤ ਨੇੜੇ ਦੇਖ ਕੇ ਡਰ ਗਈ ਜੈਡ ਗੁਡੀ

ਲੰਡਨ- ਕੈਂਸਰ ਪੀੜਤ ਬ੍ਰਿਟੇਨ ਦੀ ਰਿਐਲਟੀ ਟੀ. ਵੀ. ਕਲਾਕਾਰ ਜੈਡ ਗੁਡੀ ਨੂੰ ਦਿਖਾਈ ਦੇਣਾ ਬੰਦ ਹੋ ਗਿਆ ਹੈ ਅਤੇ ਡਾਕਟਰ ਉਹਨਾਂ ਦੀ ਸਮੇਂ ਤੋਂ ਪਹਿਲਾਂ ਮੌਤ ਦੇ ਅੰਦਾਜ਼ੇ ਲਗਾ ਰਹੇ ਹਨ। ਸਨ ਡਾਟ ਕੋ ਡਾਟ ਯੂ. ਕੇ. ਵਿਚ ਪ੍ਰਕਾਸ਼ਿਤ ਰਿਪੋਰਟ ਦੇ ਮੁਤਾਬਕ ਰਿਐਲਟੀ ਸ਼ੋਅ ਬਿਗ ਬ੍ਰਦਰ ਦੀ ਸਾਬਕਾ ਕਲਾਕਾਰ ਇਸ ਗੱਲ ਤੋਂ ਡਰ ਗਈ ਹੈ ਕਿ ਉਹ ਆਪਣੇ ਬੱਚਿਆਂ, ਪੰਜ ਸਾਲ ਦੇ ਬਾਬੀ, ਚਾਰ ਸਾਲ ਦੀ ਫ੍ਰੈਡੀ ਨੂੰ ਦੁਬਾਰਾ ਦੇਖ ਸਕਣ ਦੇ ਸਮਰੱਥ ਨਹੀਂ ਹੋਵੇਗੀ ਅਤੇ ਉਹ ਹੁਣ ਘਰ ਜਾਣਾ ਚਾਹੁੰਦੀ ਹੈ, ਕਿਉਂਕਿ ਉਹ ਹਸਪਤਾਲ ਦੇ ਬਿਸਤਰ ਉੱਤੇ ਦਮ ਤੋੜਨਾ ਨਹੀਂ ਚਾਹੁੰਦੀ। ਗੁਡੀ ਦੇ ਕਰੀਬੀ ਸੂਤਰਾਂ ਨੇ ਦੱਸਿਆ ਕਿ ਉਹ ਘਰ ਜਾਣਾ ਚਾਹੁੰਦੀ ਹੈ ਅਤੇ ਆਪਣੇ ਪਰਿਵਾਰ ਅਤੇ ਦੋਸਤਾਂ ਵਿਚਕਾਰ ਰਹਿਣਾ ਚਾਹੁੰਦੀ ਹੈ। ਗੁਡੀ ਅੱਜ ਆਪਣੇ ਘਰ ਵਾਪਸ ਮੁੜਨ ਦੀ ਉਮੀਦ ਕਰ ਰਹੀ ਹੈ।

# ਸੁਰਿੰਦਰ ਸਿੰਘ ਕੈਰੋਂ ਸਵਰਗਵਾਸ, ਜੱਦੀ ਪਿੰਡ ਸਸਕਾਰ ਕੀਤਾ

ਪੱਟੀ- ਤਰਨਤਾਰਨ ਹਲਕੇ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਲੋਕ ਸਭਾ ਮੈਂਬਰ ਸੁਰਿੰਦਰ ਸਿੰਘ ਕੈਰੋਂ ਜੋ ਬੀਤੇ ਦਿਨੀਂ ਸਵਰਗਵਾਸ ਹੋ ਗਏ ਸਨ ਦਾ ਅੰਤਿਮ ਸਸਕਾਰ ਉਹਨਾਂ ਦੇ ਜੱਦੀ ਪਿੰਡ ਕੈਰੋਂ ਵਿਖੇ ਕਰ ਦਿੱਤਾ ਗਿਆ ਹੈ। ਪਿੰਡ ਕੈਰੋਂ ਵਿਚ ਸਵਰਗੀ ਸੁਰਿੰਦਰ ਸਿੰਘ ਦੇ ਦਾਦਾ ਵੱਲੋਂ ਉਸਾਰਿਆ ਗਿਆ 'ਨੌਂ ਨਿਹਾਲ' ਨਿਵਾਸ ਹਮੇਸ਼ਾ ਸੁੰਨਾ ਪਿਆ ਰਰਹਿੰਦਾ ਹੈ ਪਰ ਪ੍ਰਤਾਪ ਸਿੰਘ ਕੈਰੋਂ ਦੇ ਅੰਤਿਮ ਸਸਕਾਰ ਤੋਂ ਬਾਅਦ ਲੱਗਭੱਗ 40 ਸਾਲਾਂ ਬਾਅਦ ਅੱਜ ਕੈਰੋਂ ਪਰਿਵਾਰ ਦੇ ਰਿਸ਼ਤੇਦਾਰ ਅਤੇ ਪੁੱਤ ਪੋਤਰਿਆਂ ਤੋਂ ਇਲਾਵਾ ਸਮੂਹ ਰਾਜਸੀ ਪਾਰਟੀਆਂ ਦੇ ਕਾਰਕੁੰਨ ਇਸ ਘਰ ਵਿਚ ਪੁੱਜੇ ਹੋਏ ਸਨ। ਸੁਰਿੰਦਰ ਸਿੰਘ ਕੈਰੋਂ ਦੀ ਮ੍ਰਿਤਕ ਦੇਹ ਨੂੰ ਸਵੇਰੇ ਇੱਥੇ ਲਿਆਂਦਾ ਗਿਆ ਸੀ। ਸਿੱਖੀ ਰੀਤੀ ਰਸਮਾਂ ਉਪਰੰਤ ਉਹਨਾਂ ਦਾ ਅੰਤਿਮ ਸਸਕਾਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਪ੍ਰਤਾਪ ਸਿੰਘ ਕੈਰੋਂ ਦੀ ਸਮਾਧ ਦੇ ਬਰਾਬਰ ਕਰ ਦਿੱਤਾ ਗਿਆ।

ਸ੍ਰੀ ਕੈਰੋਂ ਦੇ ਅੰਤਿਮ ਸਸਕਾਰ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਰਣਜੀਤ ਸਿੰਘ ਬ੍ਰਹਮਪੁਰਾ, ਨਿਰਮਲ ਸਿੰਘ ਕਾਹਲੋਂ, ਪ੍ਰੋ. ਵਿਰਸਾ ਸਿੰਘ ਵਲਟੋਹਾ, ਹਰਮੀਤ ਸਿੰਘ ਸੰਧੂ, ਹਰਮਿੰਦਰ ਸਿੰਘ ਗਿੱਲ ਤੋਂ ਇਲਾਵਾ ਵਿਧਾਨ ਸਭਾ ਹਲਕਾ ਪੱਟੀ ਦੇ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਸਨ।

# ਸੰਤ ਦਾਦੂਵਾਲ ਤੇ ਸਾਥੀਆਂ ਨੂੰ 31 ਮਾਰਚ ਤੱਕ ਜੇਲ੍ਹ ਭੇਜਿਆ

ਬਠਿੰਡਾ- ਸੰਤ ਸਮਾਜ ਦੇ ਆਗੂਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਅਤੇ ਸਾਥੀਆਂ ਨੂੰ ਦੋ ਵੱਖ-ਵੱਖ ਅਦਾਲਤਾਂ ਨੇ ਕ੍ਰਮਵਾਰ 25 ਮਾਰਚ ਤੇ 31 ਮਾਰਚ ਤੱਕ ਜੇਲ੍ਹ ਭੇਜ ਦਿੱਤਾ ਹੈ। ਐਸ. ਡੀ. ਐਮ. ਬਠਿੰਡਾ ਦੀ ਅਦਾਲਤ ਵੱਲੋਂ ਸੰਤ ਦਾਦੂਵਾਲ ਅਤੇ ਉਨ੍ਹਾਂ ਦੇ 14 ਸਾਥੀਆਂ ਨੂੰ ਧਾਰਾ 107/151 ਤਹਿਤ 25 ਮਾਰਚ ਤੱਕ ਜੇਲ੍ਹ ਭੇਜ ਦਿੱਤਾ ਹੈ ਜਦੋਂ ਕਿ ਜੈਤੋ ਪੁਲਿਸ ਵੱਲੋਂ ਉਨ੍ਹਾਂ ਦੇ ਪ੍ਰੋਡਕਸ਼ਨ ਵਾਰੰਟ ਲੈ ਕੇ ਗ੍ਰਿਫ਼ਤਾਰੀ ਉਪਰੰਤ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਮਾਣਯੋਗ ਅਦਾਲਤ ਨੇ ਸੰਤ ਦਾਦੂਵਾਲ ਅਤੇ ਉਨ੍ਹਾਂ ਦੇ 8 ਸਾਥੀਆਂ ਨੂੰ ਇਰਾਦਾ ਕਤਲ ਅਤੇ ਅਸਲ੍ਹਾ ਐਕਟ ਅਧੀਨ 31 ਮਾਰਚ ਤੱਕ ਜੇਲ੍ਹ ਭੇਜਣ ਦੇ ਆਦੇਸ਼ ਦਿੱਤੇ। ਬਠਿੰਡਾ ਪੁਲਿਸ ਨੇ ਸੰਤ ਦਾਦੂਵਾਲ ਸਮੇਤ ਕੋਈ 87 ਸਿੰਘਾਂ ਨੂੰ ਬੀਤੀ ਰਾਤ ਤਕਰੀਬਨ 10 ਵਜੇ ਗ੍ਰਿਫ਼ਤਾਰ ਕੀਤਾ ਸੀ ਜਦੋਂ ਉਹ ਫ਼ਰੀਦਕੋਟ ਪੁਲਿਸ ਵੱਲੋਂ ਸਿੰਘਾਂ ਤੇ ਕੀਤੇ ਲਾਠੀਚਾਰਜ ਦੇ ਖਿਲਾਫ਼ ਇਥੋਂ 10 ਕਿਲੋਮੀਟਰ ਦੂਰ ਪਿੰਡ ਕੋਟਸ਼ਮੀਰ ਚੌਕ ਵਿਚ ਸੜਕਾਂ 'ਤੇ ਸ਼ਾਂਤਮਈ ਧਰਨਾ ਦੇਈ ਬੈਠੇ ਸਨ।

ਪੁਲਿਸ ਨੇ ਬਠਿੰਡਾ ਸਦਰ ਸਮੇਤ ਇਨ੍ਹਾਂ ਵਿਰੁੱਧ ਵੱਖ-ਵੱਖ ਥਾਨਿਆਂ ਵਿਚ ਅਮਨ ਭੰਗ ਕਰਨ ਦੇ ਦੋਸ਼ ਹੇਠ ਧਾਰਾ 107/151 ਜ਼ਾਬਤਾ ਫ਼ੌਜਦਾਰੀ ਅਧੀਨ ਕੇਸ ਦਰਜ ਕੀਤੇ ਸਨ। ਬਾਬਾ ਬਲਜੀਤ ਸਿਘ ਤੇ ਇਨ੍ਹਾਂ ਦੇ ਸਾਥੀਆਂ ਨੂੰ ਪੁਲਿਸ ਨੇ ਅਦਾਲਤ ਵਿਚ ਪੇਸ਼ ਕਰਨ ਦੀ ਥਾਂ ਕੇਵਲ ਚਾਲਾਨ ਦੇ ਕਾਗਜ਼ ਹੀ ਪੇਸ਼ ਕੀਤੇ, ਜਿਸ 'ਤੇ ਅਦਾਲਤ ਨੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ। ਇਸ ਮੌਕੇ ਪੰਥਕ ਜਥੇਬੰਦੀਆਂ ਦੇ ਵਰਕਰ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ ਪਰ ਪੁਲਿਸ ਉਨ੍ਹਾਂ ਨੂੰ ਅਦਾਲਤ ਵਿਚ ਲਿਆਉਣ ਦੀ ਥਾਂ ਅਦਾਲਤ ਵੱਲੋਂ ਆਦੇਸ਼ ਜਾਰੀ ਕਰਨ ਦੇ ਬਾਅਦ ਬਠਿੰਡਾ ਜੇਲ੍ਹ ਲੈ ਗਈ। ਸੰਤ ਬਲਜੀਤ ਸਿੰਘ ਦਾਦੂਵਾਲ ਨਾਲ ਪੰਥਕ ਜਥੇਬੰਦੀਆਂ ਦੇ ਜਿਨ੍ਹਾਂ ਆਗੂਆਂ ਨੂੰ ਬਠਿੰਡਾ ਜੇਲ੍ਹ ਭੇਜਿਆ ਗਿਆ ਹੈ। ਉਨ੍ਹਾਂ ਵਿਚ ਏਕਨੂਰ ਖਾਲਸਾ ਫ਼ੌਜ ਦੇ ਪ੍ਰਧਾਨ ਬਲਵਿੰਦਰ ਸਿੰਘ,ਆਦਿ ਸ਼ਾਮਿਲ ਹਨ।

## ਡ੍ਰੋਨ ਹਮਲਾ, ਮਰਨ ਵਾਲਿਆਂ ਦੀ ਗਿਣਤੀ 24 ਹੋਈ

ਇਸਲਾਮਾਬਾਦ- ਅਮਰੀਕੀ ਫੌਜ ਨੇ ਅਫ਼ਗਾਨਿਸਤਾਨ ਸੀਮਾ ਨਾਲ ਲੱਗੇ ਪਾਕਿਸਤਾਨ ਦੇ ਕੁਰਮ ਏਜੰਸੀ ਵਿਚ ਪਾਇਲਟ ਰਹਿਤ ਜਹਾਜ਼ ਡ੍ਰੋਨ ਨਾਲ ਹਮਲੇ ਕੀਤੇ ਹਨ, ਜਿਨ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 24 ਹੋ ਗਈ ਹੈ।

ਸਥਾਨਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲੇ ਵਿਚ ਕਈ ਲੋਕ ਜ਼ਖਮੀ ਹੋਏ ਹਨ। ਇਕ ਸੁਰੱਖਿਆ ਅਧਿਕਾਰੀ ਦਾ ਕਹਿਣਾ ਸੀ ਕਿ ਤਾਲਿਬਾਨੀ ਕੱਟੜਪੰਥੀਆਂ ਨੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ ਅਤੇ ਉਹ ਮਲਬੇ ਤੋਂ ਲਾਸ਼ਾਂ ਕੱਢ ਰਹੇ ਹਨ।

ਵਰਣਨਯੋਗ ਹੈ ਕਿ ਵੀਰਵਾਰ ਦੀ ਰਾਤ ਮੱਧ ਕੁਰਮ ਵਿਚ ਬਰਜੂ ਦੇ ਇਲਾਕੇ ਵਿਚ ਤਾਲਿਬਾਨ ਦੇ ਇਕ ਕਥਿਤ ਟਰੇਨਿੰਗ ਕੈਂਪ ਉੱਤੇ ਚਾਰ ਮਿਜ਼ਾਇਲਾਂ ਦਾਗੀਆਂ ਗਈਆਂ ਸਨ। ਤਾਲਿਬਾਨ ਸੂਤਰਾਂ ਦੇ ਮੁਤਾਬਕ ਹਮਲੇ ਵਿਚ ਜਿਸ ਮਕਾਨ ਨੂੰ ਨਿਸ਼ਾਨ ਬਣਾਇਆ ਗਿਆ ਹੈ, ਉਥੇ ਉਸ ਸਮੇਂ ਲਗਭਗ 58 ਲੋਕ ਮੌਜੂਦ ਸਨ ਅਤੇ ਹਮਲੇ ਤੋਂ ਬਾਅਦ ਅੱਗ ਨੇ ਸਾਰੇ ਕੈਂਪ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਤਾਲਿਬਾਨ ਨੂੰ ਸ਼ੱਕ ਹੈ ਕਿ ਉਥੇ ਮੌਜੂਦ ਜ਼ਿਆਦਾਤਰ ਲੋਕੀ ਮਾਰੇ ਜਾ ਚੁੱਕੇ ਹਨ। ਪਿਛਲੇ ਮਹੀਨੇ ਵੀ ਕੁਰਮ ਏਜੰਸੀ ਨੇ ਡ੍ਰੋਨ ਹਮਲੇ ਕੀਤੇ ਸਨ, ਜਿਨ੍ਹਾਂ ਵਿਚ ਅਫ਼ਗਾਨ ਤਾਲਿਬਾਨ ਦੇ ਇਕ ਟਰੇਨਿੰਗ ਕੈਂਪ ਨੂੰ ਨਿਸ਼ਾਨਾ ਬਣਾਇਆ ਗਿਆ ਸੀ।


## ਓਬਾਮਾ ਨੇ ਕਿਊਬਾ ਵਾਸੀਆਂ ਨੂੰ ਦਿੱਤੀ ਰਾਹਤ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ 410 ਕਰੋੜ ਡਾਲਰ ਵਾਲੇ ਖਰਚ ਸਬੰਧੀ ਇਕ ਨਵੇਂ ਬਿਲ 'ਤੇ ਹਸਤਾਖਰ ਕੀਤੇ ਹਨ। ਇਸ ਦੇ ਤਹਿਤ ਕਿਊਬਾ 'ਤੇ ਲੱਗੀਆਂ ਆਰਥਿਕ ਪਾਬੰਦੀਆਂ ਵਿਚੋਂ ਵੀ ਕੁਝ ਹੱਦ ਤੱਕ ਢਿੱਲ ਦਿੱਤੀ ਜਾਵੇਗੀ। ਇਸ ਰਾਸ਼ੀ ਨਾਲ ਸਰਕਾਰ ਸਤੰਬਰ 2010 ਤੱਕ ਆਪਨਾ ਖਰਚ ਚਲਾਵੇਗੀ। ਖ਼ਬਰ ਏਜੰਸੀ ਸਿਨਹੂਆ ਦੇ ਮੁਤਾਬਕ ਓਬਾਮਾ ਨੇ ਬੁੱਧਵਾਰ ਨੂੰ ਇਸ ਬਿਲ 'ਤੇ ਹਸਤਾਖਰ ਕਰਦੇ ਹੋਏ ਇਸਨੂੰ ਅਧੂਰਾ ਕਰਾਰ ਦਿੱਤਾ। ਓਬਾਮਾ ਨੇ ਵਾਈਟ ਹਾਊਸ ਵਿਚ ਕਿਹਾ ਕਿ ਮੈਂ ਇਕ ਅਧੂਰੇ ਬਿਲ ਤੇ ਹਸਤਾਖਰ ਕੀਤੇ ਹਨ, ਕਿਉਂਕਿ ਸਰਕਾਰ ਦੇ ਮੌਜੂਦਾ ਪ੍ਰੋਗਰਾਮਾਂ ਦੇ ਚਲਣ ਦੇ ਲਈ ਇਹ ਜ਼ਰੂਰੀ ਹੈ। ਹਾਲਾਂਕਿ ਮੈਂ ਇਸਨੂੰ ਆਉਣ ਵਾਲੀਆਂ ਤਬਦੀਲੀਆਂ ਦੇ ਪਹਿਲੇ ਬਿੰਦੂ ਵਜੋਂ ਮੰਨਦਾ ਹਾਂ। ਇਸ ਬਿਲ ਵਿਚ ਅਮਰੀਕਾ ਵਿਚ ਰਹਿਣ ਵਾਲੇ ਕਿਊਬਿਆਈਆਂ ਨੂੰ ਸਾਲ ਵਿਚ ਇਕ ਵਾਰ ਆਪਣੇ ਮੁਲਕ ਜਾਣ ਅਤੇ ਉਥੇ ਰਹਿ ਰਹੇ ਰਿਸ਼ਤੇਦਾਰਾਂ ਨੂੰ ਆਰਥਿਕ ਮਦਦ ਦੇਣ ਦੀ ਛੋਟ ਵੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਦਵਾਈਆਂ ਅਤੇ ਖੁਰਾਕੀ ਪਦਾਰਥ ਭੇਜੇ ਜਾਣ ਸਬੰਧੀ ਪਾਬੰਦੀਆਂ ਵਿਚ ਵੀ ਢਿੱਲ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਅਮਰੀਕਾ ਵਿਚ ਰਹਿਣ ਵਾਲੇ ਕਿਊਬਿਆਈਆਂ ਨੂੰ ਹਰੇਕ ਤੀਜੇ ਸਾਲ ਕੇਵਲ ਦੋ ਹਫਤੇ ਦੇ ਲਈ ਸਵਦੇਸ਼ ਜਾਣ ਦੀ ਛੋਟ ਸੀ।



# ਬੁਰੀਆਂ ਯਾਦਾਂ ਤੋਂ ਖਹਿੜਾ ਛੁਡਾਉਣਗੇ ਵਿਗਿਆਨੀ

ਟੋਰਾਂਟੋ- ਜੇਕਰ ਤੁਸੀਂ ਜੀਵਨ ਵਿਚ ਹੋਈਆਂ ਮਾੜੀਆਂ ਘਟਨਾਵਾਂ ਦੀਆਂ ਯਾਦਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਖੁਸ਼ਖਬਰੀ ਹੈ। ਜਲਦ ਹੀ ਅਜਿਹਾ ਸੰਭਵ ਹੋ ਸਕਦਾ ਹੈ, ਜਦੋਂ ਵਿਗਿਆਨੀ ਮਨੁੱਖੀ ਦਿਮਾਗ ਤੋਂ ਮਾੜੀਆਂ ਯਾਦਾਂ ਨੂੰ ਹਮੇਸ਼ਾ ਲਈ ਮਿਟਾ ਸਕਣਗੇ। ਟੋਰਾਂਟੋ ਯੂਨੀਵਰਸਿਟੀ ਦੇ ਖੋਜਕਾਰਾਂ ਅਤੇ ਬਿਮਾਰ ਬੱਚਿਆਂ ਦੇ ਸਥਾਨਕ ਹਸਪਤਾਲ ਨੇ ਮਨੁੱਖ ਦੀ ਯਾਦ ਅਤੇ ਵਿਸ਼ੇਸ਼ ਨਿਊਰਾਂਸ ਵਿਚਕਾਰ ਸਬੰਧ ਲੱਭ ਲਿਆ ਹੈ। ਮਨੁੱਖੀ ਦਿਮਾਗ ਵਿਚ 100 ਅਰਬ ਤੋਂ ਜ਼ਿਆਦਾ ਨਿਊਰਾਂਸ ਹੁੰਦੇ ਹਨ ਪਰ ਯਾਦਾਂ ਉਹਨਾਂ ਵਿਚੋਂ ਕੁਝ ਵਿਚ ਹੀ ਦਰਜ ਹੁੰਦੀਆਂ ਹਨ। ਵਿਗਿਆਨੀ ਉਹਨਾਂ ਖਾਸ ਨਿਊਰਾਂਸ ਦੀ ਖੋਜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜੋ ਯਾਦਾਂ ਜਮ੍ਹਾ ਕਰਦੇ ਹਨ। ਚੂਹਿਆਂ 'ਤੇ ਕੀਤੇ ਗਏ ਇਕ ਪ੍ਰਯੋਗ ਵਿਚ ਵਿਗਿਆਨਕ ਇਹ ਸਿੱਧ ਕਰਨ ਵਿਚ ਸਫਲ ਰਹੇ ਕਿ ਜੋ ਯਾਦਾਂ ਨੂੰ ਸੰਭਾਲਣ ਵਿਚ ਮਦਦ ਕਰਦੇ ਹਨ।



ਖੋਜ ਦੀ ਲੀਡਰਸ਼ਿਪ ਕਰਨ ਵਾਲੀ ਅਤੇ ਯੂਨੀਵਰਸਿਟੀ ਆਫ਼ ਮਨੋਵਿਗਿਆਨਕ ਦੀ ਪ੍ਰੋਫੈਸਰ ਸ਼ੀਨਾ ਜੋਸੇਲੀਨ ਨੇ ਇਕ ਬਿਆਨ ਵਿਚ ਕਿਹਾ ਕਿ ਪਿਛਲੇ ਅਧਿਐਨ ਨੇ ਇਸ ਗੱਲ ਦੀ ਸਪਸ਼ਟ ਜਾਣਕਾਰੀ ਦਿੱਤੀ ਸੀ ਕਿ ਕੁਝ ਵਿਸ਼ੇਸ਼ ਨਿਊਰਾਂਸ ਯਾਦ ਦੇ ਨਿਰਮਾਣ ਵਿਚ ਸਹਾਇਕ ਹੁੰਦੇ ਹਨ, ਪਰ ਸਾਨੂੰ ਯਕੀਨ ਹੈ ਕਿ ਸਾਡਾ ਖੋਜ ਪੱਤਰ ਪਹਿਲਾ ਅਜਿਹਾ ਪੱਤਰ ਹੈ, ਜੋ ਇਸ ਸਬੰਧ ਨੂੰ ਵਾਕਿਆ ਹੀ ਸਥਾਪਤ ਕਰਦਾ ਹੈ। ਹਾਲਾਂਕਿ ਖੋਜਕਾਰਾਂ ਨੇ ਕਿਹਾ ਕਿ ਮਾੜੇ ਤਜਰਬੇ ਵੀ ਸਾਡੇ ਲਈ ਲਾਭਦਾਇਕ ਸਾਬਤ ਹੋ ਸਕਦੇ ਹਨ, ਕਿਉਂਕਿ ਜੇਕਰ ਅਸੀਂ ਯਾਦ ਨਹੀਂ ਰੱਖਾਂਗੇ ਕਿ ਪਿਛਲੀ ਵਾਰ ਸੜਦੇ ਹੋਏ ਸਟੋਵ 'ਤੇ ਹੱਥ ਰੱਖਣ ਨਾਲ ਅਸੀਂ ਸੜ ਗਏ ਸੀ ਤਾਂ ਦੁਬਾਰਾ ਅਜਿਹਾ ਕਰਨ ਦੀ ਸੰਭਾਵਨਾ ਜ਼ਿਆਦਾ ਹੋਵੇਗੀ।

# ਬੁਸ਼ 'ਤੇ ਜੁੱਤੀ ਸੁੱਟਣ ਵਾਲੇ ਨੂੰ ਤਿੰਨ ਸਾਲ ਦੀ ਕੈਦ


ਬਗ਼ਦਾਦ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ 'ਤੇ ਜੁੱਤੀ ਸੁੱਟ ਕੇ ਪੂਰੇ ਅਰਬ ਵਿਸ਼ਵ ਵਿਚ ਮਸ਼ਹੂਰ ਬਣ ਗਏ ਪੱਤਰਕਾਰ ਨੂੰ ਇਰਾਕ ਦੀ ਇਕ ਅਦਾਲਤ ਨੇ ਵੀਰਵਾਰ ਨੂੰ ਤਿੰਨ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ। ਪਿਛਲੇ ਸਾਲ ਇਰਾਕ ਦੀ ਆਪਣੀ ਆਖਰੀ ਯਾਤਰਾ ਦੇ ਦੌਰਾਨ ਬੁਸ਼ 'ਤੇ ਜੁੱਤੀ ਸੁੱਟਣ ਦੇ ਮਾਮਲੇ ਵਿਚ 30 ਸਾਲਾ ਟੈਲੀਵਿਜ਼ਨ ਪੱਤਰਕਾਰ ਮੁਤੰਦਰ ਅਲ ਜ਼ੈਦੀ ਨੇ ਕੇਂਦਰੀ ਫੌਜਦਾਰੀ ਅਦਾਲਤ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ।



ਬਚਾਅ ਪੱਖ ਦੇ ਵਕੀਲ ਯਹੀਆ ਅਤਾਬੀ ਨੇ ਬਗਦਾਦ ਅਦਾਲਤ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ ਕਿ ਉਸਨੂੰ ਤਿੰਨ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਹਨਾਂ ਨੇ ਕਿਹਾ ਕਿ ਸਾਨੂੰ ਇਸ ਫੈਸਲੇ ਦੀ ਉਮੀਦ ਸੀ ਕਿਉਂਕਿ ਇਰਾਕੀ ਸਜ਼ਾ ਯਾਫਤਾ ਦੇ ਤਹਿਤ ਉਸ 'ਤੇ ਇਕ ਵਿਦੇਸ਼ੀ ਲੀਡਰ ਦੇ ਅਧਿਕਾਰਿਤ ਦੌਰੇ ਦੇ ਸਮੇਂ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਅਸੀਂ ਇਸਦੇ ਖ਼ਿਲਾਫ਼ ਅਪੀਲ ਕਰਾਂਗੇ। ਇਸ ਦੋਸ਼ ਦੇ ਤਹਿਤ ਜ਼ੈਦੀ ਨੂੰ ਵੱਧ ਤੋਂ ਵੱਧ 15 ਸਾਲ ਦੀ ਸਜ਼ਾ ਸੁਣਾਈ ਜਾ ਸਕਦੀ ਸੀ। ਅਰਬ ਅਤੇ ਮੁਸਲਿਮ ਵਿਸ਼ਵ ਵਿਚ ਕਿਸੇ 'ਤੇ ਜੁੱਤੀ ਸੁੱਟਣਾ ਬੇਹੱਦ ਸ਼ਰਮਨਾਕ ਮੰਨਿਆ ਜਾਂਦਾ ਹੈ।

ਜੈਦੀ ਨੇ ਬੁਸ਼ 'ਤੇ ਉਸ ਸਮੇਂ ਜੁੱਤੀ ਸੁੱਟੀ ਜਦੋਂ ਉਹ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਿਤ ਕਰ ਰਹੇ ਸਨ ਅਤੇ ਇਸਨੂੰ ਟੈਲੀਵਿਜ਼ਨ ਦੇ ਜ਼ਰੀਏ ਪੂਰੀ ਦੁਨੀਆ ਵਿਚ ਦੇਖਿਆ ਜਾ ਰਿਹਾ ਸੀ। ਇਸ ਸੰਮੇਲਨ ਵਿਚ ਪ੍ਰਧਾਨ ਮੰਤਰੀ ਨੂਰੀ ਅਲ ਮਲਿਕੀ ਵੀ ਮੌਜੂਦ ਸਨ। ਉਸ ਵਕਤ ਬੁਸ਼ ਨੇ ਬੇਹੱਦ ਫੁਰਤੀ ਦਿਖਾਉਂਦੇ ਹੋਏ ਜੁੱਤੀ ਦੀ ਲਪੇਟ ਵਿਚ ਆਉਣ ਤੋਂ ਆਪਣੇ ਆਪ ਨੂੰ ਬਚਾ ਲਿਆ ਸੀ।

# ਨੀਂਦ ਵਿਚ ਕਟੌਤੀ ਹੈ ਡਾਇਬਟੀਜ਼ ਨੂੰ ਸੱਦਾ!



ਨਿਊਯਾਰਕ- ਕੀ ਤੁਹਾਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ? ਕੀ ਕੁਝ ਘੰਟਿਆਂ ਦੀ ਨੀਂਦ ਤੋਂ ਬਾਅਦ ਜਦੋਂ ਤੁਸੀਂ ਸਵੇਰੇ ਉੱਠਦੇ ਹੋ ਤਾਂ ਤਾਰੋਤਾਜ਼ਾ ਨਹੀਂ ਮਹਿਸੂਸ ਕਰਦੇ ? ਜੇਕਰ ਇਹ ਦਿੱਕਤਾਂ ਤੁਹਾਡੇ ਨਾਲ ਪੇਸ਼ ਆ ਰਹੀਆਂ ਹਨ ਤਾਂ ਹੋ ਸਕਦਾ ਹੈ ਕਿ ਤੁਸੀਂ ਡਾਇਬਟੀਜ਼ ਵੱਲ ਵੱਧ ਰਹੇ ਹੋਵੋ।

ਨਿਊਯਾਰਕ ਦੀ ਬਫੈਲੋ ਯੂਨੀਵਰਸਿਟੀ ਵਿਚ ਹੋਏ ਇਕ ਤਾਜ਼ਾ ਅਧਿਐਨ ਮੁਤਾਬਕ ਰੋਜ਼ਾਨਾ 6 ਘੰਟੇ ਜਾਂ ਇਸ ਤੋਂ ਘੱਟ ਸੌਣ ਵਾਲੇ ਡਾਇਬਟੀਜ਼ ਦੇ ਸ਼ਿਕਾਰ ਹੋ ਸਕਦੇ ਹਨ। ਲੰਡਨ ਵਿਚ ਕੀਤੇ ਗਏ ਸਰਵੇਖਣ ਵਿਚ ਖੋਜਕਾਰਾਂ ਨੇ ਪਾਇਆ ਕਿ ਕਰੀਬ ਇਕ ਤਿਹਾਈ ਬਾਲਗ ਐਤਵਾਰ ਤੋਂ ਵੀਰਵਾਰ ਤੱਕ ਰਾਤ ਨੂੰ ਕਰੀਬ 5 ਘੰਟੇ ਜਾਂ ਉਸ ਤੋਂ ਘੱਟ ਹੀ ਸੌਂਦੇ ਹਨ। ਡਾਕਟਰਾਂ ਦੇ ਮੁਤਾਬਕ ਰਾਤ ਨੂੰ ਘੱਟ ਤੋਂ ਘੱਟ ਸੱਤ ਘੰਟੇ ਦੀ ਨੀਂਦ ਜ਼ਰੂਰੀ ਹੈ।

ਖੋਜ ਕਰਨ ਵਾਲੀ ਲਿਸਾ ਰਾਫਲਸਨ ਦੇ ਮੁਤਾਬਕ ਇਹ ਪਾਇਆ ਗਿਆ ਹੈ ਕਿ ਛੇ ਸਾਲ ਤੋਂ ਲਗਾਤਾਰ ਰੋਜ਼ਾਨਾ 6 ਘੰਟੇ ਜਾਂ ਇਸ ਤੋਂ ਘੱਟ ਸੌਣ ਵਾਲਿਆਂ ਨੂੰ ਟਾਈਪ-2 ਡਾਇਬਟੀਜ਼ ਦਾ ਖ਼ਤਰਾ 4.56 ਗੁਣਾਂ ਵੱਧ ਜਾਂਦਾ ਹੈ। ਲਿਸਾ ਕਹਿੰਦੀ ਹੈ ਕਿ ਹੁਣ ਤੱਕ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਡਾਇਬਟੀਜ਼ ਦੇ ਪਿੱਛੇ ਜੈਨੇਟਿਕ ਕਾਰਨ ਹੁੰਦੇ ਹਨ। ਪਰ ਇਸ ਖੋਜ ਵਿਚ ਜੈਨੇਟਿਕ ਕਾਰਨ ਨਹੀਂ ਮਿਲੇ, ਜਦਕਿ ਹਰ ਮਾਮਲੇ ਵਿਚ ਘੱਟ ਨੀਂਦ ਇਕ ਵੱਡਾ ਕਾਰਕ ਬਣ ਕੇ ਉਭਰੀ।

# ਤਾਲਿਬਾਨ ਨੇ ਓਬਾਮਾ ਦੀ ਪਹਿਲ ਨੂੰ ਬਕਵਾਸ ਦੱਸਿਆ

ਵਾਸ਼ਿੰਗਟਨ- ਅਮਰੀਕਾ ਪਿਛਲੇ ਅੱਠ ਸਾਲਾਂ ਤੋਂ ਅਫ਼ਗਾਨਿਸਤਾਨ ਵਿਚ ਤਾਲਿਬਾਨ ਨਾਲ ਜੰਗ ਲੜ ਰਿਹਾ ਹੈ। ਕਰੋੜਾਂ ਡਾਲਰ ਸੁਆਹ ਹੋ ਚੁੱਕੇ ਹਨ ਪਰ ਸਫਲਤਾ ਹਾਲੇ ਵੀ ਦੂਰ ਦੀ ਕੌਡੀ ਬਣੀ ਹੋਈ ਹੈ। ਇਹ ਦੇਖਦੇ ਹੋਏ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਤਾਲਿਬਾਨ ਦੇ ਉਦਾਰਵਾਦੀ ਧੜੇ ਨਾਲ ਗੱਲਬਾਤ ਕਰਨ ਦੀ ਰਣਨੀਤੀ ਬਣਾ ਰਹੇ ਹਨ ਪਰ ਤਾਲਿਬਾਨ ਨੇ ਅਮਰੀਕੀ ਕੋਸ਼ਿਸ਼ਾਂ ਨੂੰ ਬੇਕਾਰ ਦੱਸਦੇ ਹੋਏ ਕਿਹਾ ਹੈ ਕਿ ਇੱਕੋ ਇਕ ਹੱਲ ਇਹੀ ਹੈ ਕਿ ਵਿਦੇਸ਼ੀ ਫੌਜਾਂ ਅਫ਼ਗਾਨਿਸਤਾਨ ਦੀ ਧਰਤੀ ਤੋਂ ਪਲਾਇਨ ਕਰ ਜਾਣ।

ਹਾਲ ਹੀ ਵਿਚ ਨਿਊਯਾਰਕ ਟਾਈਮਜ਼ ਨੂੰ ਦਿੱਤੀ ਗਈ ਇੰਟਰਵਿਊ ਵਿਚ ਓਬਾਮਾ ਨੇ ਤਾਲਿਬਾਨ ਦੇ ਉਦਾਰਵਾਦੀ ਧੜਿਆਂ ਨਾਲ ਗੱਲਬਾਤ ਕਰਨ ਦੀ ਗੱਲ ਕਹੀ ਸੀ। ਤਾਲਿਬਾਨ ਦੇ ਬੁਲਾਰੇ ਕਾਰੀ ਮੁਹੰਮਦ ਯੂਸਫ ਨੇ ਕਿਹਾ ਕਿ ਉਹਨਾਂ ਨੂੰ ਓਬਾਮਾ ਦੇ ਬਿਆਨ 'ਤੇ ਸਫਾਈ ਦੇਣ ਦੀ ਜ਼ਰੂਰਤ ਨਹੀਂ।

ਤਾਲਿਬਾਨ ਪੂਰੀ ਤਰ੍ਹਾਂ ਸੰਗਠਿਤ ਹੈ, ਜਿਸਦਾ ਲੀਡਰ, ਨੀਤੀ ਅਤੇ ਮਕਸਦ ਇਕ ਹੈ। ਮੈਨੂੰ ਨਹੀਂ ਪਤਾ ਉਹ ਉਦਾਰਵਾਦੀ ਤਾਲਿਬਾਨ ਦੀ ਗੱਲ ਕਿਉਂ ਕਰ ਰਹੇ ਹਨ ਅਤੇ ਇਸਦਾ ਮਤਲਬ ਕੀ ਹੈ ? ਜੇਕਰ ਉਦਾਰਵਾਦੀ ਤਾਲਿਬਾਨ ਨਾਲ ਉਹਨਾਂ ਦਾ ਮਤਲਬ ਜੰਗ ਨਾ ਲੜ ਕੇ, ਘਰ ਬੈਠਣ ਵਾਲੇ ਤਬਕੇ ਤੋਂ ਹੈ ਤਾਂ ਉਹ ਗਲਤ ਹੈ।

*ਭਾਈ ਕਰਤਾਰ ਸਿੰਘ ਝੱਬਰ 'ਅਕਾਲੀ ਲਹਿਰ' ਦੇ ਮੋਹਰੀਆਂ ਵਿਚੋਂ ਸਨ। ਇਸ ਕਿਤਾਬ ਨੂੰ ਘੋਖਿਆਂ ਸਿੱਖਾਂ ਵੱਲੋਂ ਪਾਏ ਯੋਗਦਾਨ, ਜਿਸ ਨਾਲ ਅੰਗਰੇਜ ਸਾਮਰਾਜ ਸਾਡੇ ਦੇਸ਼ 'ਚੋਂ ਖਤਮ ਹੋ ਸਕਿਆ, ਦੇ ਬਾਰੇ ਚਾਨਣ ਪੈਂਦਾ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਸਿੱਖੀ ਦੀ ਪੁਨਰ-ਜਾਗਰਿਤੀ ਦੇ ਦੌਰ ਵਿਚ ਸਿੰਘ ਸਭਾ ਲਹਿਰ ਨੇ ਬਹੁਤ ਯੋਗਦਾਨ ਪਾਇਆ ਤੇ ਅਕਾਲੀ ਲਹਿਰ ਸਿਖਰ ਤੇ ਹੋ ਨਿੱਬੜੀ। ਪੂਰੀ ਉਮੀਦ ਕਰਦਾ ਹਾਂ ਇਤਿਹਾਸ ਦੇ ਇਹ ਪੰਨੇ ਸਿੱਖਾਂ ਦੀ ਚੜ੍ਹਤ ਲਈ ਹੋਰ ਸਹਾਈ ਹੋਣਗੇ।*

*-ਸੰਪਾਦਕ*

## ਕਿਸ਼ਤ-12




ਇਸੇ ਰਾਤ ਦੇ ਬਾਰਾਂ ਵਜੇ ਇਕ ਹੋਰ ਗੱਡੀ ਲਾਹੌਰ ਤੋਂ ਪੁੱਜੀ, ਉਸ ਗੱਡੀ ਵਿਚ ਗੋਰਾ ਫੌਜ ਤੇ ਸ੍ਰੀ ਰਾਮ ਸੂਦ ਅਸਿਸਟੈਂਟ ਕਮਿਸ਼ਨਰ ਸ਼ੇਖੂਪੁਰਾ ਸਨ। ਉਹਨਾਂ ਪਾਸ ਸਰਚ ਲਾਈਟ ਸੀ ਜੋ ਕਈ ਮੀਲਾਂ ਤੱਕ ਆਸਾਨੀ ਨਾਲ ਵੇਖਣ ਵਿਚ ਮਦਦ ਦਿੰਦੀ ਸੀ। ਜਲਦੀ ਹੀ ਉਹਨਾਂ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਜਿਸ ਨਾਲ ਕੁਝ ਆਦਮੀ ਫੱਟੜ ਹੋ ਗਏ ਅਤੇ ਕੁਝ ਮਾਰੇ ਗਏ। ਦਿਨ ਚੜ੍ਹੇ ਹੀ ਉਹਨਾਂ ਨੇ ਗ੍ਰਿਫਤਾਰੀ ਸ਼ੁਰੂ ਕਰ ਦਿੱਤੀ। ਝੱਬਰ ਸਵੇਰੇ ਉੱਠ ਕੇ ਭਾਈ ਹਰੀ ਸਿੰਘ ਬਜਾਜ ਦੀ ਹੱਟੀ 'ਤੇ ਗਿਆ, ਉਥੇ ਹੋਰ ਵੀ ਕਈ ਸੱਜਣ ਬੈਠੇ ਸਨ ਤਾਂ ਇਕ ਦਮ ਸ੍ਰੀ ਰਾਮ ਸੂਦ, ਮਗਰ ਗੋਰੇ ਸਿਪਾਹੀ ਜੋ ਉਸ ਦੇ ਨਾਲ ਸਨ ਨੇ ਇਕ ਦਮ ਇਨ੍ਹਾਂ ਨੂੰ ਘੇਰੇ ਵਿਚ ਲੈ ਲਿਆ ਅਤੇ ਭਾਈ ਹਰੀ ਸਿੰਘ ਨੂੰ ਬਿਨਾਂ ਪੁੱਛੇ ਸੋਟੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਜਦ ਇਹ ਅਚਨਚੇਤ ਸਖਤੀ ਦਾ ਦੌਰ ਵੇਖਿਆ ਤਾਂ ਝੱਬਰ ਦੇ ਦਿਲ ਵਿਚ ਇਹ ਆਈ ਕਿ ਇਸ ਵਿਚ ਕਈ ਬੇਦੋਸ਼ੇ ਹੋਰ ਵੀ ਮਾਰੇ ਜਾਣਗੇ, ਇਸ ਲਈ ਉਹ ਸਕੂਲ ਦੇ ਮੁੰਡਿਆਂ ਅਤੇ ਹੋਰ ਸ਼ਹਿਰੀਆਂ ਨੂੰ ਖ਼ਬਰ ਕਰਨ ਲਈ ਇਕ ਪਾਸੇ ਹੋ ਸਕੂਲ ਵਿਚ ਜਾ ਨਿਕਲਿਆ ਅਤੇ ਸਕੂਲ ਦੇ ਮੁੰਡਿਆਂ ਤੇ ਮਾਸਟਰਾਂ ਤੇ ਹੋਰ ਸ਼ਹਿਰੀਆਂ ਨੂੰ ਕਿਹਾ ਕਿ ਮੰਡੀ ਵਿਚ ਅੱਗ ਲੱਗ ਗਈ ਹੈ, ਇਸ ਲਈ ਆਪਣੇ ਬਚਾਅ ਲਈ ਬਾਹਰ ਨਿਕਲ ਜਾਓ, ਤਾਂ ਮੰਡੀ ਦੇ ਬਹੁਤ ਸਾਰੇ ਲੋਕ ਅਤੇ ਸਕੂਲ ਦੇ ਸਾਰੇ ਮੁੰਡੇ ਅਤੇ ਮਾਸਟਰ ਜੰਗਲ ਵਿਚ ਮੰਡੀ ਤੋਂ ਦੂਰ ਜਾ ਨਿਕਲੇ। ਤਿੰਨ ਵਜੇ ਤੱਕ ਜੋ ਵੀ ਆਦਮੀ ਮਿਲਿਆ ਸਭ ਨੂੰ ਬਿਨਾਂ ਪੁੱਛੇ ਪਕੜੀ ਜਾਣ, ਇਸ ਤਰ੍ਹਾਂ ਤਕਰੀਬਨ 400 ਦੇ ਕਰੀਬ ਆਦਮੀ ਪਕੜੇ ਗਏ। 4 ਵਜੇ ਦੇ ਕਰੀਬ ਮੰਡੀ ਚੂਹੜਕਾਣਾ ਤੋਂ ਗੱਡੀ ਚਲਾ ਕੇ ਪਿੰਡ ਚੂਹੜਕਾਣਾ ਦੇ ਬਿਲਕੁਲ ਸਾਹਮਣੇ ਖੜ੍ਹੀ ਕਰਕੇ ਬੇਤਹਾਸ਼ਾ ਗੋਲੀ ਚਲਾਣੀ ਸ਼ੁਰੂ ਕਰ ਦਿੱਤੀ ਜਿਸ ਤੋਂ ਕਈ ਲੋਕ ਫੱਟੜ ਹੋਏ ਤੇ ਕਈ ਮਾਰੇ ਗਏ।

ਝੱਬਰ ਜੀ, ਮਾਸਟਰ ਬਲਬੀਰ ਸਿੰਘ, ਮਾਸਟਰ ਅਰਜਨ ਸਿੰਘ ਤੇ ਸਕੂਲ ਦੇ 12 ਕੁ ਮੁੰਡੇ ਉਥੋਂ ਚੱਲ ਕੇ ਪਿੰਡ ਢਿਲਵੀ ਜਾ ਰਾਤ ਗੁਜ਼ਾਰੀ। ਸਵੇਰੇ ਉੱਠ ਕੇ ਨਹਿਰ ਦੇ ਪੁਲ 'ਤੇ ਗੁਰਮਤਾ ਕੀਤਾ ਕਿ ਹੁਣ ਸਾਰੇ ਆਪੋ ਆਪਣੇ ਘਰੀਂ ਚਲੇ ਜਾਓ, ਜੇ ਖੈਰ ਰਹੀ ਤਾਂ ਸਾਰੇ ਆ ਜਾਇਆ ਜੇ। ਅਜੇ ਪਤਾ ਨਹੀਂ ਕੀ ਹੋਣਾ ਹੈ ? ਝੱਬਰ ਹੋਰੀਂ ਉਹ ਦਿਨ ਇਸੇ ਤਰ੍ਹਾਂ ਝਾੜੀਆਂ ਵਿਚ ਕੱਟ ਕੇ ਰਾਤ ਨੂੰ ਪਿੰਡ ਝੱਬਰ ਪੁੱਜੇ ਅਤੇ ਘਰੋਂ 400 ਰੁਪਈਆ ਲੈ ਕੇ ਫੁਲਰਵਨੀ ਸ. ਗੁਚਰਨ ਸਿੰਘ ਜੋ ਸੂਬੇਦਾਰ ਬਾਲ ਸਿੰਘ ਦਾ ਪੁੱਤਰ ਮਲਾਇਆ ਤੋਂ ਆਇਆ ਹੋਇਆ ਸੀ, ਪਾਸ ਪਤਾ ਕਰਨ ਲਈ ਗਏ ਕਿ ਕਿਵੇਂ ਬਾਹਰ ਜਾਇਆ ਜਾ ਸਕਦਾ ਹੈ। ਇੱਥੇ ਹੀ ਪਤਾ ਲੱਗਾ ਕਿ ਝੱਬਰ ਜੀ ਦੇ ਅਤੇ ਤੇਜਾ ਸਿੰਘ ਚੂਹੜਕਾਣੇ ਵਾਲੇ ਦੇ ਵਾਰੰਟ ਗ੍ਰਿਫਤਾਰੀ ਜਾਰੀ ਹੋ ਗਏ ਹਨ ਅਤੇ ਜਾਇਦਾਦ ਜ਼ਬਤ ਹੋ ਗਈ ਹੈ। ਤੇਜਾ ਸਿੰਘ ਦੇ ਪਿਓ ਤੇ ਭਰਾ ਨੂੰ ਪੁਲਿਸ ਪਕੜ ਕੇ ਲੈ ਗਈ ਹੈ। ਝੱਬਰ ਇਹ ਸੁਣ ਕੇ ਘਰ ਵਾਪਸ ਆ ਗਿਆ ਅਤੇ ਰੁਪਏ ਘਰ ਛੱਡ ਕੇ ਅਗਲੇ ਭਲਕ ਸ. ਅਮਰ ਸਿੰਘ ਇਲਾਕਾ ਮੈਜਿਸਟਰੇਟ ਦੇ ਪਾਸ ਮੋਮਨ ਸਟੇਸ਼ਨ 'ਤੇ ਜਾ ਪੇਸ਼ ਹੋਏ।

ਉਹਨਾਂ ਇਹਨਾਂ ਨੂੰ ਰਾਤ ਸਾਂਗਲੇ ਰੱਖ ਕੇ ਸਵੇਰੇ ਚੂਹੜਕਾਣੇ ਲੈ ਆਂਦਾ। ਉਥੇ ਮਾਲ ਗੱਡੀ ਦੇ ਡੱਬੇ ਖੜ੍ਹੇ ਸਨ। ਉਹਨਾਂ ਡੱਬਿਆਂ ਵਿਚ ਇਲਾਕੇ ਦੇ ਫੜੇ ਹੋਏ ਲੋਕ ਬੰਦ ਕੀਤੇ ਹੋਏ ਸਨ। ਜਿੱਥੇ ਝੱਬਰ ਨੂੰ ਵੀ ਲੈ ਆਂਦਾ। ਦੂਸਰੇ ਭਲਕ ਸ. ਤੇਜਾ ਸਿੰਘ ਚੂਹੜਕਾਣੇ ਨੂੰ ਵੀ ਪਕੜ ਕੇ ਲੈ ਆਏ। 28 ਅਪ੍ਰੈਲ ਨੂੰ ਲਾਹੌਰ ਤੋਂ ਕਮਿਸ਼ਨਰ ਆਇਆ ਤਾਂ ਝੱਬਰ ਜੀ ਨੂੰ ਇਹ ਕਹਿ ਕੇ ਉਸ ਦੇ ਪੇਸ਼ ਕੀਤਾ ਗਿਆ ਕਿ ਇਹ ਕਰਤਾਰ ਸਿੰਘ ਝੱਬਰ ਰਿੰਗ ਲੀਡਰ ਹੈ।

29 ਅਪ੍ਰੈਲ ਨੂੰ ਮੰਡੀ ਚੂਹੜਕਾਣੇ ਦੇ ਬੰਗਲੇ ਨਹਿਰ ਵਿਖੇ ਸਰਕਾਰ ਵੱਲੋਂ ਇਕ ਜਲਸਾ ਹੋਇਆ। ਸਾਢੇ ਚਾਰ ਸੌ ਦੇ ਲੱਗਭੱਗ ਜੋ ਆਦਮੀ ਗ੍ਰਿਫਤਾਰ ਕੀਤਾ ਹੋਇਆ ਸੀ, ਉਹਨਾਂ ਨੂੰ ਜਲਸੇ ਵਿਚ ਇਕ ਪਾਸੇ ਬਿਠਾ ਦਿੱਤਾ ਗਿਆ। ਦੂਜੇ ਪਾਸੇ ਸਾਰੇ ਜ਼ਿਲ੍ਹੇ ਦੇ ਝੋਲੀ ਚੁੱਕ (ਸਰਕਾਰੀ ਪਿੱਠੂ) ਜਿਨ੍ਹਾਂ ਵਿਚ ਨਨਕਾਣੇ ਸਾਹਿਬ ਦੇ ਮਹੰਤਵ ਵੀ ਸਨ) ਬੈਠੇ ਹੋਏ ਸਨ। ਨਵੇਂ ਆਏ ਡਿਪਟੀ ਕਮਿਸ਼ਨਰ ਬਾਲਸਮਿਥ ਨੇ ਬੜੇ ਗੁੱਸੇ ਨਾਲ ਲੈਕਚਰ ਕਰਨਾ ਸ਼ੁਰੂ ਕੀਤਾ। ਪਹਿਲਾਂ ਉਸ ਨੇ ਕਿਹਾ ਕਿ 'ਹਮ ਇਸ ਜਲਸੇ ਕਾ ਨਾਮ ਸ਼ਰਮ ਦਾ ਜਲਸਾ ਰਖਤੇ ਹੈਂ' ਅਤੇ ਅੰਗਰੇਜ਼ ਗੌਰਮਿੰਟ ਵੱਲੋਂ ਬਣਾਈਆਂ ਚੀਜ਼ਾਂ ਦਾ ਵਰਣਨ ਕਰਨਾ ਸ਼ੁਰੂ ਕੀਤਾ ਕਿ
ਦੇਖੋ ਆਪ ਕੇ ਫਾਇਦੇ ਕੇ ਲੀਏ ਸਰਕਾਰ ਨੇ ਕਿਆ ਕਿਆ
ਨਿਆਮਤੇ ਬਨਾਈ ਹੈ। ਜਿਸ ਮੇਂ ਨਹਿਰੇਂ, ਰੇਲੇਂ, ਪਕੀ
ਸੜਕੇਂ, ਤਾਰ ਕਾ ਪ੍ਰਬੰਧ, ਟੈਲੀਫੋਨ ਆਦਿ ਬਨਾਏਂ ਹੈਂ।
ਉਸ ਤੋਂ ਬਾਦ ਉਸ ਨੇ ਧਮਕੀ ਦਿੱਤੀ ਕਿ "ਹਮਾਰੀ ਸਰਕਾਰ ਕੇ ਪਾਸ ਪਲਟਨੇ ਹੈਂ, ਤੋਪੇਂ ਹੈਂ, ਬਾਰੂਦ, ਜੰਗੀ ਹਥਿਆਰ ਹੈ, ਜਿਸ ਸੇ ਆਪ ਕੋ ਏਕ ਮਿੰਟ ਮੇਂ ਤਬਾਹ ਕੀਆ ਜਾ ਸਕਦਾ ਹੈ, ਤੁਮ ਕਿਆ ਕਰ ਸਕਤੇ ਹੋ ?" ਗੋਰਾ ਜਿਉਂ ਜਿਉਂ ਲੈਕਚਰ ਕਰ ਰਿਹਾ ਸੀ ਇਸ ਦਾ ਗੁੱਸਾ ਹੋਰ ਵੱਧ ਰਿਹਾ ਸੀ, ਇੱਥੋਂ ਤੱਕ ਕਿ ਬਦ ਜ਼ੁਬਾਨੀ ਬੋਲਣੀ ਸ਼ੁਰੂ ਕਰ ਦਿੱਤੀ ਕਿ ਤੁਮ ਸੂਰ ਲੋਕ ਹੈਂ, ਕੁਟਾ ਲੋਕ ਹੈਂ, ਕੀਰੀ ਲੋਕ ਹੈਂ, ਮੱਖੀ ਲੋਕ ਹੈਂ।

ਲੈਕਚਰ ਤੋਂ ਪਿੱਛੋਂ ਉਸ ਵੇਲੇ ਜਿੰਨੇ ਅਪਰਾਧੀ ਪਕੜੇ ਹੋਏ ਸਨ, ਉਹਨਾਂ ਦੀ ਫਹਿਰਿਸਤ ਬਣਾ ਕੇ ਇਕ ਲਾਈਨ ਲਗਵਾ ਦਿੱਤੀ ਗਈ, ਜਿਹਨਾਂ ਦੇ ਚਾਰ ਹਿੱਸੇ ਕਰ ਦਿੱਤੇ ਗਏ। ਪਹਿਲਾ ਹਿੱਸਾ ਰਿੰਗ ਲੀਡਰਾਂ ਦਾ 30 ਦੇ ਲੱਗਭੱਗ ਵੱਖਰਾ ਕਰ ਲਿਆ ਤੇ ਕਿਹਾ ਗਿਆ ਕਿ ਇਹਨਾਂ ਦਾ ਮੁਕੱਦਮਾ ਵੱਖਰਾ ਲਾਹੌਰ ਚਲਾਇਆ ਜਾਵੇਗਾ। ਸ਼ਾਹੂਕਾਰ ਆੜ੍ਹਤੀਆਂ ਨੂੰ ਦੋ-ਦੋ ਸਾਲ ਕੈਦ, ਪੰਜ-ਪੰਜ ਸੌ ਰੁਪਏ ਜ਼ੁਰਮਾਨਾ ਕੀਤਾ ਗਿਆ। ਬਾਕੀ ਦਿਆਂ ਨੂੰ ਛੇ-ਛੇ ਮਹੀਨੇ ਸਖਤ ਕੈਦ ਦੀ ਸਜ਼ਾ ਕਰ ਦਿੱਛੀ ਗਈ ਅਤੇ ਜੋ ਬਚੇ, ਇਸ ਦੋਸ਼ ਵਿਚ ਪਕੜੇ ਗਏ ਸਨ, ਉਹਨਾਂ ਨੂੰ ਕਈ ਦਰਜਨ ਬੈਂਤਾਂ ਦੀ ਸਜ਼ਾ ਦਿੱਤੀ ਗਈ। ਜਿਹਨਾਂ ਨੂੰ ਕੈਦ ਦੀ ਸਜ਼ਾ ਦਿੱਤੀ ਗਈ ਸੀ, ਉਹਨਾਂ ਸਾਰਿਆਂ ਨੂੰ ਰਾਵਲਪਿੰਡੀ ਜੇਲ੍ਹ ਵਿਚ ਉਥੇ ਹੀ ਲੋਕਾਂ ਸਾਹਮਣੇ ਭੇਜ ਦਿੱਤਾ ਗਿਆ। 30 ਆਦਮੀ ਜਿਹਨਾਂ ਨੂੰ ਰਿੰਗ ਲੀਡਰ ਕਿਹਾ ਗਿਆ ਸੀ, ਨੂੰ ਲਾਹੌਰ ਬੋਰਸਟਰਲ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਹਨਾਂ ਸਾਰਿਆਂ ਨੂੰ ਦੂਸਰੀ ਛੱਤੇ ਇਕ ਇਕ ਕੋਠੜੀ ਵਿਚ ਅਤੇ ਇਕ-ਇਕ ਆਦਮੀ ਨੂੰ ਡੱਕ ਦਿੱਤਾ ਗਿਆ। ਜਦੋਂ ਮੁਕੱਦਮੇ ਦੀ ਪੇਸ਼ੀ ਵਾਸਤੇ ਇਹਨਾਂ ਨੂੰ ਇਸ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ ਤਾਂ ਬਾਹਰ ਸੈਂਟਰਲ ਜੇਲ੍ਹ ਵਿਚੋਂ ਗੁਜਰਾਂਵਾਲਾ ਤੋਂ ਪਕੜ ਕੇ ਲਿਆਂਦੇ ਹੋਏ ਲੀਡਰ ਵਕੀਲ ਆਦਿ ਜੋ ਇਹਨਾਂ ਦੇ ਨਾਲ ਹੀ ਪੇਸ਼ ਹੋਣੇ ਸਨ, ਬਿਠਾਏ ਹੋਏ ਸਨ। ਇਹਨਾਂ ਸਾਰਿਆਂ ਦੇ ਚਿਹਰੇ ਮੁਰਝਾਏ ਹੋਏ, ਰੰਗ ਪੀਲਾ ਤੇ ਮੂੰਹ 'ਤੇ ਮੁਰਦੇਹਾਨੀ ਛਾਈ ਹੋਈ ਸੀ। ਇਹਨਾਂ ਸਾਰਿਆਂ ਨੂੰ ਇਸ ਹਾਲਤ ਵਿਚ ਵੇਖ ਕੇ ਝੱਬਰ ਨੇ ਕਿਹਾ:

'ਓ ਸਰਦਾਰੋ ਤੇ ਵਕੀਲੋ ਅਤੇ ਲੀਡਰੋ। ਤੁਸੀਂ ਇਸ ਤਰ੍ਹਾਂ ਕਿਉਂ ਰੋਣ ਵਾਲੀਆਂ ਸੂਰਤਾਂ ਬਣਾਈ ਖੜੇ ਹੋ ? ਤੁਹਾਨੂੰ ਇਹ ਭੁਲੇਖਾ ਹੈ ਕਿ ਸਾਨੂੰ ਛੱਡ ਦੇਣਗੇ, ਇਹ ਕਦੇ ਨਹੀਂ ਹੋਣਾ, ਇਨ੍ਹਾਂ ਸਾਨੂੰ ਜ਼ਰੂਰ ਕੈਦ ਕਰਨਾ ਹੈ ਅਤੇ ਰੱਜ ਰੱਜ ਕੇ ਸਜ਼ਾਵਾਂ ਦੇਣੀਆਂ ਹਨ। ਤਾਂ ਅਸੀਂ ਖਿੜੇ ਮੱਥੇ ਕਿਉਂ ਨਾ ਜਾ ਕੇ ਪੇਸ਼ ਹੋਈਏ। ਅੰਗਰੇਜ਼ ਪਾਸ ਆਪਣੀ ਬੁਜ਼ਦਿਲੀ ਦਾ ਇਜ਼ਹਾਰ ਕਿਉਂ ਕਰਦੇ ਹੋ ? ਇਹ ਕੀ ਆਖਣਗੇ ਕਿ ਪੰਜਾਬੀ ਇਕ ਭਬਕ ਵੀ ਸਹਾਰ ਨਾ ਸਕੇ ? ਇਸ ਲਈ ਤਕੜੇ ਹੋਵੋ ਅਸੀਂ ਆਪਦੇ ਦੇਸ਼ (ਪੰਜਾਬ) ਨੂੰ ਧੱਬਾ ਨਹੀਂ ਲਾਉਣਾ।"

ਇਸ ਤਰ੍ਹਾਂ ਇਹਨਾਂ ਸਭ ਦੀ ਢਾਰਸ ਬੰਨ੍ਹਾਈ।

19, 20 ਤੇ 21 ਮਈ ਤਿੰਨ ਦਿਨ ਇਹਨਾਂ ਦੀਆਂ ਪੇਸ਼ੀਆਂ ਹੁੰਦੀਆਂ ਰਹੀਆਂ। ਜਦੋਂ ਵੀ ਪੇਸ਼ੀ ਵਾਸਤੇ ਲਿਜਾਂਦੇ ਤਾਂ ਚੂਹੜਕਾਣੇ ਦਾ ਜਥਾ ਅੱਗੇ ਅਤੇ ਗੁਜਰਾਂਵਾਲਾ ਦਾ ਜਥਾ ਪਿੱਛੇ, ਦੋ ਦੋ ਆਦਮੀਆਂ ਨੂੰ ਹੱਥਕੜੀ ਲੱਗੀਆਂ ਹੋਈਆਂ ਤੋਰਿਆ ਜਾਂਦਾ ਸੀ। ਅੱਗੇ ਵਾਲੀ ਟੋਲੀ ਵਿਚ ਝੱਬਰ ਜੀ ਅਤੇ ਭਾਈ ਤੇਜਾ ਸਿੰਘ ਜੀ ਚੂਹੜਕਾਣਾ ਹੁੰਦੇ ਸਨ। ਤੁਰਦੇ ਸਾਰ ਹੀ ਝੱਬਰ ਜੀ ਤੇ ਭਾਈ ਤੇਜਾ ਸਿੰਘ ਜੀ ਨੇ ਗੁਰਬਾਣੀ ਦੇ ਸ਼ਬਦ ਉੱਚੀ-ਉੱਚੀ ਜੋਟੀਆਂ ਦੇ ਸ਼ੁਰੂ ਕਰ ਦੇਣੇ ਤੇ ਮਗਰ ਮਗਰ ਸਾਰਿਆਂ ਨੂੰ ਪੜ੍ਹਾਉਣੇ, ਇਸੇ ਤਰ੍ਹਾਂ ਪੜ੍ਹਦੇ ਪੜ੍ਹਦੇ ਯੂਨੀਵਰਸਿਟੀ ਹਾਲ ਵਿਚ ਪੁੱਜ ਜਾਣਾ। ਇਸੇ ਤਰ੍ਹਾਂ ਵਾਪਸੀ ਸਮੇਂ ਵੀ ਸ਼ਬਦ ਪੜ੍ਹਦੇ ਹੀ ਮੁੜਨਾ। *(ਚਲਦਾ)*

**Dr.Bhupinder Bhandari**
MD, MRCP
Gastroenterology/Hepatology
Internal Medicine/Nutrition
*Fellow American Collage of Physicians*
Diplomate, American Board of Internal Medicine
Diplomate American Board of Gastroenterology
Member, Royal College of Physicians, London, UK

ਡਾ. ਭੁਪਿੰਦਰ ਭੰਡਾਰੀ
ਪੰਜਾਬੀਆਂ ਵਿਚ ਇਕ ਜਾਣਿਆ ਪਹਿਚਾਣਿਆਂ ਨਾਮ ਜਿਸ ਤੇ ਸਾਰਾ ਪੰਜਾਬੀ ਭਾਈਚਾਰਾ ਮਾਣ ਕਰਦਾ ਹੈ ਹਰ ਤਰ੍ਹਾਂ ਦੀ ਬੀਮਾਰੀ ਦਾ ਇਲਾਜ ਕਰਦੇ ਹਨ।
ਹੁਣ ਦੋ ਦਫਤਰ ਹਨ
3755 BEACON AVE. FREMONT CA 94538
1090 La Playa Dr., HAYWARD, CA94545
Ph. 510-796-7796
Fax : 510-796-7797
E-mail : drbhandari4service@yahoo.com
www.bhandariMD.com

**AUTOBAHN** *Body & Paint*
BEFORE AND AFTER


Baghel Singh Jaswal
PHONE (650) 966-1840 FAX (650) 966-1023
WWW.AUTOBAHNBODYANDPAINT.COM
778 YUBA DRIVE, MOUNTAIN VIEW, CA 94041

ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ, ਵੇਚਣ ਅਤੇ ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਲਈ ਲੋਨ (Finance) ਲੈਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ।

Sukhwinder Ajimal
Realtor, Loan Officer & Notary Public
(916) 996-8723 Cell
(916) 681-5112 Office
(916) 209-8660 Fax
S.ajimal@elitemorcal.com
ELITE REALTY SERVICES
7412 Elsie Avenue
Sacramento, CA 95828
•RESIDENTIAL • COMMERCIAL • MORTGAGE



# ਸੈਫ ਦੀ ਕਾਲੀ ਐਨਕ

ਉਂਝ ਤਾਂ ਕਾਲੀ ਐਨਕ ਇਕ ਫੈਸ਼ਨ ਅਸੈਸਰੀ ਹੈ। ਇਹ ਫਾਇਦੇ ਲਈ ਘੱਟ ਅਤੇ ਖੁਦ ਨੂੰ ਟ੍ਰੈਂਡੀ ਦਿਖਾਉਣ ਲਈ ਜ਼ਿਆਦਾ ਪਹਿਨੀ ਜਾਂਦੀ ਹੈ। ਕੁਝ ਬਾਲੀਵੁੱਡ ਸਲੈਬ੍ਰਿਟੀਜ਼ ਨੂੰ ਤਾਂ ਇੰਨਾ ਸ਼ੌਕ ਹੈ ਕਿ ਉਹ ਰਾਤ ਨੂੰ ਵੀ ਕਾਲੀ ਐਨਕ ਲਗਾਈ ਦੇਖੇ ਜਾਂਦੇ ਹਨ। ਕਈ ਵਾਰ ਤਾਂ ਸਮਝ ਨਹੀਂ ਆਉਂਦਾ ਕਿ ਆਖਿਰ ਉਨ੍ਹਾਂ ਨੇ ਇਹ ਕਾਲੀ ਐਨਕ ਕਿਉਂ ਪਹਿਨੀ ਹੋਈ ਹੈ। ਹੁਣੇ ਜਿਹੇ ਇਕ ਐਵਾਰਡ ਸਮਾਰੋਹ 'ਤੇ ਸੈਫ ਅਲੀ ਖਾਨ ਰਾਤ ਸਮੇਂ ਕਾਲੀ ਐਨਕ ਲਗਾਏ ਪਹੁੰਚਿਆ। ਪਹਿਲਾਂ ਤਾਂ ਉਸ ਨੂੰ ਦੇਖ ਕੇ ਇਹੀ ਲੱਗਾ ਕਿ ਉਸ ਨੇ ਇਹ ਬਤੌਰ ਫੈਸ਼ਨ ਸਟੇਟਮੈਂਟ ਪਹਿਨੀ ਹੋਈ ਹੈ। ਪਰ ਫਿਰ ਧਿਆਨ ਨਾਲ ਦੇਖਣ 'ਤੇ ਪਤਾ ਲੱਗਾ ਕਿ ਇਹ ਕਾਲੀ ਐਨਕ ਨਹੀਂ ਸਗੋਂ ਨਜ਼ਰ ਦੀ ਐਨਕ ਸੀ। ਸੈਫ ਜਲਦੀ ਹੀ ਕਰਨ ਜੌਹਰ ਵਲੋਂ ਪ੍ਰੋਡਿਊਸਡ ਅਤੇ ਰੇਂਸਿਲ-ਡੀ-ਸਿਲਵਾ ਵਲੋਂ ਨਿਰਦੇਸ਼ਿਤ ਫਿਲਮ ਵਿਚ ਦਰਸ਼ਕਾਂ ਨੂੰ ਦਿਖਾਈ ਦੇਣ ਵਾਲਾ ਹੈ। ਇਸ ਤੋਂ ਇਲਾਵਾ ਸੈਫ ਦੀਪਿਕਾ ਪਾਦੁਕੋਨ ਨਾਲ ਇਮਤਿਆਜ਼ ਅਲੀ ਵਲੋਂ ਨਿਰਦੇਸ਼ਿਤ ਆਪਣੀ ਹੋਮ ਪ੍ਰੋਡਕਸ਼ਨ ਫਿਲਮ ਵਿਚ ਵੀ ਅਭਿਨੈ ਕਰਨ ਜਾ ਰਿਹਾ ਹੈ।

# ਗਲੈਮਰਸ ਕਿਰਦਾਰ ਤੋਂ ਹਟ ਕੇ ਸਮੀਰਾ



ਬਾਲੀਵੁੱਡ ਦੀਆਂ ਹੌਟ ਸੁੰਦਰੀਆਂ ਵਿਚੋਂ ਇਕ ਸਮੀਰਾ ਰੈੱਡੀ ਲੰਬੇ ਸਮੇਂ ਤੋਂ ਬਾਲੀਵੁੱਡ ਵਿਚ ਅਭਿਨੈ ਕਰ ਰਹੀ ਹੈ ਪਰ ਅਜੇ ਤਕ ਉਸ ਨੂੰ ਆਪਣੀ ਮਨਚਾਹੀ ਸਫਲਤਾ ਹਾਸਲ ਨਹੀਂ ਹੋ ਸਕੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਹੁਣ ਉਹ ਆਪਣੀ ਗਲੈਮਰ ਭਰਪੂਰ ਇਮੇਜ ਤੋਂ ਵੱਖ ਫਿਲਮਾਂ ਵਿਚ ਵੀ ਖੁਦ ਨੂੰ ਅਜ਼ਮਾਉਣ ਲੱਗੀ ਹੈ। ਅੱਜਕਲ ਰਾਜਸਥਾਨ ਦੇ ਇਕ ਪਿੰਡ ਵਿਚ ਨਾਗੇਸ਼ ਕੁਕੁਨੂਰ ਦੀ ਫਿਲਮ 'ਯਹ ਹੌਸਲਾ' ਦੀ ਸ਼ੂਟਿੰਗ ਖਤਮ ਕਰਕੇ ਵਾਪਸ ਮੁੰਬਈ ਪਰਤ ਆਈ ਹੈ। ਸਮੀਰਾ ਨੇ ਰਾਜਸਥਾਨ ਵਿਚ ਸ਼ੂਟਿੰਗ ਦੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਦਿਆ, "ਉਥੇ ਬਹੁਤ ਗਰਮੀ ਸੀ। ਉਥੇ ਇੰਨੀ ਜ਼ਿਆਦਾ ਗਰਮੀ ਸੀ ਕਿ ਮੇਰੀ ਸਕਿੰਨ ਦਾ ਰੰਗ ਹੀ ਸਾਂਵਲਾ ਪੈ ਗਿਆ। ਨਾਗੇਸ਼ ਨੇ ਮੈਨੂੰ ਕਿਹਾ ਸੀ ਕਿ ਮੈਂ ਡੇਢ ਮਹੀਨੇ ਤਕ ਮੁੰਬਈ ਨਹੀਂ ਜਾ ਸਕਦੀ। ਉਹ ਚਾਹੁੰਦੇ ਸਨ ਕਿ ਮੈਂ ਆਪਣੇ ਕਿਰਦਾਰ ਵਿਚ ਪੂਰੀ ਤਰ੍ਹਾਂ ਸਮਾ ਜਾਵਾਂ ਅਤੇ ਉਹੀ ਔਰਤ ਬਣ ਜਾਵਾਂ। ਉਨ੍ਹਾਂ ਦੇ ਤਰੀਕੇ ਨੇ ਪੂਰੀ ਤਰ੍ਹਾਂ ਕੰਮ ਕੀਤਾ। ਉਥੇ ਧਿਆਨ ਹਟਾਉਣ ਵਾਲੀ ਕਿਸੇ ਤਰ੍ਹਾਂ ਦੀ ਕੋਈ ਚੀਜ਼ ਨਹੀਂ ਸੀ। ਇਸ ਕਾਰਨ ਮੈਂ ਫਿਲਮ ਵਿਚ ਇਕ ਪੇਂਡੂ ਔਰਤ ਲੱਗ ਰਹੀ ਹਾਂ।''

# ਕਰੀਨਾ ਦੇ ਠੁਮਕਿਆਂ 'ਤੇ 'ਬੈਨ'



ਕਰੀਨਾ ਕਪੂਰ ਦੇ ਇਕ-ਇਕ ਠੁਮਕੇ ਦੀ ਕੀਮਤ ਅੱਜ ਲੱਖਾਂ 'ਚ ਅੰਦਾਜ਼ੀ ਜਾ ਸਕਦੀ ਹੈ ਤਾਂ ਤੁਸੀਂ ਜ਼ਰੂਰ ਇਹੀ ਸੋਚ ਰਹੇ ਹੋਵੋਗੇ ਕਿ ਆਖਿਰ ਕਿਹੜਾ ਅਜਿਹਾ ਸ਼ਖ਼ਸ ਹੋਵੇਗਾ, ਜੋ ਕਰੀਨਾ ਦੇ ਇੰਨ੍ਹਾਂ ਅਥਾਹ ਕੀਮਤੀ ਠੁਮਕਿਆਂ 'ਤੇ ਹੀ ਬੈਨ ਲਗਾਉਣ ਦੀ ਮੂਰਖਤਾ ਕਰ ਸਕੇ। ਜੀ ਨਹੀਂ, ਖੁਦ ਕਰੀਨਾ ਦੇ ਇਲਾਵਾ ਅਜਿਹੀ ਹਿਮਾਕਤ ਕੋਈ ਹੋਰ ਕਰ ਵੀ ਨਹੀਂ ਸਕਦਾ। ਕਰੀਨਾ ਨੇ ਖੁਦ ਹੀ ਆਪਣੇ ਠੁਮਕਿਆਂ 'ਤੇ ਬੈਨ ਲਗਾਉਣ ਦਾ ਨਿਸ਼ਚੇ ਕੀਤਾ ਹੈ। ਕਰੀਨਾ ਨੇ ਇਹ ਫ਼ੈਸਲਾ ਆਪਣੇ ਪਰਿਵਾਰ ਦੀ ਇੱਜ਼ਤ ਲਈ ਕੀਤਾ ਹੈ ਪਰ ਨਾ ਤਾਂ ਆਪਣੇ ਕੈਰੀਅਰ ਦੇ ਇਸ ਸੁਨਹਿਰੇ ਦੌਰ 'ਚ ਅਜੇ ਉਸ ਦੀ ਮਨਸ਼ਾ ਫਿਲਮਾਂ 'ਚੋਂ ਰਿਟਾਇਰਮੈਂਟ ਲੈਣ ਦੀ ਹੈ ਅਤੇ ਨਾ ਹੀ ਉਸ ਨੇ ਆਪਣੀਆਂ ਫਿਲਮਾਂ 'ਚ ਠੁਮਕੇ ਲਗਾਉਣ 'ਤੇ ਬੈਨ ਲਗਾਇਆ ਹੈ। ਕਰੀਨਾ ਨੇ ਇਹ ਫ਼ੈਸਲਾ ਕੀਤਾ ਹੈ ਕਿ ਭਵਿੱਖ 'ਚ ਦੂਜਿਆਂ ਦੇ ਵਿਆਹਾਂ 'ਚ ਠੁਮਕੇ ਨਾ ਲਗਾਉਣ ਬਾਰੇ ਦਰਅਸਲ ਬਾਲੀਵੁੱਡ ਦੀਆਂ ਨਾਮੀ ਹੀਰੋਇਨਾਂ ਵੀ ਵੱਡੀਆਂ-ਵੱਡੀਆਂ ਸ਼ਖ਼ਸੀਅਤਾਂ ਦੇ ਘਰ ਹੋਣ ਵਾਲੀਆਂ ਪਾਰਟੀਆਂ ਜਾਂ ਵਿਆਹ ਦੇ ਸਮਾਗਮਾਂ ਵਿਚ ਉਨ੍ਹਾਂ ਦੇ ਮਹਿਮਾਨਾਂ ਦਾ ਮਨੋਰੰਜਨ ਕਰਨ ਲਈ ਠੁਮਕੇ ਲਗਾਉਂਦੀਆਂ ਹਨ ਅਤੇ ਇਨ੍ਹਾਂ ਠੁਮਕਿਆਂ ਦੀ ਕਾਫੀ ਮੋਟੀ ਕੀਮਤ ਵੀ ਵਸੂਲਦੀਆਂ ਹਨ ਪਰ ਕਰੀਨਾ ਨੇ ਹੁਣ ਫ਼ੈਸਲਾ ਕੀਤਾ ਹੈ ਕਿ ਉਹ ਹੁਣ ਆਪਣੇ ਪਰਿਵਾਰ ਦੀ ਇੱਜ਼ਤ ਦੀ ਖਾਤਿਰ ਅਜਿਹੇ ਵਿਆਹਾਂ 'ਚ ਨਹੀਂ ਨੱਚੇਗੀ, ਬੇਸ਼ੱਕ ਉਸ ਲਈ ਉਨ੍ਹਾਂ ਨੂੰ ਕਿੰਨੀ ਹੀ ਮੋਟੀ ਰਕਮ ਦਾ ਲਾਲਚ ਕਿਉਂ ਨਾ ਮਿਲੇ।

# ਨੇਹਾ ਦੀ ਭਾਲ



ਨੇਹਾ ਧੂਪੀਆ ਹੁਣ ਫਿਲਮਾਂ ਵਿਚ ਅੰਗ ਪ੍ਰਦਰਸ਼ਨ ਦੇ ਸਹਾਰੇ ਹੀ ਆਪਣੀ ਦੁਕਾਨ ਚਮਕਾਉਣ ਦੀ ਬਜਾਏ ਫਿਲਮਾਂ ਵਿਚ ਛੋਟੀਆਂ ਪਰ ਦਮਦਾਰ ਅਤੇ ਮਹੱਤਵਪੂਰਨ ਭੂਮਿਕਾਵਾਂ ਰਾਹੀਂ ਆਪਣੀ ਇਕ ਵੱਖਰੀ ਪਛਾਣ ਬਣਾਉਣ ਦੀ ਕੋਸ਼ਿਸ਼ ਵਿਚ ਹੈ ਅਤੇ ਉਸ ਨੂੰ ਇਸ ਵਿਚ ਸਫਲਤਾ ਵੀ ਮਿਲ ਰਹੀ ਹੈ। ਇਨ੍ਹੀਂ ਦਿਨੀਂ ਉਹ ਫਿਲਮਾਂ ਵਿਚ ਅਰਥਹੀਨ ਲੀਡ ਰੋਲ ਨਿਭਾਉਣ ਦੀ ਬਜਾਏ ਛੋਟੇ ਪਰ ਸਾਰਥਕ ਕਿਰਦਾਰ ਨਿਭਾਉਣ ਵਿਚ ਆਪਣੀ ਦਿਲਚਸਪੀ ਕਾਰਨ ਚਰਚਾ ਵਿਚ ਹੈ। ਬੀਤੇ ਸਾਲ ਦੋ ਫਿਲਮਾਂ 'ਸਿੰਘ ਇਜ਼ ਕਿੰਗ' ਅਤੇ 'ਮਿਥਿਆ' ਵਿਚ ਆਪਣੇ ਅਭਿਨੈ ਲਈ ਪ੍ਰਸ਼ੰਸਾ ਹਾਸਲ ਕਰਨ ਤੋਂ ਇਲਾਵਾ ਨੇਹਾ ਨੇ ਦੋ ਹੋਰ ਫਿਲਮਾਂ 'ਮਹਾਰਥੀ' ਅਤੇ 'ਦਸਵਿਦਾਨੀਆਂ' ਵਿਚ ਵੀ ਛੋਟੇ ਪਰ ਮਜ਼ਬੂਤ ਕਿਰਦਾਰ ਨਿਭਾ ਕੇ ਆਪਣੀ ਇਕ ਵੱਖਰੀ ਪਛਾਣ ਬਣਾਉਣ ਵਿਚ ਸਫਲਤਾ ਹਾਸਲ ਕੀਤੀ ਸੀ। ਸ਼ਾਇਦ ਫਿਲਮਾਂ ਵਿਚ ਲੀਡ ਰੋਲ ਦੀ ਬਜਾਏ ਅਜਿਹੇ ਕਿਰਦਾਰ ਕਰਕੇ ਨੇਹਾ ਖੁਦ ਅੰਦਰ ਲੁਕੀ ਇਕ ਅਭਿਨੇਤਰੀ ਦੀ ਭਾਲ ਕਰ ਰਹੀ ਹੈ। ਇਸ ਬਾਰੇ ਨੇਹਾ ਕਹਿੰਦੀ ਹੈ, "ਹਿੰਦੀ ਫਿਲਮਾਂ ਦੀਆਂ ਜ਼ਿਆਦਾਤਰ ਅਭਿਨੇਤਰੀਆਂ ਫਿਲਮਾਂ ਵਿਚ ਸਿਰਫ ਕਠਪੁਤਲੀ ਨਜ਼ਰ ਆਉਂਦੀਆਂ ਹਨ ਪਰ ਲੀਡ ਰੋਲ ਦੇ ਨਾਲ-ਨਾਲ ਕੁਝ ਵੱਖਰੀ ਤਰ੍ਹਾਂ ਦੀਆਂ ਛੋਟੀਆਂ ਪਰ ਸਾਰਥਕ ਭੂਮਿਕਾਵਾਂ ਕਰਕੇ ਮੈਂ ਇਕ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹਾਂ।'' ਨੇਹਾ ਕਹਿੰਦੀ ਹੈ ਕਿ ਉਸ ਤੋਂ ਇਲਾਵਾ ਕਮਰਸ਼ੀਅਲ ਸਿਨੇਮਾ ਦੀ ਹੋਰ ਕਿਹੜੀ ਅਭਿਨੇਤਰੀ ਇਸ ਤਰ੍ਹਾਂ ਦੇ ਕਿਰਦਾਰ ਨਿਭਾ ਰਹੀ ਹੈ? ਆਪਣੇ ਅੰਦਰ ਲੁਕੀ ਇਕ ਮਜ਼ਬੂਤ ਅਭਿਨੇਤਰੀ ਨੂੰ ਲੱਭ ਰਹੀ ਨੇਹਾ ਦੀਆਂ ਇਸ ਸਾਲ ਕਈ ਫਿਲਮਾਂ ਰਿਲੀਜ਼ ਹੋਣ ਵਾਲੀਆਂ ਹਨ। ਇਨ੍ਹਾਂ ਫਿਲਮਾਂ ਵਿਚ ਨੇਹਾ ਵੱਖ-ਵੱਖ ਕਿਰਦਾਰਾਂ ਵਿਚ ਨਜ਼ਰ ਆਵੇਗੀ। ਨੇਹਾ ਦੀਆਂ ਆਉਣ ਵਾਲੀਆਂ ਫਿਲਮਾਂ ਵਿਚ 'ਆਈ. ਐਮ. 24', 'ਰਾਤ ਗਈ ਬਾਤ ਗਈ', 'ਪੱਪੂ ਕਾਂਟ ਡਾਂਸ ਸਾਲਾ', 'ਦੇ ਦਨਾਦਨ' ਅਤੇ 'ਰਫਤਾਰ' ਮੁੱਖ ਹਨ।

# ...ਤਾਂ ਹੋਟਲ 'ਚ ਸ਼ੈਫ ਹੁੰਦੀ

ਖੂਬਸੂਰਤ ਅਤੇ ਸੈਕਸੀ ਅਭਿਨੇਤਰੀ ਤਨੁਸ਼੍ਰੀ ਦੱਤਾ ਨੂੰ ਦੇਖਣ ਲਈ ਨੌਜਵਾਨਾਂ ਦਾ ਹਜੂਮ ਟੁੱਟ ਪਿਆ ਸੀ। 'ਆਸ਼ਿਕ ਬਨਾਯਾ ਆਪਨੇ' ਦੀ ਇਸ ਸੁੰਦਰੀ ਨੇ ਸੱਚਮੁੱਚ ਦਰਸ਼ਕਾਂ ਦੇ ਦਿਲਾਂ ਦੀ ਧੜਕਨ ਤੇਜ਼ ਕਰ ਦਿੱਤੀ ਸੀ। ਪੇਸ਼ ਹੈ 'ਮਿਸ ਇੰਡੀਆ' ਬਣਨ ਪਿਛੋਂ ਮੁੰਬਈ ਤੱਕ ਦਾ ਸਫਰ ਤੈਅ ਕਰਨ ਵਾਲੀ ਤਨੁਸ਼੍ਰੀ ਦੱਤਾ ਨਾਲ ਇਕ ਤਾਜ਼ੀ ਮੁਲਾਕਾਤ-

* ਫਿਲਮ 'ਆਸ਼ਿਕ ਬਨਾਯਾ ਆਪਨੇ' 'ਚ ਹੌਟ ਦ੍ਰਿਸ਼ ਦੇਣ ਦੇ ਬਾਵਜੂਦ ਅਜਿਹਾ ਕੀ ਹੋਇਆ ਜੋ ਤੁਸੀ ਸੈਕਸੀ ਦ੍ਰਿਸ਼ਾਂ ਦੀ ਪੋਲ ਖੋਲ੍ਹਣ 'ਤੇ ਉਤਾਰੂ ਹੋ ਗਏ?

-ਮੈਂ ਉਨ੍ਹਾਂ ਫਿਲਮਾਂ ਦੀ ਗੱਲ ਕਰ ਰਹੀ ਹਾਂ, ਜਿੱਥੇ ਬਿਨਾਂ ਕਾਰਨ ਸੈਕਸੀ ਸੀਨ ਥੋਪ ਕੇ ਅਭਿਨੇਤਰੀਆਂ ਨੂੰ ਇਕ ਤਰ੍ਹਾਂ ਬਲੈਕਮੇਲ ਕੀਤਾ ਜਾਂਦਾ ਹੈ। ਉਪਰੋਕਤ ਫਿਲਮ 'ਚ ਮੈਂ ਜਿਹੋ ਜਿਹੇ ਸੀਨ ਦਿੱਤੇ ਸਨ। ਉਹ ਤਾਂ ਕਹਾਣੀ ਦੀ ਮੰਗ ਮੁਤਾਬਿਕ ਸਨ। ਉਹ ਅਜਿਹਾ ਸਮਾਂ ਸੀ, ਜਦੋਂ ਫਿਲਮਾਂ 'ਚ ਸੈਕਸ ਨੂੰ ਸਫਲਤਾ ਦਾ ਫਾਰਮੂਲਾ ਮੰਨ ਲਿਆ ਗਿਆ ਸੀ ਪਰ ਬਾਅਦ 'ਚ ਇਹ ਧਾਰਨਾ ਗਲਤ ਹੀ ਸਿੱਧ ਹੋਈ। ਅੱਜ ਮੈਂ ਸੈਕਸੀ ਦ੍ਰਿਸ਼ਾਂ ਦੀ ਬਜਾਏ ਅਭਿਨੈ ਦੀ ਗੁੰਜਾਇਸ਼ ਵਾਲੇ ਰੋਲ ਕਰਨਾ ਹੀ ਜ਼ਿਆਦਾ ਪਸੰਦ ਕਰਾਂਗੀ।

* ਆਪਣੀਆਂ ਪ੍ਰਦਰਸ਼ਿਤ ਫਿਲਮਾਂ ਬਾਰੇ ਤੁਹਾਡੀ ਕੀ ਰਾਏ ਹੈ?

-ਹੁਣ ਤੱਕ ਮੈਂ ਜੋ ਫਿਲਮਾਂ ਕੀਤੀਆਂ ਹਨ। ਉਨ੍ਹਾਂ ਤੋਂ ਮੈਨੂੰ ਬਹੁਤ ਸੰਤੁਸ਼ਟੀ ਮਿਲੀ ਹੈ। ਉਹ ਮੈਨੂੰ ਤਾਂ ਚੰਗੀਆਂ ਲੱਗੀਆਂ ਹੀ ਹਨ। ਉਂਝ ਮੈਂ ਆਪਣੀਆਂ ਫਿਲਮਾਂ ਬਾਰੇ ਆਪਣੇ ਮਾਤਾ-ਪਿਤਾ ਨਾਲ ਵੀ ਗੱਲ ਕਰਦੀ ਹਾਂ। ਉਹ ਦੋਵੇਂ ਬਹੁਤਖੁੱਲ੍ਹੇ ਵਿਚਾਰਾਂ ਵਾਲੇ ਹਨ। ਅਸੀਂ ਸਭ ਆਪੋ-ਆਪਣੇ ਕੰਮ ਦਾ ਸੰਤੁਲਨ ਬਣਾ ਕੇ ਚੱਲਦੇ ਹਾਂ।

* ਬਾਲੀਵੁੱਡ 'ਚ ਤੁਹਾਨੂੰ ਸਭ ਤੋਂ ਵੱਧ ਅੰਗ ਪ੍ਰਦਰਸ਼ਨ ਕਰਨ ਵਾਲੀ ਅਦਾਕਾਰਾ ਮੰਨਿਆ ਜਾਂਦਾ ਹੈ। ਭਵਿੱਖ 'ਚ ਇਮੇਜ ਬਦਲਣ ਲਈ ਤੁਸੀਂ ਕੀ ਕਰਨ ਵਾਲੇ ਹੋ?

-ਇਹ ਸੱਚ ਹੈ ਕਿ ਇਕ ਅੱਧੀ ਬ੍ਰੇਕ ਦੀ ਇੱਛਾ ਅਤੇ ਉਸ ਵੇਲੇ ਦੇ ਹਿਸਾਬ ਨਾਲ ਮੈਂ ਹੌਟ ਦ੍ਰਿਸ਼ਾਂ ਨਾਲ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ ਪਰ ਹੁਣ ਮੈਂ ਆਪਣੇ ਅਭਿਨੈ 'ਚ ਤਬਦੀਲੀ ਲਿਆਉਣੀ ਚਾਹੁੰਦੀ ਹਾਂ ਤਾਂ ਕਿ ਮੈਂ ਆਪਣੀ ਅੰਗ ਪ੍ਰਦਰਸ਼ਕ ਅਭਿਨੇਤਰੀ ਵਾਲੀ ਇਮੇਜ ਨੂੰ ਬਦਲ ਸਕਾਂ। ਉਂਝ ਵੀ ਸਾਰੇ ਫੈਸਲੇ ਮੇਰੇ ਆਪਣੇ ਹੀ ਲਏ ਹੋਏ ਸਨ, ਜਿਸ ਲਈ ਮੈਂ ਕਿਸੇ ਨੂੰ ਜ਼ਿੰਮੇਵਾਰ ਨਹੀਂ ਮੰਨਦੀ।

* ਫਿਲਮਾਂ 'ਚ ਸੈਕਸ ਵਿਕਦਾ ਹੈ, ਇਸ ਤੋਂ ਉਲਟ ਦੂਜੀਆਂ ਭੂਮਿਕਾਵਾਂ 'ਚ ਤੁਸੀਂ ਕਿਵੇਂ ਅਤੇ ਕਦੋਂ ਤੱਕ ਟਿਕੇ ਰਹੋਗੇ?

-ਮੱਧਵਰਗੀ ਪਰਿਵਾਰ ਨਾਲ ਸੰਬੰਧਤ ਹੋਣ ਦੇ ਬਾਵਜੂਦ ਮੈਂ ਇਥੋਂ ਤੱਕ ਪਹੁੰਚੀ ਹਾਂ ਤਾਂ ਇਸਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਮੇਰੀ ਐਂਟਰੀ ਸੈਕਸ ਦੀ ਬਦੌਲਤ ਹੋਈ ਹੈ। ਮੈਂ ਤੁਹਾਨੂੰ ਦੱਸ ਦਿਆਂ ਕਿ ਦਰਜਨਾਂ ਫਿਲਮਾਂ ਦੀ ਸਫਲਤਾ ਇਸ ਗੱਲ ਦੀ ਗਵਾਹੀ ਹੈ ਕਿ ਸੈਕਸ ਦੀ ਮੌਜੂਦਗੀ ਤੋਂ ਬਹੁਤੇ ਲੋਕ ਅੱਕ ਚੁੱਕੇ ਹਨ ਕਿਉਂਕਿ ਸੈਕਸ ਦਾ ਬਜ਼ਾਰ ਫਿਲਮਾਂ ਤੋਂ ਨਹੀਂ, ਨਿਊਡ ਫਿਲਮਾਂ ਅਤੇ ਬਲਿਊ ਸੀਡੀਜ਼ ਦੀ ਬਦੌਲਤ ਹੈ।

* ਫਿਲਮਾਂ 'ਚ ਸਫਲਤਾ ਕਿਵੇਂ ਮਿਲਦੀ ਹੈ?

-ਅੱਜ ਕੱਲ ਹਰ ਪਾਸੇ ਮੁਕਾਬਲਾ ਹੈ। ਫਿਲਮਾਂ ਅਤੇ ਗਲੈਮਰ ਜਗਤ 'ਚ ਵੀ ਹੈ। ਇਕ ਹੀ ਜਗ੍ਹਾ 'ਤੇ ਹਜ਼ਾਰਾਂ ਮੁਕਾਬਲੇਬਾਜ਼ ਹੁੰਦੇ ਹਨ। ਸਫਲਤਾ ਲਈ ਖੁਦ ਨੂੰ ਸਭ ਤੋਂ ਅੱਗੇ ਲਿਆ ਕੇ ਦਿਖਾਉਣਾ ਪੈਂਦਾ ਹੈ। ਗਲੈਮਰ 'ਚ ਆਕਰਸ਼ਣ ਹੁੰਦਾ ਹੈ ਪਰ ਸਫਲਤਾ ਉਦੋਂ ਹੀ ਮਿਲਦੀ ਹੈ। ਜਦੋਂ ਲਗਾਤਾਰ ਅਭਿਆਸ ਨਾਲ ਉਸ ਨੂੰ ਪ੍ਰਦਰਸ਼ਨ ਯੋਗ ਬਣਾਇਆ ਜਾ ਸਕੇ। ਮੈਂ ਦੇਖਿਆ ਹੈ ਕਿ ਕੁਝ ਮੁਟਿਆਰਾਂ ਬਹੁਤ ਮਿਹਨਤ ਕਰਦੀਆਂ ਹਨ। ਸਫਲਤਾ ਉਨ੍ਹਾਂ ਕੋਲ ਆ ਕੇ ਲੰਬੇ ਸਮੇਂ ਤੱਕ ਟਿਕ ਜਾਂਦੀ ਹੈ। ਫਿਲਮਾਂ 'ਚ ਕੰਮ ਕਰਨ ਦੀ ਇੱਛਾ ਰੱਖਣ ਵਾਲਿਆਂ ਨੂੰ ਸਿਰਫ ਅਭਿਨੈ ਹੀ ਨਹੀਂ, ਨ੍ਰਿਤ ਆਦਿ 'ਚ ਵੀ ਨਿਪੁੰਨ ਹੋਣਾ ਚਾਹੀਦੈ।

* ਫਿਲਮਾਂ 'ਚ ਨਾ ਆਉਂਦੇ ਤਾਂ ਕੀ ਕਰਦੇ?

-ਮੈਂ ਬੀ. ਕਾਮ ਕਰਕੇ ਹੋਟਲ ਮੈਨਜਮੈਂਟ ਦਾ ਕੋਰਸ ਵੀ ਕਰ ਚੁੱਕੀ ਹਾਂ। ਜੇਕਰ ਫਿਲਮਾਂ 'ਚ ਨਾ ਆਉਂਦੀ ਤਾਂ ਕਿਸੇ ਹੋਟਲ 'ਚ ਸ਼ੈਫ ਹੁੰਦੀ।

* ਆਪਣੇ, ਅਭਿਨੈ ਅਤੇ ਫਿਲਮੀ ਦੁਨੀਆ ਨਾਲ ਜੁੜੇ ਲੋਕਾਂ ਬਾਰੇ ਕੁਝ ਦੱਸੋ?

-ਅਭਿਨੈ ਦਿਲ ਦੀਆਂ ਡੂੰਘਾਈਆਂ ਤੋਂ ਹੁੰਦਾ ਹੈ। ਪਾਤਰਾਂ ਦੇ ਹਿਸਾਬ ਨਾਲ ਖੁਦ ਨੂੰ ਬਦਲਣਾ ਪੈਂਦਾ ਹੈ। ਮੇਰੇ ਹਰ ਰੋਲ 'ਚ ਵੰਨਗੀ ਹੁੰਦੀ ਹੈ।


* ਅਜਿਹਾ ਕੀ ਕਾਰਨ ਸੀ, ਜੋ ਤੁਸੀਂ ਨਾ ਚਾਹੁੰਦਿਆਂ ਵੀ ਬਾਲੀਵੁੱਡ 'ਚ ਕਿਸਮਤ ਅਜ਼ਮਾਉਣ ਲਈ ਆ ਗਏ?

-ਮਾਡਲਿੰਗ ਅਤੇ ਅਭਿਨੈ ਦਾ ਤਾਂ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਮੈਂ ਸਿਰਫ 10 ਸਾਲ ਦੀਉਮਰ 'ਚ ਹੀ 'ਮਿਸ ਇੰਡੀਆ' ਬਣਨ ਦਾ ਸੁਪਨਾ ਦੇਖਿਆ ਸੀ, ਜਿਸ ਨੂੰ ਮੈਂ ਸਹੀ ਉਮਰ 'ਚ ਸਾਕਾਰ ਕੀਤਾ ਪਰ ਮਾਡਲਿੰਗ ਦਾ ਅਗਲਾ ਪੜਾਅ ਫਿਲਮਾਂ ਹੀ ਹੁੰਦੀਆਂ ਹਨ। ਇਸ ਲਈ ਮੈਂ ਮੁੰਬਈ ਆ ਗਈ। ਜਮਸ਼ੇਦਪੁਰ (ਝਾਰਖੰਡ) ਤੋਂ ਮੁੰਬਈ ਤੱਕ ਦਾ ਸਫਰ ਮੇਰੀ ਜ਼ਿੰਦਗੀ 'ਚ ਟਰਨਿੰਗ ਪੁਆਇੰਟ ਹੀ ਸਿੱਧ ਹੋਇਆ ਹੈ। ਮੈਂ ਉਨ੍ਹਾਂ ਕੁਝ ਇਕ ਖੁਸ਼ਨਸੀਬ ਅਭਿਨੇਤਰੀਆਂ 'ਚੋਂ ਹਾਂ, ਜਿਨ੍ਹਾਂ ਨੂੰ ਇੱਥੇ ਆਉਂਦਿਆਂ ਹੀ 'ਆਸ਼ਿਕ ਬਨਾਯਾ ਆਪਨੇ' ਅਤੇ 'ਚਾਕਲੇਟ' ਵਰਗੀਆਂ ਦਮਦਾਰ ਫਿਲਮਾਂ ਨਾਲ ਕੈਰੀਅਰ ਸ਼ੁਰੂ ਕਰਨ ਦਾ ਸ਼ਾਨਦਾਰ ਮੌਕਾ ਮਿਲਿਆ।






# ਕੁਝ ਕਹਿੰਦੀ ਹੈ ਤੁਹਾਡੀ ਅੰਗੂਠੀ



ਕਈ ਔਰਤਾਂ ਨੂੰ ਅੰਗੂਠੀਆਂ ਪਹਿਨਣ ਦਾ ਬਹੁਤ ਜ਼ਿਆਦਾ ਸ਼ੌਕ ਹੁੰਦਾ ਹੈ। ਕਈਆਂ ਨੂੰ ਤਾਂ ਆਪਣੇ ਹੱਥਾਂ ਦੀ ਹਰ ਉਂਗਲੀ 'ਚ ਇਕ ਨਾ ਇਕ ਅੰਗੂਠੀ ਪਹਿਨੀ ਦੇਖਿਆ ਜਾ ਸਕਦਾ ਹੈ। ਅੰਗੂਠੀਆਂ ਕਈ ਕਿਸਮਾਂ 'ਚ ਆਉਂਦੀਆਂ ❀ਨ। ਇਹ ਰੰਗ-ਬਿਰੰਗੇ ਮਾਣਕਾਂ, ਹੀਰੇ, ਸੋਨੇ, ਚਾਂਦੀ, ਤਾਂਬੇ ਤੋਂ ਲੈ ਕੇ ਆਮ ਲੋਹੇ ਅਤੇ ਪਲਾਸਟਿਕ ਆਦਿ 'ਚ ਮਿਲਦੀਆਂ ਹਨ। ਉਂਝ ਤਾਂ ਅੰਗੂਠੀਆਂ ਨੂੰ ਗਹਿਣੇ ਦੇ ਤੌਰ 'ਤੇ ਹੀ ਪਹਿਨਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਸਭ ਤੋਂ ਵੱਡੀ ਖ਼ਾਸੀਅਤ ਹੈ ਕਿ ਇਹੀ ਇਕ ਅਜਿਹਾ ਗਹਿਣਾ ਹੈ, ਜਿਸ ਨੂੰ ਔਰਤਾਂ ਅਤੇ ਮਰਦ ਸਮਾਨ ਰੂਪ 'ਚ ਪਹਿਨਦੇ ਹਨ। ਅੰਗੂਠੀਆਂ ਤੁਹਾਡੇ ਹੱਥਾਂ ਦੀ ਸੁੰਦਰਤਾ ਵਧਾਉਣ ਦੇ ਨਾਲ ਹੀ ਤੁਹਾਡੀ ਸ਼ਖ਼ਸੀਅਤ ਬਾਰੇ ਵੀ ਕਾਫੀ ਕੁਝ ਦੱਸ ਸਕਦੀਆਂ ਹਨ।

### ਹੀਰੇ ਜੜੀ ਅੰਗੂਠੀ

ਇਸ ਤਰ੍ਹਾਂ ਦੀਆਂ ਅੰਗੂਠੀਆਂ ਪਹਿਨਣ ਵਾਲੇ ਕਾਫੀ ਰੁਚੀਪੂਰਨ ਸੁਭਾਅ ਦੇ ਮਾਲਕ ਹੁੰਦੇ ਹਨ। ਚਾਹੇ ਹੀਰੇ ਸੋਨੇ 'ਚ ਜਾਂ ਫਿਰ ਵ੍ਹਾਈਟ ਗੋਲਡ 'ਚ ਜੜੇ ਹੋਣ ਜਾਂ ਤੁਹਾਡੇ ਕੋਲ ਹੀਰਿਆਂ ਜੜੀ ਪਲੈਟੀਨਮ ਦੀ ਅੰਗੂਠੀ ਹੋਵੇ, ਇਹ ਤੁਹਾਨੂੰ ਕਦੀ ਨਿਰਾਸ਼ ਨਹੀਂ ਕਰੇਗੀ। ਹੀਰੇ ਉੱਚ ਸ਼੍ਰੇਣੀ ਦੇ ਪ੍ਰਤੀਕ ਹਨ। ਲਾਭ : ਇਹ ਕਿਸੇ ਵੀ ਲਿਬਾਸ ਨਾਲ ਮੇਲ ਖਾ ਜਾਂਦੀ ਹੈ। ਹਾਨੀ : ਹਾਈ-ਪ੍ਰੋਫਾਈਲ ਮੀਟਿੰਗਾਂ 'ਚ ਜ਼ਿਆਦਾ ਤੜਕ-ਭੜਕ ਵਾਲੀਆਂ ਅੰਗੂਠੀਆਂ ਚੰਗੀਆਂ ਨਹੀਂ ਲੱਗਦੀਆਂ।

### ਜਨਮ ਰਤਨ ਨਾਲ ਜੁੜੀ ਅੰਗੂਠੀ

ਜੇਕਰ ਤੁਸੀਂ ਜਨਮ ਰਤਨ ਜੜੀ ਅੰਗੂਠੀ ਪਹਿਨੀ ਹੈ ਤਾਂ ਤੁਸੀਂ ਕਿਸਮਤ 'ਚ ਵਿਸ਼ਵਾਸ ਰੱਖਣ ਵਾਲਿਆਂ 'ਚੋਂ ਇਕ ਹੋ। ਹਮੇਸ਼ਾ ਆਪਣੀ ਉਂਗਲੀ 'ਚ ਇਸ ਤਰ੍ਹਾਂ ਦੀ ਅੰਗੂਠੀ ਪਹਿਨਣ ਵਾਲਿਆਂ ਦੀ ਦਲੀਲ 'ਚ ਯਕੀਨ ਰੱਖਣ ਵਾਲੇ ਨੂੰ ਪਛੜਿਆ ਹੋਇਆ ਸਮਝਦੇ ਹਨ। ਲਾਭ : ਜੇ ਤੁਹਾਡੀ ਅੰਗੂਠੀ ਕਿਸੇ ਅਸਾਧਾਰਨ ਡਿਜ਼ਾਈਨ 'ਚ ਹੈ ਤਾਂ ਇਸ ਨੂੰ ਤੁਸੀਂ ਹੋਰ ਮੇਲ ਖਾਂਦੇ ਗਹਿਣਿਆਂ ਨਾਲ ਪਹਿਨ ਸਕਦੇ ਹੋ। ਹਾਨੀ : ਕਈ ਵਾਰ ਇਸ ਦੇ ਕਾਰਨ ਤੁਹਾਨੂੰ ਗੈਰ-ਜ਼ਰੂਰੀ ਪ੍ਰਸ਼ਨਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### ਜੰਕ ਰਿੰਗਸ


ਇਸ ਤਰ੍ਹਾਂ ਦੀਆਂ ਅੰਗੂਠੀਆਂ ਪਹਿਨਣ ਵਾਲੀਆਂ ਔਰਤਾਂ ਲਾਪਰਵਾਹ ਅਤੇ ਨਿਡਰ ਹੁੰਦੀਆਂ ਹਨ। ਇਸ ਤਰ੍ਹਾਂ ਦੀਆਂ ਅੰਗੂਠੀਆਂ 'ਚ ਰੰਗ-ਬਿਰੰਗੇ ਪੈਟ੍ਰਨਸ ਅਤੇ ਤਰ੍ਹਾਂ-ਤਰ੍ਹਾਂ ਦੇ ਆਕਾਰ 'ਚ ਬਣੀਆਂ ਸਟੀਲ, ਤਾਂਬੇ, ਕਾਂਸੇ, ਲੱਕੜੀ, ਪਲਾਸਟਿਕ ਆਦਿ ਦੀਆਂ ਅੰਗੂਠੀਆਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਲਾਭ : ਇਹ ਅੰਗੂਠੀਆਂ ਕਿਸੇ ਵੀ ਤਰ੍ਹਾਂ ਦੇ ਲਿਬਾਸਾਂ ਨਾਲ ਪਹਿਨੀਆਂ ਜਾ ਸਕਦੀਆਂ ਹਨ। ਕ੍ਰਿਏਟਿਵ ਫੀਲਡ 'ਚ ਕੰਮ ਕਰਨ ਵਾਲੇ ਇਨ੍ਹਾਂ ਨੂੰ ਪਹਿਨ ਕੇ ਆਪਣੀ ਰਚਨਾਤਮਕਤਾ ਪ੍ਰਦਰਸ਼ਿਤ ਕਰ ਸਕਦੇ ਹਨ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਤੁਸੀਂ ਹਟ ਕੇ ਸੋਚਣ ਵਾਲਿਆਂ 'ਚੋਂ ਇਕ ਹੋ। ਹਾਨੀ : ਬੈਂਕਿੰਗ ਜਾਂ ਫਾਈਨਾਂਸ ਵਰਗੇ ਗੰਭੀਰ ਖੇਤਰਾਂ 'ਚ ਕੰਮ ਕਰਨ ਵਾਲਿਆਂ ਲਈ ਆਪਣੀ ਪ੍ਰੋਫੈਸ਼ਨਲ ਇਮੇਜ ਨੂੰ ਕਾਇਮ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ।

### ਧਾਰਮਿਕ ਅੰਗੂਠੀਆਂ

ਇਸ ਤਰ੍ਹਾਂ ਦੀਆਂ ਅੰਗੂਠੀਆਂ ਪਹਿਨਣ ਵਾਲੇ ਅੰਧਵਿਸ਼ਵਾਸੀ ਹੁੰਦੇ ਹਨ। ਚਾਹੇ ਤੁਸੀਂ ਇਸ ਨੂੰ ਆਪਣੀ ਸ਼ਰਧਾ ਅਨੁਸਾਰ ਪਹਿਨਿਆ ਹੈ ਪਰ ਇਸ ਨੂੰ ਆਪਣੀ ਕੰਮ ਵਾਲੀ ਥਾਂ 'ਤੇ ਪ੍ਰਦਰਸ਼ਿਤ ਕਰਨ ਤੋਂ ਗੁਰੇਜ ਕਰੋ। ਈਸ਼ਵਰ ਦੇ ਚਿੱਤਰਾਂ ਵਾਲੀਆਂ ਅੰਗੂਠੀਆਂ ਨੂੰ ਸਿਰਫ਼ ਸ਼ਰਧਾ ਅਨੁਸਾਰ ਹੀ ਪਹਿਨੋ, ਨਾ ਕਿ ਸਟਾਈਲ ਸਟੇਟਮੈਂਟ ਦੇ ਤੌਰ 'ਤੇ। ਲਾਭ : ਹੋ ਸਕਦਾ ਹੈ ਕਿ ਤੁਸੀਂ ਆਪਣੇ ਧਾਰਮਿਕ ਸੁਭਾਅ ਕਾਰਨ ਕਿਸੇ ਨੂੰ ਪ੍ਰਭਾਵਿਤ ਕਰਨ 'ਚ ਕਾਮਯਾਬ ਹੋ ਜਾਓ। ਹਾਨੀ : ਤੁਹਾਡੇ ਸਹਿ-ਕਰਮਚਾਰੀ ਇਨ੍ਹਾਂ ਨੂੰ ਲੈ ਕੇ ਤੁਹਾਡਾ ਮਜ਼ਾਕ ਉਡਾ ਸਕਦੇ ਹਨ।

### ਪਲਾਸਟਿਕ ਜਾਂ ਸਿਲੀਕਾਨ ਅੰਗੂਠੀਆਂ

ਤੁਸੀਂ ਲੋਕਾਂ ਦਾ ਧਿਆਨ ਆਕਰਸ਼ਿਤ ਕਰਨ ਦੇ ਚਾਹਵਾਨਾਂ 'ਚੋਂ ਇਕ ਹੋ। ਤੁਹਾਡੀਆਂ ਅੰਗੂਠੀਆਂ ਦੇ ਭੜਕੀਲੇ ਰੰਗਾਂ, ਅਜੀਬ ਆਕਾਰਾਂ ਆਦਿ ਬਾਰੇ ਤੁਹਾਡੇ ਸਹਿਯੋਗੀ ਜ਼ਰੂਰ ਕੁਝ ਨਾ ਕੁਝ ਕਹਿਣਾ ਚਾਹੁਣਗੇ। ਭਾਵੇਂ ਅਜਿਹੀਆਂ ਕੁਝ ਅੰਗੂਠੀਆਂ ਚੰਗੀਆਂ ਲੱਗਦੀਆਂ ਹਨ ਪਰ ਇਨ੍ਹਾਂ ਨੂੰ ਪਿਕਨਿਕ ਵਰਗੇ ਮੌਕਿਆਂ ਲਈ ਬਚਾ ਕੇ ਰੱਖਣਾ ਚੰਗਾ ਹੋਵੇਗਾ। ਲਾਭ : ਤੁਸੀਂ ਆਸਾਨੀ ਨਾਲ ਮਸਤ ਰਹਿਣ ਵਾਲੇ ਨੌਜਵਾਨਾਂ 'ਚ ਘੁਲ-ਮਿਲ ਸਕਦੇ ਹੋ। ਹਾਨੀ : ਜੇ ਰੰਗ ਅਤੇ ਸਜਾਵਟ ਚੰਗੀ ਨਾ ਹੋਵੇ ਤਾਂ ਇਹ ਕਾਫੀ ਘਟੀਆ ਲੱਗਦੀ ਹੈ।



# ਧੀ ਪੁੱਤ 'ਚ ਵਿਤਕਰਾ ਕਿਉਂ !

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਵੱਖ-ਵੱਖ ਯੁੱਗਾਂ ਵਿਚ ਵਿਕਸਤ ਹੋਣ ਵਾਲੀ ਗੌਰਵਸ਼ਾਲੀ ਵਿਸ਼ਵ ਸੱਭਿਅਤਾ ਦੇ ਨਿਰਮਾਣ ਅਤੇ ਵਿਕਾਸ ਦਾ ਸਿਹਰਾ ਔਰਤ ਨੂੰ ਜਾਂਦਾ ਹੈ। ਕਿਸੇ ਵੀ ਰਾਸ਼ਟਰ ਦੇ ਨਿਰਮਾਣ ਵਿਚ ਅਤੇ ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਵਿਕਾਸ ਵਿਚ ਔਰਤ ਦੇ ਕੰਮ ਅਤੇ ਗੁਣਾਤਮਕ ਸਰੂਪ ਦਾ ਮਹੱਤਵਪੂਰਨ ਯੋਗਦਾਨ ਹੈ। ਭਾਵੇਂ ਗੁਰੂ ਸਾਹਿਬਾਨ ਨੇ ਸਤੀ ਪ੍ਰਥਾ, ਬਾਲ ਵਿਆਹ ਤੇ ਪਰਦਾ ਪ੍ਰਥਾ ਦਾ ਵਿਰੋਧ ਕੀਤਾ ਪਰ ਰੂੜੀਵਾਦੀ ਸੋਚ ਅੱਜ ਵੀ ਬਾਲੜੀ ਸੰਤਾਨ ਨੂੰ ਗੌਰਵਮਈ ਭਾਵਨਾ ਨਾਲ ਲੈਣ ਦੀ ਥਾਂ ਤ੍ਰਿਸਕਾਰਦੀ ਹੈ। ਜਿਉਂ-ਜਿਉਂ ਸੱਭਿਅਤਾ ਤਰੱਕੀ ਕਰ ਰਹੀ ਹੈ, ਮਨੁੱਖੀ ਚਰਿੱਤਰ ਤੇ ਸੱਭਿਆਚਾਰ ਵਿਚ ਗਿਰਾਵਟ ਆ ਰਹੀ ਹੈ। ਅੱਜ ਅਸੀਂ ਆਪਣੀਆਂ ਧੀਆਂ ਨੂੰ ਕੁੱਖ 'ਚ ਕਤਲ ਕਰ ਰਹੇ ਹਾਂ ਅਤੇ ਡਾਕਟਰੀ ਪੇਸ਼ੇ ਨਾਲ ਜੁੜੇ ਕੁਝ ਲੋਕਾਂ ਨੇ ਲੜਕੀਆਂ ਦੀਆਂ ਕਤਲਗਾਹਾਂ ਬੜੇ ਫਖਰ ਨਾਲ ਸਥਾਪਤ ਕੀਤੀਆਂ ਹੋਈਆਂ ਹਨ। ਸਰਕਾਰੀ ਰੋਕ ਦੇ ਬਾਵਜੂਦ ਇਸ ਸੰਬੰਧ ਵਿਚ ਹੁਣ ਤਕ ਬਹੁਤ ਘੱਟ ਮੁਕੱਦਮੇ ਹੀ ਦਰਜ ਹੋਏ ਹਨ। ਕੁੜੀਆਂ ਦੀ ਆਬਾਦੀ ਘਟਾਉਣ ਵਿਚ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਪਹਿਲੇ ਨੰਬਰ 'ਤੇ ਹਨ ਤੇ ਦੂਜੇ ਨੰਬਰ 'ਤੇ ਹਨ ਗੁਜਰਾਤ ਤੇ ਮਹਾਰਾਸ਼ਟਰ। ਲੋਕ ਕੇਵਲ ਇਸ ਲਈ ਹੀ ਆਪਣੀ ਧੀ ਨੂੰ ਜਨਮ ਨਹੀਂ ਦੇਣਾ ਚਾਹੁੰਦੇ ਕਿ ਉਨ੍ਹਾਂ ਨੂੰ ਮੁੰਡੇ ਦੀ ਜ਼ਰੂਰਤ ਹੈ ਸਗੋਂ ਇਸ ਲਈ ਕਿ ਉਸ ਦੇ ਜਨਮ ਤੋਂ ਲੈ ਕੇ ਉਸ ਦੀ ਪਰਵਰਿਸ਼, ਸਿੱਖਿਆ, ਨੌਕਰੀ ਅਤੇ ਵਿਆਹ ਵਰਗੇ ਹਰ ਕੰਮ ਵਿਚ ਨਿੱਤ ਨਵੀਆਂ ਮੁਸ਼ਕਲਾਂ ਆਉਂਦੀਆਂ ਹਨ। ਅਸੀਂ ਅੱਜ ਵੀ ਇਹੀ ਕਹਿੰਦੇ ਹਾਂ ਕਿ 'ਪੁੱਤੀ ਗੰਢ ਪਵੇ ਸੰਸਾਰ' ਇਹ ਕਦੇ ਨਹੀਂ ਅਤੇ ਕਿਉਂ ਨਹੀਂ ਕਹਿੰਦੇ ਕਿ ਔਰਤ ਬਿਨਾਂ ਤਾਂ ਪਰਿਵਾਰ ਤੇ ਸਮਾਜ ਦੀ ਕਲਪਨਾ ਕਰਨੀ ਵੀ ਮੁਸ਼ਕਲ ਹੈ। ਇਹ ਔਰਤ ਹੀ ਹੈ ਜੋ ਪਹਿਲਾਂ ਬੇਟੀ ਫਿਰ ਨੂੰਹ, ਮਾਂ ਅਤੇ ਸੱਸ ਆਦਿ ਦੇ ਰੂਪ ਵਿਚ ਸਮਾਜ ਵਿਚ ਕਈ ਕਿਰਦਾਰ ਨਿਭਾਉਂਦੀ ਹੈ। ਇਸ ਲਈ ਧੀਆਂ ਤੋਂ ਬਿਨਾਂ ਤਾਂ ਪਰਿਵਾਰ ਜਾਂ ਖਾਨਦਾਨ ਅੱਗੇ ਵਧ ਹੀ ਨਹੀਂ ਸਕਦੇ। ਸੁਆਮੀ ਦਇਆਨੰਦ ਸਰਸਵਤੀ ਤੇ ਮਹਾਤਮਾ ਗਾਂਧੀ ਵੀ ਭਾਰਤੀ ਮਹਿਲਾ ਸਮਾਜ ਦੀ ਤਰਸਯੋਗ ਹਾਲਤ ਤੋਂ ਕਾਫੀ ਚਿੰਤਤ ਸਨ ਅਤੇ ਦੇਸ਼ ਦੇ ਸਰਵਪੱਖੀ ਵਿਕਾਸ ਲਈ ਮਹਿਲਾਵਾਂ ਦੀ ਸਥਿਤੀ ਵਿਚ ਸੁਧਾਰ ਨੂੰ ਸਮਾਜ ਵਿਚ ਜ਼ਰੂਰੀ ਸਮਝਦੇ ਸਨ। ਇਨ੍ਹਾਂ ਦੋਹਾਂ ਮਹਾਨ ਸ਼ਖ਼ਸੀਅਤਾਂ ਨੇ ਨਾਰੀ ਦੀ ਸਥਿਤੀ ਦੇ ਸੁਧਾਰ ਲਈ ਮਹੱਤਵਪੂਰਨ ਸੁਧਾਰ ਕੀਤੇ, ਹਾਲਾਂਕਿ ਸਮਾਜ ਦੀ ਮਾਨਸਿਕਤਾ ਵਿਚ ਕਾਫੀ ਪਰਿਵਰਤਨ ਆਇਆ ਹੈ ਪਰ ਦੇਸ਼ ਦੇ ਪਛੜੇ ਖੇਤਰਾਂ ਤੇ ਘੱਟ ਗਿਣਤੀ ਭਾਈਚਾਰੇ ਦੇ ਇਕ ਵੱਡੇ ਹਿੱਸੇ ਦੀ ਮਾਨਸਿਕਤਾ ਵਰਤਮਾਨ ਸਮੇਂ ਵਿਚ ਵੀ ਰੂੜੀਵਾਦੀ ਹੈ, ਜੋ ਮਹਿਲਾ ਵਰਗ ਦੀ ਸਥਿਤੀ ਨੂੰ ਸੁਧਾਰਨ ਵਿਚ ਇਕ ਵੱਡੀ ਰੁਕਾਵਟ ਹੈ। ਦੇਖਿਆ ਜਾਵੇ ਤਾਂ ਔਰਤਾਂ



ਨੇ ਸਮਾਨ ਸੰਵਿਧਾਨਿਕ ਅਧਿਕਾਰ ਤਾਂ ਪ੍ਰਾਪਤ ਕਰ ਲਏ ਹਨ ਪਰ ਦੇਸ਼ ਦੇ ਅਨੇਕਾਂ ਹਿੱਸਿਆਂ ਵਿਚ ਔਰਤਾਂ ਇਨ੍ਹਾਂ ਦਾ ਸਹੀ ਪ੍ਰਯੋਗ ਨਹੀਂ ਕਰ ਸਕੀਆਂ। ਭਾਰਤੀ ਸਮਾਜ ਵਿਚ ਮਹਿਲਾ ਸਿੱਖਿਆ ਨੂੰ ਗੈਰ-ਜ਼ਰੂਰੀ ਸਮਝਿਆ ਜਾਂਦਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਵਰਤਮਾਨ ਵਿਚ ਵੀ ਨਾਰੀ ਸਾਖਰਤਾ ਦੀ ਸਥਿਤੀ ਤਰਸਯੋਗ ਬਣੀ ਹੋਈ ਹੈ।

ਨਾਰੀ ਸਿੱਖਿਆ ਬਾਰੇ ਦੁਰਗਾ ਬਾਈ ਦੇਸ਼ਮੁੱਖ ਦਾ ਕਹਿਣਾ ਹੈ ਕਿ ਇਕ ਲੜਕੇ ਦੀ ਸਿੱਖਿਆ ਇਕ ਵਿਅਕਤੀ ਦੀ ਸਿੱਖਿਆ ਹੈ, ਜਦੋਂਕਿ ਇਕ ਲੜਕੀ ਦੀ ਸਿੱਖਿਆ ਪੂਰੇ ਪਰਿਵਾਰ ਦੀ ਸਿੱਖਿਆ ਹੈ। ਅਸੀਂ ਕੁੜੀਆਂ ਨੂੰ ਪਰਾਇਆ ਧਨ ਸਮਝਦੇ ਹਾਂ। ਮਾਪਿਆਂ ਦੇ ਘਰ ਹੁੰਦੀਆਂ ਧੀਆਂ ਨੂੰ ਸੁਣਨਾ ਪੈਂਦਾ ਹੈ ਕਿ ਸਹੁਰਾ ਘਰ ਤੇਰਾ ਆਪਣਾ ਹੈ ਪਰ ਜਦੋਂ ਉਥੇ ਜਾ ਕੇ ਆਪਣੀ ਹੋਂਦ ਬਣਾਉਣ ਲੱਗਦੀ ਹੈ ਤਾਂ ਬੇਗਾਨੀ ਦੀ ਉਪਾਧੀ ਮਿਲਦੀ ਹੈ। ਇਹ ਪਰਾਇਆ ਧਨ ਸੋਚਣ ਵਾਲੀ ਸਾਡੀ ਸੋਚਣੀ ਨਾਰੀ ਸਿੱਖਿਆ 'ਤੇ ਖ਼ਰਚ ਨੂੰ ਆਰਥਿਕ ਤੌਰ 'ਤੇ ਬੋਝ ਮੰਨਦੀ ਹੈ। ਭਾਵੇਂ ਔਰਤ ਦੀ ਸਥਿਤੀ 'ਚ ਕਾਫੀ ਸੁਧਾਰ ਆਇਆ ਹੈ ਤੇ ਔਰਤ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲ ਕੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੇ ਅਹੁਦੇ 'ਤੇ ਪਹੁੰਚ ਗਈ ਹੈ ਪਰ ਇਹ ਤਸਵੀਰ ਦਾ ਇਕ ਪਾਸਾ ਹੈ ਅਤੇ ਤਸਵੀਰ ਦਾ ਦੂਜਾ ਪਾਸਾ ਅੱਜ ਵੀ ਰੂੜੀਵਾਦੀ ਮਾਨਸਿਕਤਾ ਦਾ ਸ਼ਿਕਾਰ ਹੈ, ਜੋ ਲੜਕੀਆਂ ਦੀ ਸਿੱਖਿਆ ਦੇ ਰਾਹ 'ਚ ਰੁਕਾਵਟ ਹੈ। ਅੱਜ ਵੀ ਪਛੜੇ ਕਈ ਇਲਾਕਿਆਂ ਵਿਚ ਔਰਤ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਦਾਜ ਵਰਗੀ ਨਾਮੁਰਾਦ ਬੀਮਾਰੀ ਵੀ ਸਾਡੇ ਸਮਾਜ ਵਿਚ ਮੌਜੂਦ ਹੈ। ਦਾਜ ਦੇ ਲਾਲਚੀ ਲੋਕ ਦਾਜ ਤੇ ਪੈਸੇ ਦੀ ਭੁੱਖ ਪੂਰੀ ਨਾ ਹੋਣ ਕਾਰਨ ਔਰਤ ਨੂੰ ਜ਼ਿੰਦਾ ਹੀ ਸਾੜ ਦਿੰਦੇ ਹਨ। ਭਾਵੇਂ ਸਾਰੇ ਲੋਕ ਇਕੋ ਜਿਹੇ ਨਹੀਂ ਹਨ ਪਰ ਕੁਝ ਲਾਲਚੀ ਲੋਕ ਔਰਤ ਦਾ ਸਤਿਕਾਰ ਕਰਨਾ ਭੁੱਲ ਜਾਂਦੇ ਹਨ ਤੇ ਦਾਜ ਨੂੰ ਤਰਜੀਹ ਦਿੰਦੇ ਹਨ। ਗਰੀਬ ਮਾਂ ਬਾਪ ਦੀਆਂ ਬੇਟੀਆਂ ਨੂੰ ਤਾਹਨੇ ਤੇ ਕੁੱਟਮਾਰ ਸਹਿਣੀ ਪੈਂਦੀ ਹੈ। ਇਥੋਂ ਤੱਕ ਕਿ ਅੱਗ ਦੀ ਭੇਟ ਚੜ੍ਹ ਕੇ ਜ਼ਿੰਦਗੀ ਤੋਂ ਹੱਥ ਧੋਣੇ ਪੈਂਦੇ ਹਨ। ਜੇ ਅੱਜ ਦੀ ਔਰਤ ਪੜ੍ਹੀ-ਲਿਖੀ ਹੋਵੇਗੀ ਤਾਂ ਹੀ ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਸਕੇਗੀ ਤੇ ਭਾਰਤੀ ਸਮਾਜ ਨੂੰ ਨਵੀਂ ਦਿਸ਼ਾ ਦੇ ਸਕੇਗੀ ਕਿਉਂਕਿ ਜਿਸ ਸਮਾਜ ਵਿਚ ਧੀ ਨੂੰ ਉਚਿੱਤ ਸਥਾਨ, ਵਰਦਾਨ ਤੇ ਮਾਣ ਨਹੀਂ ਮਿਲਦਾ ਉਹ ਸਮਾਜ ਅਪਾਹਜ ਹੈ। ਇਸ ਅਪਾਹਜ ਸਮਾਜਿਕ ਸੋਚ ਨੂੰ ਬਦਲਣ ਲਈ ਸਚਿਆਰੂ ਕਰਮ ਹੀ ਨਹੀਂ ਸਗੋਂ ਅਜਿਹੀ ਪ੍ਰਤੀਬੱਧਤਾ ਦੀ ਲੋੜ ਹੈ ਜੋ ਸਮਾਜ ਨੂੰ ਮਾਨਵਵਾਦੀ ਤੇ ਉਦਾਰਚਿਤ ਬਣਾਵੇਗੀ। ਜੇਕਰ ਅਸੀਂ ਅੱਜ ਔਰਤਾਂ ਦੀ ਸਰੀਰਕ ਮਿਹਨਤ ਦੀ ਗੱਲ ਕਰੀਏ ਤਾਂ ਉਹ ਬੱਚਿਆਂ ਤੇ ਘਰ ਪਰਿਵਾਰ ਦੀ ਦੇਖਭਾਲ ਸ਼ੁਰੂ ਤੋਂ ਹੀ ਕਰ ਰਹੀਆਂ ਹਨ, ਇਸ ਵਿਚ ਉਨ੍ਹਾਂ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਇਸ ਤਰ੍ਹਾਂ ਦੇ ਖੇਤਰ ਜੋ ਸਿਰਫ ਪੁਰਸ਼ਾਂ ਲਈ ਹੀ ਬਣੇ ਸਨ ਜਿਵੇਂ ਆਰਮੀ, ਪਾਇਲਟ, ਪ੍ਰਸ਼ਾਸਨਿਕ ਸੇਵਾਵਾਂ ਆਦਿ ਉਨ੍ਹਾਂ ਵਿਚ ਵੀ ਉਹ ਮਰਦਾਂ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਕੰਮ ਕਰ ਰਹੀਆਂ ਹਨ। ਦੇਖਿਆ ਜਾਵੇ ਤਾਂ ਅੱਜ ਦੀ ਔਰਤ ਓਨੀ ਹੀ ਸਫਲ ਹੈ ਜਿੰਨਾ ਮਰਦ ਪਰ ਅੱਜ ਲੋੜ ਹੈ ਧੀ ਪੁੱਤ ਦੇ ਵਿਤਕਰੇ ਤੋਂ ਸਮਾਜ ਨੂੰ ਮੁਕਤ ਕਰਨ ਦੀ ਕਿਉਂਕਿ ਧੀ ਬੋਝ ਨਹੀਂ, ਧੀ ਤਾਂ ਈਮਾਨ ਹੈ, ਧਰਮ ਹੈ, ਮਾਨਵਤਾ ਹੈ। ਸਮੁੱਚੀ ਮਾਨਵਤਾ ਧੀ ਸੰਤਾਨ ਦੀ ਕੁੱਖ ਦੀ ਉਪਜ ਹੈ। ਸੋ ਅੱਜ ਲੋੜ ਹੈ ਸਮਾਜ ਵਿਚ ਕੰਨਿਆ ਭਰੂਣ ਹੱਤਿਆ, ਦਾਜ ਵਰਗੀ ਲਾਹਨਤ ਨੂੰ ਖਤਮ ਕਰਨ ਦੀ ਜੋ ਸਮਾਜ ਵਿਚ ਔਰਤ ਦੀ ਤਰਸਯੋਗ ਹਾਲਤ ਲਈ ਜ਼ਿੰਮੇਵਾਰ ਹਨ। ਅਜਿਹੀਆਂ ਫਿਲਮਾਂ ਵਿਖਾਈਆਂ ਜਾਣ ਜੋ ਔਰਤ ਦਾ ਸਤਿਕਾਰ ਕਰਨ ਦੀ ਆਗਿਆ ਦੇਣ। ਇਸ ਲਈ ਸਾਨੂੰ ਆਪਣੇ ਸਮਾਜ ਨੂੰ ਬਦਲਣਾ ਹੋਵੇਗਾ ਅਤੇ ਸਰਕਾਰੀ ਯਤਨਾਂ ਦੇ ਨਾਲ-ਨਾਲ ਇਸ ਅੰਦੋਲਨ ਵਿਚ ਸਿੱਖਿਅਤ ਮਹਿਲਾਵਾਂ, ਸਮਾਜ ਸੇਵੀ ਸੰਸਥਾਵਾਂ ਤੇ ਲੋਕ ਪ੍ਰਤੀਨਿਧੀ ਠੀਕ ਤਰੀਕੇ ਨਾਲ ਆਪਣਾ ਬਣਦਾ ਰੋਲ ਅਦਾ ਕਰਨ ਤਾਂ ਹੀ ਔਰਤ ਨੂੰ ਸਮਾਜ ਵਿਚ ਬਣਦਾ ਸਤਿਕਾਰ ਮਿਲ ਸਕਦਾ ਹੈ ਅਤੇ ਸਮਾਜਿਕ ਪਰਿਵਰਤਨ ਹੋ ਸਕਦਾ ਹੈ।

-ਪਰਮਜੀਤ ਕੌਰ

# ਮਲਾਈ ਕੋਫਤਾ



ਕੋਫਤੇ ਦੀ ਸਮੱਗਰੀ : ਅੱਧਾ-ਅੱਧਾ ਕੱਪ ਸਬਜ਼ੀਆਂ, ਫੁੱਲ ਗੋਭੀ, ਪੱਤਾ ਗੋਭੀ, ਸ਼ਿਮਲਾ ਮਿਰਚ ਅਤੇ ਗਾਜਰ, ਇਕ ਛੋਟਾ ਜਿਹਾ ਪਿਆਜ (ਸਾਰਿਆਂ ਨੂੰ ਛੋਟੇ-ਛੋਟੇ ਟੁੱਕੜਿਆਂ 'ਚ ਕੱਟ ਕੇ ਉਬਾਲ ਲਓ, ਜ਼ਿਆਦਾ ਨਾ ਪਕਾਓ), 2 ਟੀਸਪੂਨ ਮਲਾਈ, 2 ਟੇਬਲਸਪੂਨ ਵੇਸਨ, ਚੁਟਕੀਭਰ ਬੇਕਿੰਗ ਪਾਊਡਰ, ਇਕ-ਇਕ ਟੀਸਪੂਨ ਗਰਮ ਮਸਾਲਾ, ਲਾਲ ਮਿਰਚ ਪਾਊਡਰ, ਹਲਦੀ ਪਾਊਡਰ ਅਤੇ ਅਦਰਕ-ਲਸਨ ਦਾ ਪੇਸਟ।

ਕੋਫਤਾ ਬਣਾਉਣ ਦੀ ਵਿਧੀ : ਸਬਜ਼ੀਆਂ ਨੂੰ ਹਲਕਾ ਜਿਹਾ ਮੈਸ਼ ਕਰ ਲਓ। ਇਸ ਵਿਚ ਬਾਕੀ ਸਾਰੀਆਂ ਸਮੱਗਰੀਆਂ ਮਿਲਾ ਕੇ ਛੋਟੇ-ਛੋਟੇ ਗੋਲੇ ਬਣਾ ਕੇ ਪਹਿਲਾਂ ਉਨ੍ਹਾਂ ਨੂੰ ਭਾਫ 'ਤੇ ਪਕਾਓ। ਫਿਰ ਸੁਨਹਿਰਾ ਹੋਣ ਤਕ ਤਲ ਲਓ।

ਗ੍ਰੇਵੀ ਦੇ ਲਈ ਸਮੱਗਰੀ : ਇਕ ਵੱਡਾ ਪਿਆਜ, ਇਕ ਕੱਪ ਦਹੀ, ਇਕ ਕੱਪ ਮਲਾਈ, ਇਕ ਟੇਬਲਸਪੂਨ ਅਦਰਕ-ਲਸਣ ਦਾ ਪੇਸਟ, 2 ਹਰੀਆਂ ਮਿਰਚਾਂ, 1 ਟੀਸਪੂਨ ਜੀਰਾ, 8-10 ਕਰੀਪੱਤੇ, 1 ਟੀਸਪੂਨ ਲਾਲ ਮਿਰਚ ਪਾਊਡਰ, 1 ਟੀਸਪੂਨ ਹਲਦੀ, 2 ਟੀਸਪੂਨ ਧਨੀਆ ਪਾਊਡਰ, 1 ਟੀਸਪੂਨ ਗਰਮ ਮਸਾਲਾ, 2 ਟੇਬਲਸਪੂਨ ਹਰਾ ਧਨੀਆ, 2-3 ਟੇਬਲਸਪੂਨ ਤੇਲ।

ਗ੍ਰੇਵੀ ਬਣਾਉਣ ਦੀ ਵਿਧੀ : ਪਿਆਜ, ਹਰੀ ਮਿਰਚ, ਹਰਾ ਧਨੀਆ, ਮਲਾਈ ਅਤੇ ਦਹੀ ਨੂੰ ਮਿਲਾ ਕੇ ਪੇਸਟ ਬਣਾ ਲਓ। ਪੈਨ ਵਿਚ ਤੇਲ ਗਰਮ ਕਰੋ। ਜੀਰਾ ਅਤੇ ਕਰੀ ਪੱਤੇ ਪਾਓ। ਉਪਰੋਕਤ ਪੇਸਟ, ਅਦਰਕ-ਲਸਣ ਦਾ ਪੇਸਟ ਅਤੇ ਸਾਰੇ ਮਸਾਲੇ ਪਾ ਕੇ ਭੁੰਨ ਲਓ। ਤਿੰਨ ਕੱਪ ਪਾਣੀ ਪਾ ਕੇ ਗ੍ਰੇਵੀ ਨੂੰ ਉਬਾਲੋ। ਕੋਫਤੇ ਮਿਲਾਓ ਅਤੇ ਇਕ ਉਬਾਲਾ ਆਉਣ 'ਤੇ ਮਲਾਈ ਅਤੇ ਹਰੇ ਧਨੀਏ ਨਾਲ ਸਜਾ ਕੇ ਸਰਵ ਕਰੋ।

# PREET FABRICS & APPLIANCE



**Your One-Stop Center for both Fabrics & Appliances**

**5156 MOWRY AVE. FREMONT, CA 94538**

**Tel : 510-797-7111 Fax :510-739-6350**

(FOR MORE INFO. CALL OMKAR)

*Featuring A Collections of Fine Clothes & Sarees, Artificial Jewelry & Gifts*

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਸੀਂ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਨਵੀਂ ਸ਼ਿਪਮੈਂਟ ਹੁਣੇ ਪਹੁੰਚੀ ਹੈ। ਕਲਗੀ ਸਿਹਰਾ, ਚੂੜਾਂ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



## APPLIANCES

*We Carry all major brands!!*

**SONY, SANY, JVC, PANASONIC, LUGGAGE CROSS, PARKER PENS, OSTER BLENDERS**

*We have largest selection of 110-220 Volt Appliances!*

- Tvs, VCRs, DVD
- Tape Recorders
- Camcorders
- DVD Players
- Cordless Phones
- Pens, Sunglasses
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards

ਆਲ ਇੰਡੀਆ ਕਾਲ ਕਰੋ 3.3/ਸੈਂਟ ਪ੍ਰਤੀ ਮਿੰਟ *$100 ਵਿਚ 51 ਘੰਟੇ ਇੰਡੀਆ ਗੱਲਾਂ ਕਰੋ

ਅਮਰੀਕਾ ਤੋਂ ਇੰਡੀਆ ਫੋਨ ਕਰਨ ਵਾਸਤੇ ਅਮਨ ਟੈਲ ਦੀ (ਬੰਪਰ ਆਫਰ)

# AMANTEL.COM

ਹੁਣ ਸਿਰਫ $ 100 ਵਿਚ 51 ਘੰਟੇ (3060 ਮਿੰਟ) ਇੰਡੀਆ ਗੱਲਾਂ ਕਰੋ

- ਹੁਣ ਫੋਨ-ਕਾਰਡ ਅਤੇ ਦੂਸਰੀਆਂ ਮਹਿੰਗੀਆਂ ਕੰਪਨੀਆਂ ਨਾਲ ਫਸ ਕੇ ਹੋਰ ਡਾਲਰ ਨਾ ਗਵਾਓ।
- ਜਿੰਨੀ ਦੇਰ ਗੱਲਾਂ ਕਰੋਗੇ, ਉਨੇ ਹੀ ਮਿੰਟ ਕੱਟੇ ਜਾਣਗੇ।
- ਕੋਈ ਵਾਧੂ ਚਾਰਜ ਨਹੀਂ ਹੈ, ਸਭ ਤੋਂ ਸਾਫ-ਸੁਥਰੀ ਸੁਪਰ ਪ੍ਰੀਮੀਅਮ ਸਰਵਿਸ ਹੈ।
- ਆਪਣੇ ਫੋਨ ਤੋਂ, ਸੈਲ ਫੋਨ ਤੋਂ, ਘਰੋਂ, ਬਿਜ਼ਨਿਸ ਤੋਂ ਬਿਨ੍ਹਾਂ ਪਿਨ ਤੋਂ ਗੱਲ ਕਰ ਸਕਦੇ ਹੋ।
- ਇਕ ਵਾਰ ਮੈਂਬਰ ਬਣਨ 'ਤੇ ਤੁਸੀਂ ਆਪ ਹੀ ਅਕਾਊਂਟ ਰੀਚਾਰਜ ਕਰ ਸਕਦੇ ਹੋ।
- 100% Money-Back Guarantee on Quality.
- Same Rate 7 ਦਿਨ 24 ਘੰਟੇ।



ਨਵੇਂ ਸਾਲ ਦੀ ਖੁਸ਼ੀ ਵਿਚ ਬੰਪਰ ਆਫਰ

ਇੰਡੀਆ ਨੂੰ 3.3 ਸੈਂਟ ਪ੍ਰਤੀ ਮਿੰਟ ਰੇਟ ਨਾਲ ਗੱਲਾਂ ਕਰੋ
ਕੈਨੇਡਾ, ਯੂਕੇ, ਯੂ.ਐਸ.ਏ. ਕਾਲ ਕਰੋ 1.9 ਸੈਂਟ

Customer Service available 24 hours a day / 7days a week

> ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
> ਕਾਲ ਤੋਂ ਪਹਿਲਾ ਅਮਨਟੈਲ ਵੱਲੋਂ ਬੋਲਕੇ ਮਿੰਟ ਦੱਸੇ ਜਾਂਦੇ ਹਨ

ਘਰ, ਸਟੋਰ, ਗੈਸ ਸਟੇਸ਼ਨ, ਟਰੱਕ ਕੰਪਨੀਆਂ, ਕੈਬ ਵਾਲੇ ਵੀਰ
ਆਪਣੀ ਭਾਸ਼ਾ ਵਿਚ ਹੋਰ ਜਾਣਕਾਰੀ ਲੈਣ ਵਾਸਤੇ Toll-Free No. ਤੇ ਕਾਲ ਕਰੋ
1-732-983-4332/ 4333, 1-800-717-1510
For Detail, Call Us or Log On to www.amantel.com

Designed by: HamdardWeekly

ਆਲ ਇੰਡੀਆ ਕਾਲ ਕਰੋ 3.3/ਸੈਂਟ ਪ੍ਰਤੀ ਮਿੰਟ *$100 ਵਿਚ 51 ਘੰਟੇ ਇੰਡੀਆ ਗੱਲਾਂ ਕਰੋ







RE/MAX®
TRI-VALLEY
Call : Pauli Singh
FOR BUYING ,SELLING OR REFINANCING! FREE NOTARY
Cell : (510) 677-2449
REALTOR® MULTIPLE LISTING SERVICE MLS
Specialize : ਕਮਰਸ਼ੀਅਲ, ਰੈਜੀਡੈਨਸ਼ੀਅਲ SBA Loan
Each office is Independently owned and Operated
paulisingh@sbcglobal.net
Direct : (510) 431-5199, Fax : (510) 293-9622
30545 Union City Boulevard Union City, CA 94587



# Devinder S Shoker, D.D.S

*Children And Adult Dentistry*
www.shokerdental.com





FOR YOUR CONVENIENCE, WE HAVE MANY SPECIALISTS ON SITE
⇒ Orthodontics (Braces) & Invisalign
⇒ Root Canal (All Teeth)
⇒ Gum Surgery (Stop Bad Breath & Bleeding)
⇒ Oral Surgery (Wisdom Teeth Extraction)

SPECIALS
- Discount for Cash patients and senior citizens
- Denti-Cal welcome
- Veneers
- Dentures (Complete/partial)
- Evening/weekend appointment
- Free consultation

Please Call Our Office To Schedule An Appointment:
(408) 945-0411

New Off.:1295 S. Park Victoria Dr. Milpitas CA 95035 Tel. (408) 945-0411
3890 Mowry Ave, Suite 201 Fremont, CA 94538 (Above Kinko's in Fremont Plaza) • (510) 713-7333



# Thandi Insurance Brokerage

License #OBO9151

GLOBAL HAWK INSURANCE CO.
ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ

TRUCK INSURANCE SPECIALIST
Auto Liability, Physical damage, motor truck cargo, general liability and worker's comp.



COVERAGE FOR :
Long and Local haul owner operators, dump trucks, sand/gravel, seasonal vegetable, delivery, catering and ice cream trucks, DUI, new Young drivers accepted

QUICK FILING :
Personal auto, medical and homeowners insurance.

BUSINESS POLICY
Gas Stations, repair shops, mini marts, stores, restaurants, and warehouse.

For a Free Insurance Quote Please Call :
Ph. : 1-800-917-2639

ਹੁਣ ਨਵੀਂ ਲੋਕੇਸ਼ਨ 'ਤੇ
3090 Independence Dr. Suite 246, Livermore CA 94551



# MOGA TRUCK SERVICE CENTER

OWNED AND OPERATED BY MOGA WHOLESALE




Best Quality Best Service
Michelin, Bridge Stone, Firestone Goodyear, Yokohama, Toyo, Hankook, BF Goodyear, Ohtsu, Summtomo
Ph. (559) 486-6000
Ph. (559) 486-8686

All Tires are Available at Wholesale Best Price



TRUCK TIRES
WHOLESALE TIRE DEPOT-OPEN TO PUBLIC
Open 6 days a week
Monday-Friday 8.00 Am-10.00 Pm
Saturday 9.00 Am- 5.00 Pm.

Following Services are available on this location:
* Truck Alignment - Truck Tire Balance & Installation
* Oil, Lube & Filter
* Breaks- Drums & Seals for all Truck & Trailers Installed
* Truck wash will be available soon

* We can help you in emergency time

Come & Visit us at
3846 South Front Ave. FRESNO, CA 93725
Intersection (Golden State & Central Ave)